1933 ਤੋਂ

# ਪ੍ਰੀਤ ਲੜੀ

ਮਾਰਚ 1998

12 ਰੁਪਏ



## ਨਾਮਧਾਰੀ ਲਹਿਰ :

## ਮੈਨੂੰ ਇਸ ਬਾਰੇ ਸਕੂਲ ਵਿਚ ਕਿਉਂ ਨਹੀਂ ਪੜ੍ਹਾਇਆ ਗਿਆ?

ਗੁਰਬਖ਼ਸ਼ ਸਿੰਘ ਪ੍ਰੀਤਲੜੀ

Sri Satguru Jagjit Singh Ji Elibrary NamdhariElibrary@gmail.com



*Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

## To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com



(ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸੂਬਿਆਂ ਨਾਲ)



(ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅੰਤਰਜਾਤੀ ਅਤੇ ਦਾਜ ਰਹਿਤ ਆਨੰਦ ਕਾਰਜ ਦੀ ਪ੍ਰਥਾ ਸ਼ੁਰੂ ਕਰਨ ਸਮੇਂ)

Sri Satguru Jagjit Singh Ji Elibrary NamdhariElibrary@gmail.com

# ਪ੍ਰੀਤ ਲੜੀ

1933 ਤੋਂ


**ਮਾਰਚ 1998**

ਸਾਲ - 65ਵਾਂ

ਅੰਕ - 3

ਮੁੱਲ: 12.00 ਰੁਪਏ

ਸਲਾਨਾ ਚੰਦਾ: 125.00 ਰੁਪਏ

ਜੀਵਨ ਸਾਥ : 1500.00 ਰੁਪਏ

**ਬਾਨੀ:**

ਗੁਰਬਖ਼ਸ਼ ਸਿੰਘ

ਨਵਤੇਜ ਸਿੰਘ

*ਪ੍ਰੀਤਲੜੀ ਨੌਜਵਾਨ ਸੰਪਾਦਕ ਸੁਮੀਤ ਸਿੰਘ ਦੀ ਯਾਦ ਵਿਚ ਜ਼ਿੰਦਾ ਹੈ।*

ਸੰਪਾਦਕਾ : ਪੂਨਮ ਸਿੰਘ

ਪ੍ਰਬੰਧਕ : ਰਤੀ ਕੰਤ ਸਿੰਘ



**ਪਤਾ**

ਮੈਨੇਜਰ ਪ੍ਰੀਤ ਲੜੀ:

ਪ੍ਰੀਤ ਨਗਰ- 143110

(ਅੰਮ੍ਰਿਤਸਰ)

☎(01858) 44759

**ਚੰਡੀਗੜ੍ਹ ਦਫ਼ਤਰ ਦਾ ਪਤਾ**

ਮਾਰਫ਼ਤ SOSVA, ਕਰੁਣਾ ਸਦਨ,

ਸੈਕਟਰ-11, ਚੰਡੀਗੜ੍ਹ-160011

☎ ਘਰ, ਦਫ਼ਤਰ : (0172)743489

ਫ਼ੈਕਸ : (0172)549258



**TYPESETTING BY**
**PREET LARI GRAPHICS**
**CHANDIGARH.**

**M.O./ D.D.- "PREET LARI"**

ਪ੍ਰਦੇਸਾਂ ਲਈ

By Air 500/-

By Sea 180/-

ਪ੍ਰੀਤ ਲੜੀ ਡੀ. ਪੀ. ਆਈ. ਪੰਜਾਬ ਦੀ ਚਿੱਠੀ ਨੰਬਰ 302, 2/47-58 ਬੀ-1277 ਮਿਤੀ 8-3-77 ਰਾਹੀਂ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਅਤੇ ਲਾਇਬ੍ਰੇਰੀਆਂ ਲਈ ਪਰਵਾਨ ਹੈ। ਇਹ ਚੇਅਰਮੈਨ ਸੈਂਟਰਲ ਲਾਇਬ੍ਰੇਰੀ ਕਮੇਟੀ ਪੰਜਾਬ ਵਲੋਂ ਉਹਨਾਂ ਦੀ ਚਿੱਠੀ ਪੀ. ਆਰ. (ਲਾਇਬ.) 56-14994 ਮਿਤੀ 19-9-56 ਰਾਹੀਂ ਮਨਜ਼ੂਰ ਹੈ।


**ਪੂਰਨ ਸੁੰਦਰਤਾ ਦੀ ਭਾਲ ਵਿਚ ਪ੍ਰੀਤ ਲੜੀ**


ਸੰਪਾਦਕੀ — ਪੂਨਮ ਸਿੰਘ — 2

ਟਿੱਪਣੀਆਂ

ਸ਼ਹੀਦੇ ਆਜ਼ਮ ਭਗਤ ਸਿੰਘ — 4

ਨਹਿਰੂ, ਬੋਸ, ਖੁਸ਼ਵੰਤ ਸਿੰਘ, ਭਕਨਾ, ਕਪੂਰ ਸਿੰਘ — 7,8,9

ਅਮਰ ਸਿੰਘ ਦੁਸਾਂਝ, ਗਿਆਨੀ ਰਾਜਿੰਦਰ ਸਿੰਘ,
ਹ. ਸ. ਹੰਸਪਾਲ, ਡਾ. ਕਰਮ ਸਿੰਘ ਕਪੂਰ,
ਭਾਈ ਕਾਨ੍ਹ ਸਿੰਘ ਨਾਭਾ, ਹਰਕ੍ਰਿਸ਼ਨ ਸਿੰਘ ਸੁਰਜੀਤ,
ਗੁਰਚਰਨ ਸਿੰਘ ਟੌਹੜਾ, ਹਰਜਿੰਦਰ ਸਿੰਘ ਕੰਵਲ

ਗੁਰਬਖ਼ਸ਼ ਸਿੰਘ — 10

ਵੰਸਾਵਲੀ ਸਤਿਗੁਰੂ ਸਾਹਿਬਾਨ — 11

ਗੁਰੂ ਗੋਬਿੰਦ ਸਿੰਘ—ਨੰਦੇੜ ਕੌਤਕ ਤੇ ਬਾਦ ਵਿਚ — 12

ਸਤਿਗੁਰੂ ਰਾਮ ਸਿੰਘ ਜੀ — ਅਮਰ ਭਾਰਤੀ — 14

ਉਸ ਜ਼ਮਾਨੇ ਵਿਚ ਇਸਤ੍ਰੀਆਂ ਦੀ ਹਾਲਤ — ਪ੍ਰੀਤਮ ਸਿੰਘ ਕਵੀ — 17

ਸਤਿਗੁਰੂ ਪ੍ਰਤਾਪ ਸਿੰਘ

ਡਾ. ਸਵਿੰਦਰ ਸਿੰਘ ਉੱਪਲ, ਪ੍ਰਿੰ. ਤੇਜਾ ਸਿੰਘ ਨਾਲ — 22

ਨਾਮਧਾਰੀ ਸਿੱਖ ਪਰੰਪਰਾ ਸ਼ੁਰੂ ਤੋਂ ਹੁਣ ਤੱਕ — ਤਾਰਾ ਸਿੰਘ ਅਨਜਾਣ — 19

"ਅਕਾਲ ਪੁਰਖ ਦੀ ਕਿਰਪਾ ਨਾਲ ਅੰਗ੍ਰੇਜ਼ ਆਏ" ਇਕ ਮਤਾ — 31

ਸਤਿਗੁਰੂ ਜਗਜੀਤ ਸਿੰਘ—ਰੇਖਾ ਚਿੱਤਰ — ਅਮਰ ਭਾਰਤੀ — 23

ਆਮ ਸਿੱਖ ਅੰਗ੍ਰੇਜ਼ ਭਗਤ ਨਹੀਂ ਸਨ,
ਪਿਆਰਾ ਸਿੰਘ ਸਹਿਰਾਈ — 30

ਬੰਗਾਲੀ ਸੋਚ ਅਤੇ ਗੁਰਬਾਣੀ

ਉਪਦੇਸ਼ ਸਤਿਗੁਰੂ ਜਗਜੀਤ ਸਿੰਘ — 33

ਕੂਕੇ ਸੱਚੇ। ਕੂਕੇ ਸੱਚੇ।। —ਕੌਰੋਂ — 32

(ਵੰਡ ਵੇਲੇ ਦੀਆਂ ਗੱਲਾਂ) — ਮਾ. ਨਿਹਾਲ ਸਿੰਘ — 42

ਮੁਲਾਕਾਤ

ਭਗਤ ਸਿੰਘ ਦੇ ਛੋਟੇ ਭਰਾ ਨਾਲ — ਸੁਰਿੰਦਰ ਕੌਰ ਖਰਲ — 43

ਸ. ਬੇਅੰਤ ਸਿੰਘ — 56

ਸਾਬਕਾ ਮੁੱਖ ਮੰਤਰੀ ਨਾਲ — ਜਸਵਿੰਦਰ ਸਿੰਘ

ਤੇ ਢੋਲਕ ਵਜਦੀ ਰਹੀ — ਜਗਦੀਸ਼ ਸਿੰਘ "ਵਰਿਆਮ" — 44

ਕੁਝ ਹੋਰ ਗੱਲਾਂ ਅੱਜ ਦੀਆਂ — ਜਸਵਿੰਦਰ ਸਿੰਘ — 51

ਘੋੜਿਆਂ ਦੇ ਤਕੜੇ ਪ੍ਰੇਮੀ — ਪ੍ਰੀਤਮ ਭੁੱਲਰ — 49

ਰੁਬਾਈਆਂ — ਕੇਹਰ ਸਿੰਘ ਹਮਰਾਹੀ — 50

ਇਹ ਅੰਕ ਅਤੇ ਸਤਿਗੁਰੂ ਦੀ ਭੈਣੀ — ਪੂਨਮ ਸਿੰਘ — 53



*ADVT. CONCESSIONAIRES:Dharam Chand, ADCOM 701, Deep Shikha Rajendra Place, New Delhi. 5767014, 5760665*


ਮੁੱਖ ਸਫ਼ਾ : ਸਤਿਗੁਰੂ ਜਗਜੀਤ ਸਿੰਘ




Sri Satguru Jagjit Singh Ji Elibrary NamdhariElibrary@gmail.com

# ਸੰਪਾਦਕੀ

● ਆਜ਼ਾਦੀ ਮਿਲਣ ਦੀ 50ਵੀਂ ਵਰ੍ਹੇਗੰਢ ਵਿਚ, ਇਹ ਅੰਕ, ਲਾਸਾਨੀ ਅਤੇ ਮੋਢੀ ਆਜ਼ਾਦੀ ਸੰਗ੍ਰਾਮੀਏ,ਉਸ ਆਮ ਕਿਰਤੀ ਇਨਸਾਨ ਨੂੰ ਸਮਰਪਤ ਹੈ ਜਿਸ ਤਕੜੇ ਹੋ ਕੇ ਆਪਣੇ ਆਲੇ ਦੁਆਲੇ ਦੇ ਸਮਾਜ ਦਾ ਕਾਇਆ ਕਲਪ ਕਰ, ਵਿਰਸੇ ਨੂੰ ਧਿਆ ਕੇ, ਤਕੜੇ ਇਨਸਾਨਾਂ ਨੂੰ ਬਣਾਉਣ-ਤਰਾਸ਼ਣ ਦੀ ਕਿਰਤ ਕਮਾਈ ਅਤੇ ਇੰਞ ਵਿਦੇਸ਼ੀ ਹਕੂਮਤ ਨੂੰ, ਉਸਦੇ ਸਮਾਜਿਕ ਅਤੇ ਆਰਥਿਕ ਜੰਜਾਲ ਸਣੇ, ਲਾਹ ਮਾਰਨ ਦੀ ਕੋਸ਼ਿਸ਼ ਕੀਤੀ। ਉਸ ਕਲਜੁਗ ਵਿਚ ਸਤਿਜੁਗ ਵਰਤਾਉਣ ਦਾ ਪ੍ਰਣ ਲਿਆ,ਤਪੱਸਿਆ ਕੀਤੀ, ਸਚਮੁਚ ਇਕ ਲੀਕ ਵਾਹੀ ਅਤੇ ਫੇਰ ਆਜ਼ਾਦੀ ਸੰਗ੍ਰਾਮ ਹਿਤ ਉਹ ਲੀਕ ਉਲੰਘ ਲਈ–ਹਮੇਸ਼ਾ ਲਈ, ਇਕ ਪ੍ਰਣ ਨਾਲ। ਉਸ ਇਨਸਾਨ (ਸਤਿਗੁਰੂ) ਰਾਮ ਸਿੰਘ ਅਤੇ ਉਨ੍ਹਾਂ ਦੇ ਨਾਮਧਾਰੀ ਸਿੱਖਾਂ ਅਤੇ ਅਜੋਕੇ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਜਾਣਨ ਦੀ ਕੋਸ਼ਿਸ਼ ਹੈ ਇਹ ਅੰਕ।

● ਅੱਜ ਜਦ ਵਿਦੇਸ਼ੀ ਸਭਿਆਚਾਰ ਅਤੇ ਆਰਥਕ ਪਸਾਰਾ ਨਵੇਂ ਸਿਰਿਓਂ ਸਾਨੂੰ ਸਾਡੇ ਪੈਰਾਂ ਤੋਂ ਕੱਢਣ ਨੂੰ ਫਿਰਦਾ ਹੈ ਤਾਂ ਸ੍ਵੈ-ਭਰੋਸੇ, ਅਨੁਸ਼ਾਸਨ, ਆਪਣੀ ਮਰਯਾਦਾ ਤੋਂ ਅਸੀਂ ਕੀ ਸਬਕ ਕੱਢਣੇ ਹਨ? ਅਤੇ ਆਪਣੇ ਕਿਨ੍ਹਾਂ ਵੇਲਾ ਵਿਹਾਅ ਚੁੱਕੇ ਸਮਾਜਕ ਬੰਧਨਾਂ, ਸੋਚ-ਵਲਗਣਾਂ ਵਿਚੋਂ ਅਸੀਂ ਨਿਕਲਣਾ ਹੈ–ਤਾਂ ਜੋ ਤਰੱਕੀ ਅਤੇ ਤਕਨੌਲੋਜੀ ਦੀ ਆੜ ਵਿਚ ਸਾਨੂੰ ਸਾਡੇ ਤੋਂ ਹੀ ਨਾ ਕੋਈ ਚੁਰਾ ਲਵੇ–ਸਾਡੀ ਨੌਜਵਾਨ ਪੀੜ੍ਹੀ ਨੂੰ ਨਾ ਕੋਈ 'ਆਜ਼ਾਦ' ਅਤੇ 'ਸਭਿਅ' ਜੜ੍ਹੋਂ ਪੁੱਟ ਲਏ, ਅਤੇ ਨਾ ਹੀ 'ਮਰਯਾਦਾ' ਅਤੇ 'ਆਪਣੇ ਸਭਿਆਚਾਰ' ਦਾ ਨਾਂ ਲੈ ਕੋਈ ਫ਼ਿਰਕੂ ਦੈਂਤ?

● ਅੰਕ ਦੀ ਤਿਆਰੀ ਕਰਦਿਆਂ, ਜੋ ਨਾਮਧਾਰੀ ਕਰਮ ਧਰਮ ਉਤੇ ਇਕ ਝਾਤ ਹੈ, ਅਸੀਂ ਹੈਰਾਨ ਹੋਏ ਹਾਂ, ਨੇੜੇ ਹੀ ਜੀ-ਥੀ ਰਹੇ ਨਾਮਧਾਰੀਆਂ ਤੋਂ ਅਸੀਂ ਬੜਾ ਕੁਝ ਸਿੱਖ ਸਕਦੇ ਹਾਂ। ਕਈ ਤਰ੍ਹਾਂ। ਕਿਸੇ ਦੀ ਟਿੱਪਣੀ ਪੜ੍ਹਨ ਨੂੰ ਮਿਲੀ ਕਿ ਭੈਣੀ ਸਾਹਿਬ ਅਧਿਆਤਮਕ ਲੋਕਾਂ ਲਈ ਵੀ ਤੀਰਥ ਹੈ ਅਤੇ ਇਨਕਲਾਬੀਆਂ ਲਈ ਵੀ। ਸ਼ਹੀਦੇ ਆਜ਼ਮ ਭਗਤ ਸਿੰਘ ਅਤੇ ਉਨ੍ਹਾਂ ਤੋਂ ਪਹਿਲਾਂ ਬੱਬਰ ਅਕਾਲੀ ਲਹਿਰ ਉਤੇ ਕੀ ਅਸਰ ਨਾਮਧਾਰੀ ਸੋਚ ਦਾ ਪਿਆ, ਅੱਖਾਂ ਖੋਲ੍ਹਦਾ ਹੈ! ਮਹਾਤਮਾ ਗਾਂਧੀ ਉਤੇ ਵੱਡਾ ਅਸਰ! ਭਗਤ ਸਿੰਘ ਅਤੇ ਮਹਾਤਮਾ ਗਾਂਧੀ ਦੋਹਾਂ ਉਤੇ?!

● ਹਿੰਦੂਆਂ ਸਿੱਖਾਂ ਵਿਚ ਜੋ ਅਣਮਿਣਵੀਂ ਦੂਰੀ ਪਾਉਣ ਦਾ ਯਤਨ ਪਿਛਲੇ ਸਾਲਾਂ ਵਿਚ ਹੋਇਆ, ਉਸ ਨੂੰ ਨਾਮਧਾਰੀਆਂ ਦਾ ਵੇਦਾਂਤਾਂ ਨਾਲ ਸ਼ਰੇਆਮ ਸਵਿਕਾਰਿਆ ਰਿਸ਼ਤਾ ਝੁਠਲਾਉਂਦਾ ਹੈ। ਉਹ ਅਗਨੀ ਤੇ ਸ਼ਬਦ ਦੋਹਾਂ ਨੂੰ ਪੂਜਦੇ ਹਨ, ਨਾਲ ਹੀ ਦੇਹ ਧਾਰੀ ਸਤਿਗੁਰੂ ਹੋਣ ਦੀ ਜਿੰਮੇਵਾਰੀ ਵੀ ਉਨ੍ਹਾਂ ਲਈ ਹੋਈ ਹੈ। ਇਕ ਤਪਸਵੀ, ਆਪਣਾ ਨਿਜੀ ਜੀਵਨ ਸਾਡੇ ਲਈ ਤਿਆਗ, ਹਰ ਦਮ ਸਾਡੇ ਲਈ ਹੈ, ਮਰਯਾਦਾਵਾਂ ਪਾਲਦਾ, ਹਰ ਰੋਜ਼ ਦਿਨ ਚੜ੍ਹਨ ਤੋਂ ਪਹਿਲਾਂ ਹੀ ਸਿਰ ਪਿੰਡੇ ਨਾਂਵ੍ਹਦਾ, ਸਾਡੇ ਲਈ, ਤੇ ਮਰਯਾਦਾ ਲਈ। ਕਿਸੇ ਈਸਾ ਵਾਂਗ। ਰਾਗ ਅਤੇ ਗੁਰਮਤ ਬਾਣੀ ਦਾ ਮਾਹਰ ਹੈ ਉਹ ਤੇ "ਸਰਬ ਕਲਾ ਸੰਪੂਰਨ"। ਇਕ ਸਭਿਅ ਲਾਜਵਾਨ ਜੋ ਕੋਈ ਹੈ।

● ਪੰਜਾਬ ਦੇ ਕਾਲੇ ਦਿਨਾਂ ਬਾਦ, ਸ਼ਾਇਦ ਸਮਾਂ ਆ ਗਿਆ ਹੈ ਕਿ ਪੰਜਾਬ ਦੀਆਂ ਵੱਖ ਵੱਖ ਸੋਚਾਂ ਮਾਨਤਾਵਾਂ ਨੂੰ ਆਦਰ ਭਰਿਆ ਸਥਾਨ ਦੇ ਕੇ ਜਾਣਿਆ ਜਾਏ। ਪੰਜਾਬ ਦਾ 'ਬਹੁਤਾਪਣ' ਜਾਣਨਾ। (ਇਨ੍ਹਾਂ ਤੋਂ ਪਹਿਲੇ ਨਾਮਧਾਰੀ ਸਤਿਗੁਰੂ ਨੇ ਇਕ ਗੁਰੂ ਨਾਨਕ ਨਾਮਲੇਵਾ ਸਰਬ ਸੰਪ੍ਰਦਾ ਕਾਨਫ਼ਰੰਸ ਕਰਾਈ ਸੀ, ਜਿਸ ਵਿਚ ਇਹ ਫ਼ੈਸਲਾ ਹੋਇਆ ਸੀ ਕਿ ਇਕ ਦੂਜੇ ਦੇ ਵਿਸ਼ਵਾਸ ਦਾ ਆਦਰ ਕਰਦਿਆਂ, ਇਕ ਦੂਜੇ ਦੀ



Sri Satguru Jagjit Singh Ji Elibrary NamdhariElibrary@gmail.com

ਮੁਖਾਲਫ਼ਤ ਨਹੀਂ ਕੀਤੀ ਜਾਏਗੀ।)

● ਬਿਹਤਰ ਸ੍ਵੈ-ਕਾਬੂ ਵਾਲੇ ਇਨਸਾਨ ਬਿਹਤਰ ਤਬਦੀਲੀਆਂ ਲਿਆ ਸਕਦੇ ਹਨ। ਸ਼ਾਇਦ ਇਸੇ ਸੋਚ ਮੁਤਾਬਕ ਚੱਲ ਕੇ, ਨਾਮਧਾਰੀਆਂ ਦਾ ਮੁਖ ਮੰਤਵ ਅਧਿਆਤਮਕ ਰਿਹਾ ਹੈ ਪਰ ਪਿਛਲੇ 50 ਸਾਲਾਂ ਵਿਚ ਦੇਸ਼ ਦੀਆਂ ਸਾਰੀਆਂ ਇਨਕਲਾਬੀ ਯੁਗ-ਪਲਟਾਊ ਸੁਰਾਂ ਨਾਲ ਉਨ੍ਹਾਂ ਸੁਰ ਮਿਲਾਈ ਹੈ। ਵੰਡ ਵੇਲੇ ਇਨ੍ਹਾਂ ਸਿਰੇ ਦੇ ਸ਼ੁੱਧ ਆਸਤਿਕਾਂ, ਕਮਿਊਨਿਸਟਾਂ ਵਾਂਗ, ਅਫ਼ਿਰਕੂ ਨੇਕ ਨਾਮੀ ਖੱਟੀ। ਉਦੋਂ ਤੋਂ ਇਨ੍ਹਾਂ ਦੋ ਧਿਰਾਂ ਵਿਚ ਪਿਆਰ ਪੁੰਗਰਿਆ ਜੋ ਨਿਭ ਰਿਹਾ ਹੈ। ਕਾਂਗ੍ਰਸ ਨੂੰ ਦੇਸ਼ ਦੀ ਸਿਰਕੱਢ ਅੱਗੇ ਲਿਜਾਊ ਸਿਆਸੀ ਸ਼ਕਤੀ ਮੰਨ ਇਨ੍ਹਾਂ ਸ਼ੁਰੂ ਤੋਂ ਉਸ ਦਾ ਸਮਰਥਨ ਕੀਤੈ। ਸ਼ਾਇਦ ਇਨ੍ਹਾਂ ਦੀ ਹੀ ਪਰੰਪਰਾ ਦਾ ਮੰਚ ਇਕ ਅਜਿਹਾ ਹੈ ਜਿਸ ਉਤੇ ਅਕਾਲੀ, ਭਾਜਪਾ ਅਤੇ ਖੱਬੀ ਧਿਰ ਦੇ ਬੈਠਿਆਂ, ਕਾਂਗ੍ਰਸੀ ਬੇਅੰਤ ਸਿੰਘ ਦਾ ਵੀ ਗੁਣ ਗਾਇਆ ਜਾ ਸਕਦਾ ਹੈ।

● ਅੰਤਰਰਾਸ਼ਟਰੀ ਔਰਤ ਦਿਹਾੜੇ ਦੇ ਮਹੀਨੇ ਇਸ ਅੰਕ ਦਾ ਨਿਕਲਣਾ ਅਹਿਮ ਹੈ। ਪੰਜਾਬ ਦੀ ਨਹੀਂ, ਦੇਸ਼ ਦੀ ਪੱਧਰ 'ਤੇ ਔਰਤ ਦੀ ਹਾਲਤ ਦਾ ਸੁਧਾਰ ਇਨ੍ਹਾਂ ਕੀਤਾ। ਅਸੀਂ ਰਾਜਾ ਰਾਮ ਮੋਹਨ ਰਾਇ ਨੂੰ ਜਾਣਦੇ ਹਾਂ—ਰਾਮ ਸਿੰਘ (ਸਤਿਗੁਰੂ) ਨੂੰ ਕਿਉਂ ਨਹੀਂ? ਪੰਜਾਬ ਦੀ ਔਰਤ ਆਪਣੇ ਮੁਕਤੀਦਾਤਾ ਨੂੰ ਕਿਉਂ ਨਹੀਂ ਜਾਣਦੀ! ਪੰਜਾਬ ਦੀ ਔਰਤ-ਤਹਿਰੀਕ ਰਾਮ ਸਿੰਘ (ਸਤਿਗੁਰੂ) ਨੂੰ ਕਿਉਂ ਨਹੀਂ ਸਤਿਕਾਰਦੀ? ਸਿਰਫ਼ ਇਸ ਲਈ ਕਿ ਉਸ ਬਾਰੇ "ਸਰਕਾਰੀ ਚੁੱਪੀ" ਹੈ, ਕਿਸੇ ਨੂੰ ਖੁਸ਼ ਕਰਨ ਲਈ। ਪਰ ਇਸ "ਖੁਸ਼ ਕਰਨ" ਦੇ ਵੀ ਕੀ ਸਿੱਟੇ ਨਿਕਲੇ? ਅੱਜ ਪੰਜਾਬ ਸਰਕਾਰ ਨੇ 1 ਫ਼ਰਵਰੀ, (ਸਤਿਗੁਰੂ) ਰਾਮ ਸਿੰਘ ਦੇ ਜਨਮ ਦਿਹਾੜੇ ਨੂੰ ਇਕ ਛੁੱਟੀ ਮੰਨ ਲਿਆ ਹੈ। ਵਧਾਈ!

● ਨੌਜਵਾਨਾਂ ਲਈ ਨਾਮਧਾਰੀ ਆਦਰਸ਼ ਇਕ ਖਾਸ ਪ੍ਰੇਰਨਾ ਬਣ ਸਕਦਾ ਹੈ। ਸਾਦਾ ਵਿਆਹ, ਸਮੂਹ ਵਿਆਹ। ਬਿਨਾ ਦਾਜ ਦਹੇਜ, ਬਿਨਾ ਪਾਰਟੀ। ਸਭ ਵਿਆਹ ਮੇਲਿਆਂ ਵਿਚ। ਜੇ ਨਾਮਧਾਰੀ ਮਾਪੇ ਕਿਸੇ ਕਾਰਨ ਝਕਦੇ ਹੋਣ ਤਾਂ ਸਤਿਗੁਰੂ ਸਿੱਧਾ ਨੌਜਵਾਨਾਂ ਨੂੰ ਹੀ ਇੱਜ਼ਤ ਦੇ ਕੇ ਉਨ੍ਹਾਂ ਨੂੰ ਅਪੀਲ ਕਰਦੇ ਹਨ। ਇਸ ਤੋਂ ਇਲਾਵਾ ਅੰਤਰ ਜਾਤੀ ਵਿਆਹ (ਭਾਵੇਂ ਸੀਮਤ) ਵੀ ਕਰਨ ਨੂੰ ਕਹਿੰਦੇ ਹਨ। ਇਹ ਸਾਰੇ ਦੇਸ਼ ਲਈ ਆਦਰਸ਼ ਹੈ। ਸਮਾਜਕ ਜਥੇਬੰਦੀਆਂ ਨੂੰ ਇਹ ਇਨਕਲਾਬੀ ਵਿਰਸਾ ਅਪਨਾ ਲੈਣਾ ਚਾਹੀਦਾ ਹੈ।

● ਸੰਗੀਤ ਅਤੇ ਖੇਡਾਂ ਵਿਚ ਨਾਮਧਾਰੀਆਂ ਦਾ ਖਾਸ ਸਥਾਨ ਹੈ।

● ਸਮਾਜ ਦੇ ਅਗੇ ਅੱਗੇ ਚੱਲਣ ਵਾਲਾ ਇਹ ਵਿਰਸਾ ਕਿਸੇ ਗੱਲੋਂ ਪਿਛੇ ਤਾਂ ਨਹੀਂ ਰਹਿ ਰਿਹਾ? ਕਿਸੇ ਸਮਾਂ-ਟੁਕੜੀ ਵਿਚ ਤਾਂ ਨਹੀਂ ਫਸਿਆ? ਜਿਸ ਤਰ੍ਹਾਂ ਅੰਗ੍ਰੇਜ਼ੀ ਬੋਲੀ ਦੇ ਬਾਈਕਾਟ ਨੂੰ ਹਟਾ ਦਿੱਤਾ ਗਿਆ ਹੈ ਉਸ ਤਰ੍ਹਾਂ ਔਰਤਾਂ ਦੇ ਵਾਧੇ ਲਈ ਹੋਰ, ਆਦਿਵਾਸੀਆਂ ਦੇ ਵਾਧੇ ਲਈ ਹੋਰ ਉੱਦਮ ਅਹਿਮ ਹੋਣਗੇ ਜਿਸ ਸਭ ਵਲੋਂ ਸੋਚ ਜ਼ਰੂਰ ਹੋ ਰਹੀ ਹੋਏਗੀ।

● ਸਾਇੰਸ (ਯਾਨੀ ਮਨੁੱਖੀ ਗਿਆਨ ਘਾਲਣਾ ਦਾ ਖਜ਼ਾਨਾ) ਦੇ ਸਿੱਟਿਆਂ ਤੋਂ ਮੂੰਹ ਮੋੜਨਾ ਅੱਜ ਕਿਸੇ ਨੂੰ ਸੋਭੇਗਾ ਨਹੀਂ ਤੇ ਹੋਰਾਂ ਨੂੰ ਬੇਵਜ੍ਹਾ ਦੂਰ ਰੱਖੇਗਾ। ਅਸਲੀਅਤ ਨਾਲ ਅੱਖ ਮਿਲਾਉਣ ਨਾਲ, ਅਤੀਤ ਦੀਆਂ ਸਮਾਂ-ਟੁਕੜੀਆਂ ਵਿਚੋਂ, ਰਿਵਾਜ ਨੂੰ, ਅੱਡ ਕਰ ਕੇ ਵਾਚਿਆ ਜਾ ਸਕਦਾ ਹੈ। ਸਦਾ ਬਦਲਣਹਾਰ ਜੀਵਨ-ਤੱਤ ਸਤਿਕਾਰ ਦਾ ਹੱਕਦਾਰ ਹੈ।

● ਨਾਮਧਾਰੀਆਂ ਨੂੰ ਚੜ੍ਹਦੀ ਕਲਾ ਵਿਚ ਸਮਾਜ ਦੇ ਅੱਗੇ ਹੀ ਅੱਗੇ ਤੇ ਅਨੁਸ਼ਾਸਨ ਸਹਿਤ ਹਰ ਪੀੜ ਦਾ ਸਹਾਈ ਹੁੰਦਿਆਂ, ਅਹਿੰਸਕ ਮਿਲਵਰਤਣ ਦਿੰਦਿਆਂ ਵੇਖਣ ਦੇ ਚਾਹਵਾਨ ਹਾਂ।

***ਪੂਨਮ ਸਿੰਘ***



Sri Satguru Jagjit Singh Ji Elibrary NamdhariElibrary@gmail.com

## ਸ਼ਹੀਦ ਭਗਤ ਸਿੰਘ

# ਮਹਾਨ ਕੂਕਾ ਲਹਿਰ

**ਉਹ ਤਾਂ ਤੋਪਾਂ ਸਾਹਵੇਂ ਵੀ ਹੱਸ ਦਿੰਦੇ ਸਨ...ਉਹ ਅਨੰਦ ਨਾਲ 'ਸਤਿ ਸ੍ਰੀ ਅਕਾਲ' ਦੇ ਅਕਾਸ਼ ਗੂੰਜਾਊ ਜੇਕਾਰਿਆਂ ਨਾਲ ਅਕਾਸ਼ ਪਤਾਲ ਇਕ ਕਰ ਦਿੰਦੇ ਸਨ। ਉਨ੍ਹਾਂ ਦੇ ਮੱਥਿਆਂ ਉੱਤੇ ਦੁਖ, ਫ਼ਿਕਰ ਜਾਂ ਪਛਤਾਵੇ ਦੀ ਰੇਖਾ ਵੀ ਨਹੀਂ ਦਿੱਸਦੀ ਸੀ। ਕੀ ਉਹ ਭੁੱਲ ਜਾਣ ਵਾਲੇ ਹਨ?**

ਸਿੱਖਾਂ ਵਿਚ ਇਕ ਉਪ-ਫ਼ਿਰਕਾ ਹੈ, ਜੋ ਨਾਮਧਾਰੀ ਜਾਂ ਕੂਕਾ ਅਖਵਾਉਂਦਾ ਹੈ। ਇਹਦਾ ਇਤਿਹਾਸ ਕੋਈ ਬਹੁਤ ਪੁਰਾਣਾ ਨਹੀਂ। ਪਿਛਲੀ ਸਦੀ ਦੇ ਅੱਧ ਤੋਂ ਬਾਅਦ ਇਹਦਾ ਆਰੰਭ ਹੋਇਆ ਸੀ। ਇਹਦੇ ਬਾਨੀ ਸ੍ਰੀ ਗੁਰੂ ਰਾਮ ਸਿੰਘ ਇਕ ਕੱਟੜ ਇਨਕਲਾਬੀ ਸਨ। ਇਕ ਮਸ਼ਹੂਰ ਭਗਤ, ਸਮਾਜ ਦੇ ਦੋਸ਼ ਤੱਕ ਤੱਕ ਕੇ ਇਕ ਵਿਦਰੋਹੀ ਸਮਾਜ ਸੁਧਾਰਕ ਬਣ ਗਏ ਅਤੇ ਇਕ ਸੱਚੇ ਸਮਾਜ ਸੁਧਾਰਕ ਵਾਂਗ ਜਦੋਂ ਉਹ ਕਰਮ-ਖੇਤਰ ਵਿਚ ਅਗਾਂਹ ਨਿਤਰੇ ਤਾਂ ਉਨ੍ਹਾਂ ਵੇਖਿਆ ਕਿ ਦੇਸ਼ ਦੀ ਉੱਨਤੀ ਲਈ ਗੁਲਾਮੀ ਦੀਆਂ ਬੇੜੀਆਂ ਨੂੰ ਕੱਟਣਾ ਸਭ ਤੋਂ ਜ਼ਰੂਰੀ ਹੈ। ਵਿਦੇਸ਼ੀ ਰਾਜ ਵਿਰੁਧ ਇਨਕਲਾਬ ਦੀ ਤਿਆਰੀ ਵਸੀਹ ਪੈਮਾਨੇ ਉੱਤੇ ਕੀਤੀ। ਉਸ ਦੀ ਤਿਆਰੀ ਦੇ ਦੌਰਾਨ ਹੀ ਜੋ ਕੁਝ ਝਗੜਾ ਫ਼ਸਾਦ ਹੋ ਗਿਆ ਉਸ ਤੋਂ ਹਾਕਮਾਂ ਨੂੰ ਲਹਿਰ ਨੂੰ ਕੁਚਲਣ ਦਾ ਚੰਗਾ ਮੌਕਾ ਮਿਲ ਗਿਆ ਅਤੇ ਨਿਸਫ਼ਲਤਾ ਤੋਂ ਬਿਨਾ ਹੋਰ ਕੋਈ ਸਿੱਟਾ ਨਾ ਨਿਕਲ ਸਕਿਆ।

ਕੂਕਾ ਲਹਿਰ ਦਾ ਇਤਿਹਾਸ ਹਾਲੇ ਤਕ ਲੋਕਾਂ ਸਾਹਵੇਂ ਨਹੀਂ ਆਇਆ। ਕਿਸੇ ਨੇ ਇਸ ਨੂੰ ਅਹਿਮੀਅਤ ਵਾਲਾ ਨਹੀਂ ਸਮਝਿਆ। ਅਸੀਂ ਕੂਕਿਆਂ ਨੂੰ ਭੁੱਲੜ ਤੇ ਮੂਰਖ ਕਹਿ ਕੇ ਆਪਣੇ ਫ਼ਰਜ਼ ਤੋਂ ਲਾਂਭੇ ਹੋ ਜਾਂਦੇ ਹਾਂ। ਸਵਾਰਥ ਜਾਂ ਲੋਭ ਲਈ ਉਨ੍ਹਾਂ ਆਪਣੀਆਂ ਜਾਨਾਂ ਦਿੱਤੀਆਂ ਹੁੰਦੀਆਂ, ਤਾਂ ਅਸੀਂ ਅਣਗਹਿਲੀ ਦਿਖਾ ਸਕਦੇ ਸਾਂ ਪਰ ਉਨ੍ਹਾਂ ਦੀ ਮੂਰਖਤਾ ਵਿਚ ਵੀ ਦੇਸ਼ ਪ੍ਰੇਮ ਕੁੱਟ ਕੁੱਟ ਕੇ ਭਰਿਆ ਹੋਇਆ ਸੀ। ਉਹ ਤਾਂ ਤੋਪਾਂ ਸਾਹਵੇਂ ਵੀ ਹੱਸ ਦਿੰਦੇ ਸਨ... ਉਹ ਅਨੰਦ ਨਾਲ 'ਸਤਿ ਸ੍ਰੀ ਅਕਾਲ' ਦੇ ਅਕਾਸ਼ ਗੂੰਜਾਊ ਜੈਕਾਰਿਆਂ ਨਾਲ ਅਕਾਸ਼ ਪਤਾਲ ਇਕ ਕਰ ਦਿੰਦੇ ਸਨ। ਉਨ੍ਹਾਂ ਦੇ ਮੱਥਿਆਂ ਉੱਤੇ ਦੁਖ, ਫ਼ਿਕਰ ਜਾਂ ਪਛਤਾਵੇ ਦੀ ਰੇਖਾ ਵੀ ਨਹੀਂ ਦਿੱਸਦੀ ਸੀ। ਕੀ ਉਹ ਭੁੱਲ ਜਾਣ ਵਾਲੇ ਹਨ? ਉਨ੍ਹਾਂ ਦਾ ਅਪਰਾਧ ਸ਼ਾਇਦ ਅਸਫ਼ਲਤਾ ਤੋਂ ਬਿਨਾ ਕੁਝ ਵੀ ਨਹੀਂ ਸੀ। ਪਰ ਸਕਾਟਲੈਂਡ ਦਾ ਬਹਾਦਰ ਵਿਲੀਅਮ ਵਾਲਿਸ ਵੀ ਤਾਂ ਅਸਫ਼ਲ ਹੋ ਕੇ ਮੌਤ ਦੀ ਸਜ਼ਾ ਦਾ ਭਾਗੀ ਬਣ ਗਿਆ ਸੀ। ਉਹਦੀ ਤਾਂ ਅੱਜ ਸਾਰਾ ਇੰਗਲੈਂਡ ਪੂਜਾ ਕਰਦਾ ਹੈ। ਫਿਰ ਸਾਡੇ ਦੇਸ਼ ਭਗਤ ਹੀ ਕਿਉਂ ਭੁਲਾ ਕੇ ਘੁੱਪ ਹਨੇਰੇ ਵਿਚ ਸੁੱਟ ਦਿੱਤੇ ਜਾਣ?

ਅਸੀਂ ਸਮਝਦੇ ਹਾਂ ਕਿ ਸਾਡੇ ਦੇਸ਼ ਵਾਸਤੇ ਨਿਸ਼ਕਾਮ ਭਾਵ ਨਾਲ ਮਰ ਮਿਟਣ ਵਾਲੇ ਲੋਕਾਂ ਨੂੰ ਭੁਲਾ ਦੇਣਾ ਬਹੁਤ ਵੱਡੀ ਅਹਿਸਾਨ ਫ਼ਰਾਮੋਸ਼ੀ ਹੋਵੇਗੀ। ਅਸੀਂ ਉਨ੍ਹਾਂ ਦੀ ਯਾਦ ਵਿਚ ਕੋਈ ਥੋੜ੍ਹੀ ਜਿਹੀ ਥਾਂ ਦੇਣੋਂ ਵੀ ਕਿਉਂ ਝਿਜਕੀਏ। ਇਸੇ ਵਿਚਾਰ ਤੋਂ ਪ੍ਰੇਰਤ ਹੋ ਕੇ ਅੱਜ ਉਨ੍ਹਾਂ ਉਤਾਵਲੇ ਅਤੇ ਆਸਵੰਦਾਂ ਦਾ ਸੰਖੇਪ ਇਤਿਹਾਸ ਲਿਖਣ ਦੀ ਕੋਸ਼ਿਸ਼ ਹੈ। ਇਸ ਨਾਲ ਜੇ ਲੋਕਾਂ ਨੂੰ ਉਨ੍ਹਾਂ ਦੇ ਸਬੰਧ ਵਿਚ ਠੀਕ ਠਾਕ ਗੱਲਾਂ ਦਾ ਗਿਆਨ ਹੋ ਜਾਏ ਜਾਂ ਉਨ੍ਹਾਂ ਨੂੰ ਜਾਨਣ ਦੀ ਇੱਛਾ ਪੈਦਾ ਹੋ ਜਾਏ ਤਾਂ ਮੈਂ ਇਹ ਕੋਸ਼ਿਸ਼ ਕਾਮਯਾਬ ਸਮਝਾਂਗਾ।

(ਗੁਰੂ) ਬਾਲਕ ਸਿੰਘ ਨੇ ਉਨ੍ਹਾਂ ਨੂੰ (ਸਤਿਗੁਰੂ ਰਾਮ ਸਿੰਘ—ਸੰ.) ਜੀ ਆਇਆਂ ਕਿਹਾ ਤੇ ਸਿਖਿਆ ਦਿੱਤੀ। ਓਥੋਂ ਵਾਪਸ ਆ ਕੇ ਉਨ੍ਹਾਂ ਨੌਕਰੀ ਛੱਡ ਦਿੱਤੀ। ਅਤੇ ਪਿੰਡ ਆ ਕੇ ਸ਼ਾਂਤੀ ਦਾ ਜੀਵਨ ਬਿਤਾਉਣ ਲਗੇ।

ਕਈ ਵਰ੍ਹੇ ਬੀਤ ਗਏ। ਕਈ ਤਬਦੀਲੀਆਂ ਹੋਈਆਂ। ਅੰਗ੍ਰੇਜ਼ਾਂ ਨੇ ਪੰਜਾਬ ਜਿੱਤ ਲਿਆ ਤੇ ਬਾਕੀ ਭਾਰਤ ਵਾਂਗ ਇਸ ਨੂੰ ਵੀ ਗੁਲਾਮੀ ਦੀਆਂ ਬੇੜੀਆਂ ਵਿਚ ਜਕੜ ਲਿਆ। ਇਹ ਸਭ ਕੁਝ ਹੋ ਗਿਆ ਅਤੇ ਨਾਲ 1857 ਦਾ ਗ਼ਦਰ ਵੀ ਹੋ ਗਿਆ। ਅਤੇ ਅੰਗ੍ਰੇਜ਼ ਬੜੀ ਸ਼ਾਂਤੀ ਨਾਲ ਭਾਰਤ ਉੱਤੇ ਹਕੂਮਤ ਕਰਨ ਲੱਗੇ। ਗੁਰੂ ਰਾਮ ਸਿੰਘ ਓਹੀ ਆਪਣਾ ਸ਼ਾਂਤ ਜੀਵਨ ਬਤੀਤ ਕਰਦੇ ਰਹੇ। ਈਸ਼ਵਰ ਭਗਤੀ ਕਾਰਨ ਆਪ ਦੂਰ ਤਕ ਪ੍ਰਸਿੱਧ ਹੋ ਗਏ। ਸੂਬੇ ਭਰ ਤੇ ਲੋਕ ਦਰਸ਼ਨਾਂ ਲਈ ਆਉਂਦੇ ਸਨ।

ਪਹਿਲਾ ਤਾਂ ਆਪ ਈਸ਼ਵਰ ਭਗਤੀ ਦਾ ਹੀ ਉਪਦੇਸ਼ ਦਿੰਦੇ ਸਨ। ਪਰ ਬਾਅਦ ਵਿਚ ਕੁਝ ਸਮਾਜ ਸੁਧਾਰ ਸਬੰਧੀ ਉਪਦੇਸ਼ ਵੀ ਦੇਣ ਲਗੇ। ਇਨ੍ਹਾਂ ਕੰਨਿਆਂ ਖਰੀਦਣ, ਵੇਚਣ, ਮਾਸ, ਸ਼ਰਾਬ ਆਦਿ ਬਹੁਤ ਸਾਰੀਆਂ ਕੁਰੀਤੀਆਂ ਦਾ ਬੜੇ ਜ਼ੋਰ ਨਾਲ ਵਿਰੋਧ ਕੀਤਾ। ਆਪ ਦੇ ਚੇਲੇ ਵੀ ਸਾਦਾ ਜ਼ਿੰਦਗੀ ਜੀਉਂਦੇ ਅਤੇ ਰੱਬ ਪੂਜਾ ਵਿਚ ਮਗਨ ਰਹਿੰਦੇ। ਆਪ ਨੇ ਪਿੰਡ ਵਿਚ ਗੁਰੂ ਕਾ ਲੰਗਰ ਖੋਹਲ ਰੱਖਿਆ ਸੀ।

ਪਰ ਜਲਦੀ ਹੀ ਇਕ ਤਬਦੀਲੀ ਹੋਈ ਜਿਸ ਵੇਲੇ ਗੁਰੂ ਜੀ ਨੂੰ ਦੇਸ਼ ਦੀ ਪਰਾਧੀਨਤਾ ਬੁਰੀ ਤਰ੍ਹਾਂ ਰੜਕੀ। ਉਹ ਸਮਝ ਗਏ ਸਨ ਕਿ ਗੁਲਾਮੀ ਦੇ ਨਾਲ ਦੇਸ਼ ਵਾਸੀਆਂ ਦੀ ਆਤਮਾ ਵੀ ਮਰਦੀ ਜਾ ਰਹੀ ਹੈ। ਲੋਕ ਸਵਾਧੀਨਤਾ ਦਾ ਵਿਚਾਰ ਤਕ ਛੱਡ ਬੈਠੇ ਸਨ। ਅਜੇ ਕੱਲ੍ਹ ਦੀ ਗੱਲ ਸੀ ਜਦ ਉਨ੍ਹਾਂ ਗ਼ਦਰ ਤੇ ਉਸਦੀ ਅਸਫ਼ਲਤਾ ਤੋਂ ਬਾਅਦ ਅਕਹਿ ਜ਼ੁਲਮ ਵੇਖੇ ਤੇ ਸੁਣੇ ਸਨ। ਉਸ ਤੋਂ ਵੀ ਉਨ੍ਹਾਂ ਨੂੰ ਜ਼ਰੂਰ ਠੇਸ ਲੱਗੀ ਹੋਵੇਗੀ। ਜੋ ਵੀ ਹੋਵੇ ਵਿਦੇਸ਼ੀ ਹਕੂਮਤ ਦਾ ਖੋਖਲਾਪਣ ਖੂਬ ਚੰਗੀ ਤਰ੍ਹਾਂ ਵੇਖ ਕੇ ਇਕ ਪ੍ਰੋਗਰਾਮ ਬਣਾ ਕੇ ਕੰਮ ਨੂੰ ਅਰੰਭ ਕਰ ਦਿੱਤਾ। ਹੁਣ ਤੱਕ ਕੇਵਲ ਉਪਦੇਸ਼ ਹੀ ਹੁੰਦਾ ਸੀ ਪਰ ਹੁਣ ਦੀਕਸ਼ਾ ਅਤੇ ਸੰਗਠਨ ਵੀ


Sri Satguru Jagjit Singh Ji Elibrary NamdhariElibrary@gmail.com

ਸ਼ੁਰੂ ਹੋ ਗਿਆ।

ਉਨ੍ਹਾਂ ਉਸ ਵੇਲੇ ਨਾਮਿਲਵਰਤਣ ਦਾ ਪ੍ਰਚਾਰ ਸ਼ੁਰੂ ਕੀਤਾ ਜੋ 1920 ਵਿਚ ਮਹਾਤਮਾ ਗਾਂਧੀ ਨੇ ਕੀਤਾ ਸੀ। ਉਨ੍ਹਾਂ ਦੀ ਨਾਮਿਲਵਰਤਣ ਮਹਾਤਮਾ ਗਾਂਧੀ ਦੀ ਨਾਮਿਲਵਰਤਣ ਨਾਲੋਂ ਕਈ ਗੱਲਾਂ ਵਿਚ ਵਧ ਕੇ ਸੀ। ਅਦਾਲਤਾਂ ਦਾ ਬਾਈਕਾਟ, ਆਪਣੀਆਂ ਪੰਚਾਇਤਾਂ ਦੀ ਕਾਇਮੀ, ਸਰਕਾਰੀ ਤਾਲੀਮ ਦਾ ਬਾਈਕਾਟ, ਵਿਦੇਸ਼ੀ ਸਰਕਾਰ ਦੇ ਪੂਰੇ ਬਾਈਕਾਟ ਨਾਲ ਰੇਲ, ਤਾਰ ਤੇ ਡਾਕ ਦੇ ਬਾਈਕਾਟ ਦਾ ਵੀ ਪ੍ਰਚਾਰ ਕੀਤਾ। ਉਸ ਵੇਲੇ ਦੇਸ਼ ਇਨਾ ਸਤ ਹੀਣ ਹੋ ਗਿਆ ਸੀ ਕਿ ਉਨ੍ਹਾਂ ਦੇ ਬਾਈਕਾਟ ਦੀ ਗੱਲ ਸੋਚੀ ਵੀ ਨਹੀਂ ਸੀ ਜਾ ਸਕਦੀ। ਇਸ ਤਰ੍ਹਾਂ ਉਨ੍ਹਾਂ ਡਾਕ ਦਾ ਪ੍ਰਬੰਧ ਆਪਣਾ ਏਨਾ ਚੰਗਾ ਕਰ ਲਿਆ ਕਿ ਭਾਈ ਪਰਮਾ ਨੰਦ ਦੇ ਲੇਖ ਅਨੁਸਾਰ ਉਨ੍ਹਾਂ ਦੀ ਡਾਕ ਸਰਕਾਰੀ ਡਾਕ ਨਾਲੋਂ ਵੀ ਛੇਤੀ ਪੁੱਜਦੀ ਸੀ। ਪਹਿਰਾਵੇ ਅਤੇ ਸ੍ਵਦੇਸ਼ੀ ਪੁਸ਼ਾਕ ਪਹਿਨਣ ਦਾ ਜ਼ੋਰ ਨਾਲ ਉਪਦੇਸ਼ ਹੁੰਦਾ ਸੀ। ਪ੍ਰਚਾਰ ਦਾ ਕੰਮ ਏਨਾ ਨਾ ਹੋ ਸਕਿਆ ਅਤੇ (ਅੰਗ੍ਰੇਜ਼ੀ ਸਰਕਾਰ) ਇਸ ਉੱਤੇ ਕਰੜੀ ਨਜ਼ਰ ਰੱਖਣ ਲਗੀ। ਉਸ ਨੂੰ ਇਸ ਪ੍ਰਚੰਡ ਅੰਦੋਲਨ ਨੂੰ ਠੱਪ ਦੇਣ ਦੀ ਚਿੰਤਾ ਹੋ ਗਈ।

ਟੀ. ਡੀ. ਫੋਰਸਿਥ ਜੋ ਸੰਨ 1863 ਵਿਚ ਪੰਜਾਬ ਸਰਕਾਰ ਦੇ ਚੀਫ਼ ਸਕੱਤਰ ਸਨ ਅਤੇ ਬਾਦ ਵਿਚ ਕੂਕਾ ਵਿਦਰੋਹ ਸਮੇਂ ਅੰਬਾਲਾ ਡਵੀਜ਼ਨ ਦੇ ਉਚ ਅਹੁਦੇ ਤੇ ਕੰਮ ਕਰਦੇ ਸਨ, ਆਪਣੀ ਆਤਮ ਕਥਾ ਵਿਚ ਲਿਖਦੇ ਹਨ: "1863 ਵਿਚ ਹੀ ਮੈਂ ਇਸ ਲਹਿਰ ਦੀ ਤਹਿ ਤਕ ਪਹੁੰਚ ਗਿਆ ਸਾਂ ਅਤੇ ਸਮਝ ਗਿਆ ਸਾਂ ਕਿ ਇਹ ਕੀ ਕੀ ਖਤਰਨਾਕ ਨਤੀਜੇ ਲਿਆ ਸਕਦੀ ਹੈ। ਇਸ ਲਈ ਮੈਂ ਉਨ੍ਹਾਂ ਦੇ ਪ੍ਰਚਾਰ ਉੱਤੇ ਬਹੁਤ ਪਾਬੰਦੀਆਂ ਲਾ ਦਿੱਤੀਆਂ, ਜਿਸ ਨਾਲ ਉਨ੍ਹਾਂ ਦੇ ਪ੍ਰਚਾਰ ਦੀ ਰਫ਼ਤਾਰ ਕੁਝ ਹੱਦ ਤਕ ਘਟ ਗਈ।"

ਜਦ ਹਕੂਮਤ ਨੇ ਲੋਕਾਂ ਦਾ ਵੱਡੀ ਗਿਣਤੀ ਵਿਚ ਭੈਣੀ ਸਾਹਿਬ ਆਉਣਾ ਜਾਣਾ ਅਤੇ ਉਨ੍ਹਾਂ ਦਾ ਉਥੇ ਦੇਰ ਤਕ ਠਹਿਰਨਾ ਤਕ ਵੀ ਬੰਦ ਕਰ ਦਿੱਤਾ ਤਾਂ ਗੁਰੂ ਰਾਮ ਸਿੰਘ ਨੇ ਆਪਣਾ ਕੰਮ ਜਾਰੀ ਕਰਨ ਦੀ ਇਕ ਤਦਬੀਰ ਸੋਚੀ। ਸਮੁੱਚੇ ਦੇਸ਼ ਨੂੰ 22 ਹਿੱਸੇ ਵਿਚ ਵੰਡ ਕੇ 22 ਯੋਗ ਬੰਦੇ ਉਨ੍ਹਾਂ ਦਾ ਸੰਗਠਨ ਕਰਨ ਲਈ ਮੁਕਰਰ ਕਰ ਦਿੱਤੇ। ਉਨ੍ਹਾਂ ਨੂੰ ਸੂਬੇ ਕਿਹਾ ਜਾਂਦਾ ਸੀ। ਕੰਮ ਬੜੀ ਚੰਗੀ ਤਰ੍ਹਾਂ ਚਲਦਾ ਰਿਹਾ। ਸਾਰੇ ਹੀ ਨਾਮਧਾਰੀ ਸਿੱਖ ਆਪਣੀ ਕਮਾਈ ਦਾ ਦਸਵੰਧ ਗੁਰੂ ਜੀ ਦੀ ਭੇਟ ਕਰਦੇ ਸਨ। ਇਹ ਸਭ ਕੁਝ ਤਾਂ ਹੁੰਦਾ ਹੀ ਸੀ ਅਤੇ ਨਾਲ ਨਾਲ ਹੀ ਗੁਪਤ ਰੂਪ ਵਿਚ ਵਿਦਰੋਹ ਦਾ ਪ੍ਰਚਾਰ ਵੀ ਹੁੰਦਾ ਸੀ। ਬਾਹਰ ਜੋਸ਼ ਬਹੁਤ ਘਟ ਕਰ ਦਿੱਤਾ ਗਿਆ। ਇਥੋਂ ਤਕ ਕਿ ਸਰਕਾਰ ਦਾ ਸ਼ੱਕ ਕੁਝ ਹੱਦ ਤਕ ਦੂਰ ਹੋ ਗਿਆ ਅਤੇ ਸਾਰੀਆਂ ਪਾਬੰਦੀਆਂ 1867 ਈ. ਵਿਚ ਹਟਾ ਲਈਆਂ ਗਈਆਂ।

ਪਾਬੰਦੀਆਂ ਹਟਣ ਨਾਲ ਹੀ ਲੋਕਾਂ ਦਾ ਜੋਸ਼ ਵਧ ਗਿਆ, ਏਨਾ ਕਿ ਸੰਭਾਲਣਾ ਔਖਾ ਹੋ ਗਿਆ। ਇਸ ਨਾਲ 1872 'ਚ ਬਗਾਵਤ ਉਠ ਖੜ੍ਹੀ ਹੋਈ ਜਿਸ ਕਾਰਨ ਸਾਰਾ ਵਿਦਰੋਹ ਕੁਚਲਿਆ ਗਿਆ ਪਰ ਉਸ ਮੁਖ ਘਟਨਾ ਬਾਰੇ ਲਿਖਣ ਤੋਂ ਪਹਿਲਾਂ ਗੁਰੂ ਜੀ ਦੇ ਸ਼ਖਸੀ ਚਰਿਤ੍ਰ ਬਾਰੇ ਕੁਝ ਦਿਲਚਸਪ ਗੱਲਾਂ ਦਾ ਜ਼ਿਕਰ ਕਰਨਾ ਗਲਤ ਨਹੀਂ। ਗੁਰੂ ਰਾਮ ਸਿੰਘ ਬੜੇ ਪ੍ਰਤਾਪੀ ਤੇ ਪ੍ਰਭਾਵਸ਼ਾਲੀ ਵਿਅਕਤੀ ਸਨ। ਉਨ੍ਹਾਂ ਦੇ ਅਸਧਾਰਨ ਆਤਮ ਬਲ ਬਾਰੇ ਬਹੁਤ ਸਾਰੀਆਂ ਗੱਲਾਂ ਪ੍ਰਸਿੱਧ ਹਨ। ਉਹ ਜਿਸਦੇ ਕੰਨ ਵਿਚ ਮੰਤਰ ਦਿੰਦੇ ਸਨ ਉਹੀ ਉਨ੍ਹਾਂ ਦਾ ਪਰਮ ਭਗਤ ਅਤੇ ਚੇਲਾ ਹੋ ਜਾਂਦਾ ਸੀ। ਜਦ ਇਹ ਗੱਲ ਪ੍ਰਸਿੱਧ ਹੋਈ ਤਾਂ ਦੋ ਬਦਮਾਸ਼ ਅੰਗ੍ਰੇਜ਼ ਉਨ੍ਹਾਂ ਕੋਲ ਉਨ੍ਹਾਂ ਦੀ ਸ਼ਕਤੀ ਦੀ ਪਰੀਖਿਆ ਲੈਣ ਗਏ। ਉਨ੍ਹਾਂ ਕਿਹਾ ਸੀ, ਵੇਖਾਂਗੇ ਸਾਡੇ ਉੱਤੇ ਕੀ ਅਸਰ ਪੈਂਦਾ ਹੈ? ਸਿਖਿਆ ਬਾਦ ਉਨ੍ਹਾਂ ਦੇ ਕੱਟੜ ਭਗਤ ਬਣ ਗਏ ਅਤੇ ਇਜ ਉਨ੍ਹਾਂ ਦੇ ਸ਼ਖਸੀ ਦੋਸ਼ ਵੀ ਦੂਰ ਹੋ ਗਏ। ਇਸੇ ਤਰ੍ਹਾਂ ਡਾ. ਗੋਕਲ ਚੰਦ ਇਕ ਲੇਖ ਵਿਚ ਲਿਖਦੇ ਹਨ ਕਿ ਉਨ੍ਹਾਂ ਦੀ ਦਾਦੀ ਦਾ ਭਰਾ ਇਕ ਮਾੜੇ ਚਾਲ ਚਲਣ ਵਾਲਾ ਬੰਦਾ ਸੀ ਅਤੇ ਉਸ ਨੂੰ ਹੁੱਕਾ ਪੀਣ ਦੀ ਆਦਤ ਸੀ। ਸਿਰਫ਼ ਇਕ ਵਾਰ ਹੀ ਗੁਰੂ ਜੀ ਦੇ ਦਰਸ਼ਨ ਨੇ ਉਨ੍ਹਾਂ ਦਾ ਜੀਵਨ ਇਕ ਦਮ ਬਦਲ ਦਿੱਤਾ। ਇਸੇ ਤਰ੍ਹਾਂ ਇਕ ਹੋਰ ਆਦਮੀ ਜਿਸ ਨੇ ਕਿ ਕਦੇ ਕੋਈ ਕਤਲ ਕੀਤਾ ਸੀ ਗੁਰੂ ਜੀ ਤੋਂ ਸੁਧਰਿਆ। ਫਿਰ ਉਸ ਨੇ ਆਪਣੇ ਆਪ ਨੂੰ ਕਚਹਿਰੀ ਵਿਚ ਪੇਸ਼ ਕਰ ਦਿੱਤਾ ਅਤੇ ਆਪਣਾ ਜੁਰਮ ਮੰਨ ਲਿਆ। ਜਦ ਜੱਜ ਨੇ ਬੇਹਦ ਹੈਰਾਨੀ ਨਾਲ ਪੁੱਛਿਆ ਕਿ 'ਤੈਨੂੰ ਤਾਂ ਕੋਈ ਜਾਣਦਾ ਤੱਕ ਵੀ ਨਹੀਂ ਸੀ ਤੇ ਕਤਲ ਬਾਰੇ ਤੇਰੇ ਉੱਤੇ ਕੋਈ ਸ਼ੱਕ ਵੀ ਨਹੀਂ ਸੀ। ਫਿਰ ਤੂੰ ਅਚਾਨਕ ਜੁਰਮ ਮੰਨ ਕੇ ਮੌਤ ਨੂੰ ਸੱਦਾ ਕਿਉਂ ਦਿੱਤਾ ਤਾਂ ਉਸ ਨੇ ਆਖਿਆ, "ਮੇਰੇ ਗੁਰੂ ਜੀ ਦੀ ਇਹ ਆਗਿਆ ਹੈ।"

ਸਰਕਾਰ ਨੇ ਵੀ ਪਰਖਣਾ ਚਾਹਿਆ। ਇਕ ਸਬ ਇਨਸਪੈਕਟਰ ਭੇਜਿਆ। ਉਹ ਵੀ ਬੜਾ ਖੁਸ਼ ਸੀ। ਉਸਨੂੰ ਆਸ ਸੀ ਕਿ ਉਹ ਸਾਰੇ ਭੇਦ ਖੋਹਲ ਕੇ ਕੁਝ ਇਨਾਮ ਲਏਗਾ। ਗੁਰੂ

**ਭਗਤ ਸਿੰਘ ਦੀ ਫਾਂਸੀ ਉਤੇ ਨਾਮਧਾਰੀ ਅਖਬਾਰ "ਸਤਿਜੁਗ" ਦਾ ਤਿੱਖਾ ਪ੍ਰਤੀਕਰਮ**

*"ਆਖਰ ਨੌਕਰਸ਼ਾਹੀ ਨੇ ਆਪਣੇ ਨੀਚਤਾ ਦਾ ਸਬੂਤ ਦੇ ਦਿੱਤਾ। ਇਕ ਬੰਨੇ ਤਾਂ ਲਾਰਡ ਇਰਵਨ ਮਹਾਤਮਾ ਜੀ ਨਾਲ ਸੁਲ੍ਹਾ ਕਰਕੇ ਸ਼ਾਂਤ ਵਾਯੂ ਮੰਡਲ ਪੈਦਾ ਕਰਨ ਦੇ ਸੁਪਨੇ ਲੈ ਰਿਹਾ ਹੈ। ਦੂਜੇ ਬੰਨੇ ਉਹੀ ਲਾਰਡ ਇਰਵਨ 32 ਕਰੋੜ ਭਾਰਤੀਆਂ ਦੀ ਰੂਹੇ ਰਵਾਂ ਸਰਦਾਰ ਭਗਤ ਸਿੰਘ ਨੂੰ ਫਾਂਸੀ ਦੇ ਤਖਤੇ ਤੇ ਲਟਕਾਣ ਦੀ ਇਜਾਜ਼ਤ ਦੇ ਕੇ ਆਪਣੀ ਦੋਸਤੀ ਦੇ ਸਬੂਤ ਦੇ ਰਿਹਾ ਹੈ। ਸੱਚੀ ਮੁਚੀ ਵਿਨਾਸ਼ ਸਮੇਂ ਬੁਧੀ ਭ੍ਰਸ਼ਟ ਹੋ ਜਾਇਆ ਕਰਦੀ ਹੈ, ਇਸ ਸਮੇਂ ਨੌਕਰਸ਼ਾਹੀ ਆਪਣੇ ਅਖੀਰਲੇ ਸਵਾਸ ਪੂਰੇ ਕਰ ਰਹੀ ਏ। ਉਹ ਦਿਨ ਹੁਣ ਬਹੁਤ ਨਜ਼ਦੀਕ ਹੈ ਜਦੋਂ ਇਹ ਆਪਣਾ ਬਿਸਤਰਾ ਬੋਰੀਆ ਬੰਨ੍ਹ ਕੇ ਇੰਗਲੈਂਡ ਜਾ ਕੇ ਹੀ ਦਮ ਲਏਗੀ।"*



Sri Satguru Jagjit Singh Ji Elibrary NamdhariElibrary@gmail.com

ਜੋ ਦੇ ਦਰਸ਼ਨ ਕੀਤੇ ਤੇ ਵਾਪਸ ਆ ਗਿਆ। ਆਉਂਦਿਆਂ ਹੀ ਅਸਤੀਫ਼ਾ ਦੇ ਦਿੱਤਾ। ਅਫ਼ਸਰਾਂ ਨੇ ਪੁਛਿਆ ਅਸਤੀਫ਼ਾ ਕਿਉਂ ਦੇਂਦਾ ਹੈਂ ਤਾਂ ਉਸਨੇ ਉੱਤਰ ਦਿੱਤਾ ਕਿ ਗੁਰੂ ਜੀ ਦਾ ਇਹੀ ਹੁਕਮ ਹੈ। ਉਹ ਕਹਿੰਦੇ ਹਨ ਕਿ ਬਿਦੇਸ਼ੀ ਹਾਕਮਾਂ ਦੀ ਨੌਕਰੀ ਬਿਲਕੁਲ ਨਾ ਕਰੋ।

ਅਜਿਹੀਆਂ ਅਨੇਕ ਵਾਰਤਾਦਾਂ ਹਨ। ਕੁਝ ਵੀ ਹੋਵੇ, ਏਨਾ ਤਾਂ ਮੰਨਣਾ ਹੀ ਪਵੇਗਾ ਕਿ ਗੁਰੂ ਜੀ ਰੱਬ ਦੇ ਭਗਤ ਤੇ ਉੱਚੇ ਇਖਲਾਕ ਸਦਕਾ ਇਕ ਮਹਾਨ ਸ਼ਕਤੀਸ਼ਾਲੀ ਮਹਾਂਪੁਰਖ ਸਨ। ਸਰਕਾਰ ਇਹ ਗੱਲ ਦੇਖ ਕੇ ਘਬਰਾਈ ਅਤੇ ਉਸ ਨੂੰ ਸਾਰੇ ਅੰਦੋਲਨ ਨੂੰ ਦਬਾਉਣ ਦੀ ਚਿੰਤਾ ਹੋਈ, ਇਹ ਵੀ ਭਾਵੁਕ ਹੀ ਸੀ।

**ਬਗ਼ਾਵਤ ਦਾ ਆਰੰਭ :**

**ਅੰਮ੍ਰਿਤਸਰ:**

1867 ਵਿਚ ਸਾਰੀਆਂ ਪਾਬੰਦੀਆਂ ਹਟਾ ਲਈਆਂ ਗਈਆਂ। ਲੋਕ ਹਜ਼ਾਰਾਂ ਦੀ ਗਿਣਤੀ ਵਿਚ ਭੈਣੀ ਸਾਹਿਬ ਆਉਣ ਲੱਗੇ। ਸੰ: 1871 ਵਿਚ ਕੁਝ ਕੂਕੇ ਵੀਰ ਅੰਮ੍ਰਿਤਸਰ ਵਿਚ ਦੀ ਗੁਜ਼ਰ ਰਹੇ ਸਨ। ਇਹ ਸੁਣਿਆ ਕਿ ਮੁਸਲਮਾਨ ਬੁੱਚੜ ਅਣਗਿਣਤ ਗਊਆਂ ਨੂੰ ਨਿਤ ਹਿੰਦੂਆਂ ਨੂੰ ਚਿੜਾਉਣ ਲਈ ਉਨ੍ਹਾਂ ਦੇ ਸਾਹਮਣੇ ਹੱਤਿਆ ਕਰਦੇ ਹਨ। ਹਿੰਦੂ ਸਮਾਜ ਨੂੰ ਬਹੁਤ ਦੁਖ ਹੁੰਦਾ ਹੈ। ਕੱਟੜ ਗਊ ਭਗਤ ਕੂਕੇ ਇਹ ਸਭ ਕੁਝ ਸਹਾਰ ਨਾ ਸਕੇ। ਉਨ੍ਹਾਂ ਬੁੱਚੜਖਾਨੇ ਉੱਤੇ ਹਮਲਾ ਕਰ ਦਿੱਤਾ ਅਤੇ ਬਹੁਤ ਸਾਰਿਆਂ ਬੁੱਚੜਾਂ ਨੂੰ ਥਾਂ ਤੇ ਢੇਰ ਕਰ ਦਿੱਤਾ ਅਤੇ ਆਪ ਭੈਣੀ ਵੱਲ ਨੂੰ ਹੋ ਪਏ। ਅੰਮ੍ਰਿਤਸਰ ਦੇ ਸਾਰੇ ਸਰਕਰਦਾ ਹਿੰਦੂ ਗ੍ਰਿਫ਼ਤਾਰ ਕਰ ਲਏ ਗਏ। ਗੁਰੂ ਜੀ ਨੂੰ ਇਹ ਖ਼ਬਰ ਪਹਿਲਾਂ ਹੀ ਮਿਲ ਚੁੱਕੀ ਸੀ ਅਤੇ ਉਨ੍ਹਾਂ ਕੂਕਿਆਂ ਨੇ ਜਾ ਵਿਥਿਆ ਸੁਣਾਈ। ਗੁਰੂ ਜੀ ਨੇ ਆਗਿਆ ਦਿੱਤੀ, 'ਜਾਓ ਜਾ ਕੇ ਆਪਣਾ ਜੁਰਮ ਮੰਨ ਲਉ ਅਤੇ ਉਨ੍ਹਾਂ ਨਿਰਦੋਸ਼ ਲੋਕਾਂ ਨੂੰ ਆਫ਼ਤ ਤੋਂ ਬਚਾਓ।' ਹੁਕਮ ਦਾ ਪਾਲਣ ਕੀਤਾ ਗਿਆ। ਬੇਦੋਸ਼ੇ ਲੋਕ ਰਿਹਾਅ ਹੋ ਗਏ ਅਤੇ ਇਹ ਵੀਰ ਅਤਿਅੰਤ ਆਨੰਦ ਅਤੇ ਖ਼ੁਸ਼ੀ ਨਾਲ ਫਾਂਸੀ ਚੜ੍ਹ ਗਏ। ਅਜਿਹੀ ਘਟਨਾ ਰਾਏਕੋਟ ਵਿਚ ਵੀ ਹੋਈ। ਉਥੇ ਵੀ ਕਈ ਕੂਕਿਆਂ ਨੂੰ ਫਾਂਸੀ ਦਿੱਤੀ ਗਈ। ਕੁਝ ਹੋਰ ਸਿੱਖਾਂ ਨੇ ਮਹਿਸੂਸ ਕੀਤਾ ਕਿ ਬੇ-ਦੋਸ਼ ਸਾਥੀਆਂ ਨੂੰ ਫਾਂਸੀ ਚਾੜ੍ਹ ਦਿੱਤਾ ਗਿਆ ਹੈ। ਬਦਲੇ ਲਈ ਹਿੰਸਾ ਦੀ ਅਗਨ ਪ੍ਰਚੰਡ ਹੋਈ, ਪਰ ਕੋਈ ਖ਼ਾਸ ਘਟਨਾ ਨਾ ਵਾਪਰੀ।

**ਮਲੇਰ ਕੋਟਲਾ**

13 ਜਨਵਰੀ 1872 ਨੂੰ ਭੈਣੀ ਵਿਚ ਮਾਘੀ ਦਾ ਮੇਲਾ ਹੋਣਾ ਸੀ। ਲੋਕ ਦੂਰ ਦੂਰ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਆਉਣ ਲਗੇ। ਇਕ ਕੂਕਾ ਨਾਮਧਾਰੀ ਵੀਰ ਰਿਆਸਤ ਮਲੇਰਕੋਟਲੇ ਦੇ ਇਸੇ ਨਾਂ ਦੇ ਸ਼ਹਿਰ ਕੋਲੋਂ ਲੰਘ ਰਿਹਾ ਸੀ। ਉਹਨੇ ਇਕ ਮੁਸਲਮਾਨ ਨੂੰ ਵੇਖਿਆ ਜੋ ਇਕ ਬੌਲਦ ਉੱਤੇ ਬੈਠਾ, ਬੇਹਦ ਭਾਰ ਲੱਦੀ ਉਸ ਨੂੰ ਬਹੁਤ ਕੁੱਟੀ ਜਾ ਰਿਹਾ ਸੀ। ਕੂਕੇ ਨੇ ਮੁਸਲਮਾਨ ਨੂੰ ਕਿਹਾ, 'ਭਾਈ ਏਨਾ ਜ਼ੁਲਮ ਨਾ ਕਰ। ਭਾਰ ਤਾਂ ਪਹਿਲਾਂ ਹੀ ਬਹੁਤ ਹੈ। ਤੂੰ ਥੱਲੇ ਉਤਰ ਆਏਂ ਤਾਂ ਕੀ ਹਰਜ਼?' ਪਰ ਜਵਾਬ ਵਿਚ ਝੱਟ ਦੋ ਚਾਰ ਗਾਲ੍ਹਾਂ ਮਿਲੀਆਂ। ਕੂਕਾ ਕੋਈ ਬੁਜ਼ਦਿਲ ਜਾਂ ਕਾਇਰ ਤਾਂ ਹੈ ਹੀ ਨਹੀਂ ਸੀ। ਇੱਟ ਦਾ ਜਵਾਬ ਪੱਥਰ ਨਾਲ ਦਿੱਤਾ। ਨੌਬਤ ਹੱਥੋ ਪਾਈ ਤੱਕ ਆ ਗਈ। ਰਿਆਸਤ ਦੇ ਬਦ-ਦਿਮਾਗ ਕਰਮਚਾਰੀ ਉਸ ਨੂੰ ਫੜ ਕੇ ਕੋਤਵਾਲੀ ਲੈ ਗਏ। ਉਥੇ ਉਸ ਗਰੀਬ ਨੂੰ ਅਣਗਿਣਤ ਦੁਖ ਤਕਲੀਫ਼ਾਂ ਅਤੇ ਬੇਇੱਜ਼ਤੀ ਸਹਾਰਨੀ ਪਈ। ਬਾਅਦ ਵਿਚ ਉਹਦੀਆਂ ਅੱਖਾਂ ਸਾਹਮਣੇ ਉਹੀ ਬੌਲਦ ਮਾਰ ਦਿੱਤਾ ਗਿਆ। ਇਹ ਅਸਹਿ ਸੀ। ਰਿਹਾਅ ਹੁੰਦਿਆਂ ਹੀ ਉਹ ਭੈਣੀ ਪਹੁੰਚਿਆ। ਉਸਨੇ ਭਰੇ ਦੀਵਾਨ ਵਿਚ ਭਿਆਨਕ ਜ਼ੁਲਮਾਂ ਦੀ ਵਿਥਿਆ ਸੁਣਾਈ। ਲੋਕ ਤਾਂ ਰਾਏਕੋਟ ਦੀ ਵਾਰਦਾਤ ਤੋਂ ਹੀ ਭੜਕੇ ਹੋਏ ਸਨ। ਬਲਦੀ ਉੱਤੇ ਤੇਲ ਪਿਆ ਅਤੇ ਮੱਚ ਉਠੀ। ਆਪਣੇ ਬਾਹੂ ਬਲ ਦੇ ਭਰੋਸੇ ਬਦਲਾ ਲੈਣ ਦਾ ਫ਼ੈਸਲਾ ਹੋ ਗਿਆ। ਜੋਸ਼ ਵਧਦਾ ਵੇਖ ਕੇ ਗੁਰੂ ਜੀ ਨੇ ਗਲ ਵਿਚ ਪੱਲਾ ਪਾ ਕੇ ਬੇਨਤੀ ਕੀਤੀ "ਖਾਲਸਾ ਜੀ। ਕੀ ਅਨਰਥ ਕਰਨ ਜਾ ਰਹੇ ਹੋ? ਜ਼ਰਾ ਸ਼ਾਂਤੀ ਅਤੇ ਸਹਿਨਸ਼ੀਲਤਾ ਤੋਂ ਕੰਮ ਲਓ। ਜ਼ਰਾ ਸੋਚੋ ਤਾਂ ਸਹੀ, ਇਸ ਸਭ ਕੁਝ ਦਾ ਕੀ ਨਤੀਜਾ ਨਿਕਲੇਗਾ? ਸਾਰਾ ਬਣਿਆ ਬਣਾਇਆ ਕੰਮ ਵਿਗੜ ਜਾਏਗਾ?" ਗੁਰੂ ਜੀ ਦੇ ਇਸ ਤਰ੍ਹਾਂ ਮਤ ਦੇਣ ਨਾਲ ਕੁਝ ਲੋਕਾਂ ਦਾ ਜੋਸ਼ ਤਾਂ ਮੱਠਾ ਤਾਂ ਪੈ ਗਿਆ ਪਰ ਹੋਰ ਆਦਮੀ ਜੁਆਬੀ ਹਿੰਸਾ ਦੀ ਸਖ਼ਤ ਮੂਰਤੀ ਬਣ ਬੈਠੇ। ਉਨ੍ਹਾਂ ਦਾ ਜੋਸ਼ ਥੰਮ੍ਹਿਆ ਨਾ ਗਿਆ। ਗੁਰੂ ਜੀ ਨੇ ਲੱਖ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਇਕ ਸਾਥੀ ਦੀ ਬੇਇਜ਼ਤੀ ਨੂੰ ਉਹ ਕਿਵੇਂ ਸਹਾਰ ਸਕਦੇ ਸਨ। ਇਹ ਬੜੀ ਨਾਜ਼ੁਕ ਹਾਲਤ ਸੀ। ਕੰਮ ਅਧੂਰਾ ਹੀ ਸੀ ਅਤੇ ਕੋਈ ਤਿਆਰੀ ਵੀ ਨਹੀਂ ਕੀਤੀ ਹੋਈ ਸੀ। ਇਸ ਹਾਲਤ 'ਚ ਇਨ੍ਹਾਂ 150 ਉਤੇਜਿਤ ਲੋਕਾਂ ਦੇ ਸਾਥ ਦੇ ਨਾਲ ਸਾਰਾ ਅੰਦੋਲਣ ਕੁਚਲੇ ਜਾਣ ਦੀ ਸੰਭਾਵਨਾ ਸੀ। ਕੀ ਕੀਤਾ ਜਾਵੇ? ਫ਼ਰਜ਼ਸ਼ਿਨਾਸਾਂ ਦੀ ਤਰ੍ਹਾਂ ਸਾਰੇ ਦੇਖ ਰਹੇ ਸਨ, ਦੇਖ ਗੁਰੂ ਜੀ ਵੀ ਰਹੇ ਸਨ। ਕੋਈ ਦੂਜਾ ਆਦਮੀ ਇਹੋ ਜਿਹੇ ਸਮੇਂ ਕੀ ਕਰਦਾ, ਅਥਵਾ ਇਸ ਸਮੇਂ ਲੋਕ ਕੀ ਕਰਨ ਦੀ ਸਲਾਹ ਦੇ ਸਕਦੇ ਸਨ? ਇਨ੍ਹਾਂ ਗੱਲਾਂ ਦਾ ਸਾਨੂੰ ਪਤਾ ਵੀ ਨਹੀਂ ਅਤੇ ਕੋਈ ਫ਼ਿਕਰ ਵੀ ਨਹੀਂ।

ਦੂਰਦਰਸ਼ੀ ਗੁਰੂ ਜੀ ਨੇ ਉਸ ਵੇਲੇ ਇਹੀ ਸੋਚਿਆ ਕਿ ਇਹ ਉਤੇਜਿਤ ਲੋਕ ਤਾਂ ਸ਼ਾਂਤ ਹੋ ਨਹੀਂ ਰਹੇ। ਇਨ੍ਹਾਂ ਦੀ ਮਰਜ਼ੀ ਮੁਤਾਬਿਕ ਹੁਣੇ ਹੀ ਵਿਦਰੋਹ ਕਰਨ ਦੀ ਅਜੇ ਤਿਆਰੀ ਨਹੀਂ ਕੀਤੀ ਗਈ ਅਤੇ ਅਜੇ ਤਾਂ ਸਾਰਾ ਕੰਮ ਜਥੇਬੰਦ ਵੀ ਨਹੀਂ ਹੋਇਆ। ਇਸ ਵੇਲੇ ਜੇ ਇਹ ਚਲੇ ਜਾਣ ਅਤੇ ਅਸੀਂ ਸਰਕਾਰ ਨੂੰ ਦੱਸ ਦੇਈਏ ਕਿ ਸਾਡਾ ਇਨ੍ਹਾਂ ਨਾਲ ਕੋਈ ਵਾਸਤਾ ਨਹੀਂ ਤਾਂ ਬਾਕੀ ਅੰਦੋਲਣ ਬਚ ਜਾਵੇਗਾ। ਗੱਲ ਤਾਂ ਚੰਗੀ ਲੱਗਦੀ ਸੀ।

ਪਰ ਸਿਆਸੀ ਦਾਅ ਪੇਚਾਂ ਦੀ ਅਹਿਮੀਅਤ ਉਨ੍ਹਾਂ ਦੀ ਸਫ਼ਲਤਾ ਉੱਤੇ ਅਧਾਰਤ ਹੁੰਦੀ ਹੈ। ਗੁਰੂ ਜੀ ਨੇ ਇਹ ਦਾਅ ਪੇਚ ਵਰਤਿਆ, ਪਾਸਾ ਉਲਟ ਗਿਆ, ਇਹ ਨਿਸਫਲ ਰਿਹਾ। ਅਤੇ ਉਹੀ ਹੋਇਆ ਜਿਸ ਨੂੰ ਬਹਾਨਾ ਬਣਾ ਕੇ ਅੰਗ੍ਰੇਜ਼ ਨੇ ਕੂਕਾ ਲਹਿਰ ਨੂੰ ਕੁਚਲ ਦਿੱਤਾ। *(ਪਿਛੇ ਜਿਹੇ ਛੱਡਿਆ ਲੇਖ-ਸੰ.*



Sri Satguru Jagjit Singh Ji Elibrary NamdhariElibrary@gmail.com

**ਪੰ. ਜਵਾਹਰ ਲਾਲ ਨਹਿਰੂ:**

"ਸਤਿਗੁਰੂ ਰਾਮ ਸਿੰਘ ਜੀ ਨੇ ਨਾ-ਮਿਲਵਰਤਨ ਅਤੇ ਦੇਸ਼ ਲਈ ਕੁਰਬਾਨੀ ਦੀ ਲਹਿਰ ਚਲਾ ਕੇ ਦੇਸ਼ ਭਗਤਾਂ ਨੂੰ ਜੋ ਰਾਹ ਦਿਖਲਾਇਆ ਹੈ, ਜੇ ਸਾਰਾ ਦੇਸ ਉਸਨੂੰ ਸਮਝ ਲਵੇ ਤਾਂ ਥੋੜ੍ਹੇ ਦਿਨਾਂ ਵਿਚ ਹੀ ਆਪਣੀ ਗਿਣਤੀ ਅਜ਼ਾਦ ਦੇਸ਼ਾਂ ਵਿਚ ਕਰਾ ਸਕਦਾ ਹੈ।

"ਸਤਿਗੁਰੂ ਰਾਮ ਸਿੰਘ ਜੀ ਨੇ ਆਪਣੀ ਮਾਤਰੀ ਭੂਮੀ ਨੂੰ ਸੁਤੰਤਰਾ ਦਿਵਾਣ ਲਈ ਅਜ ਤੋਂ ਪੌਣੀ ਸਦੀ ਪਹਿਲਾਂ ਜੋ ਮਹਾਨ ਗੌਰਵਸ਼ਾਲੀ ਪਰੀਸ਼੍ਰਮ ਕੀਤਾ, ਉਸਦੀ ਮਹਾਨਤਾ ਤੋਂ ਕੋਈ ਹਿਦੁਸਤਾਨੀ ਵੀ ਇਨਕਾਰ ਨਹੀਂ ਕਰ ਸਕਦਾ। ਕਾਂਗਰਸ ਨੇ ਆਪਦੇ ਵਿਖਾਏ ਹੋਏ ਰਸਤੇ ਨੂੰ ਅਖ਼ਤਿਆਰ ਕਰਕੇ ਸ਼ਾਨਦਾਰ ਕਾਮਯਾਬੀਆਂ ਪ੍ਰਾਪਤ ਕੀਤੀਆ ਹਨ ਅਤੇ 75 ਸਾਲਾਂ ਦੇ ਲਗਭਗ ਸਮਾਂ ਗੁਜ਼ਰਨ ਉਪਰੰਤ ਵੀ ਉਹ ਪ੍ਰੋਗਰਾਮ ਪੁਰਾਣਾ ਨਹੀਂ ਹੋਇਆ, ਜਿਸਨੂੰ ਅਮਲੀ ਸ਼ਕਲ ਦੇਣ ਨਮਿਤ ਆਪਨੂੰ ਕਠਿਨ ਘਾਲਣਾ ਘਾਲਣੀ ਪਈ।

ਮੈਨੂੰ ਵਿਸ਼ਵਾਸ ਹੈ ਕਿ ਜੇਕਰ ਸਿੱਖ ਮਾਤ੍ ਉਸ ਮਾਰਗ ਉਤੇ, ਜੋ ਆਪਨੇ ਵਿਖਾਇਆ ਸੀ, ਚੱਲ ਪਵੇ ਤਾਂ ਹਿਦੁਸਤਾਨ ਦੇ ਸੁਤੰਤਰਤਾ ਯੁੱਧ ਵਿਚ ਬੇ-ਹੱਦ ਸਰਗਰਮੀ ਪੈਦਾ ਹੋ ਜਾਵੇ ਅਤੇ ਅਜਬ ਨਹੀਂ ਕਿ ਸਿੱਖਾਂ ਦੀ ਅਜ਼ਮਾਈ ਹੋਈ ਵੀਰਤਾ ਦਾ ਸਦਕਾ, ਇਸ ਸ਼ਾਨਦਾਰ ਰਵਾਇਤਾਂ ਵਾਲੇ ਦੇਸ਼ ਦੀਆਂ ਜ਼ੰਜੀਰਾਂ ਬਹੁਤ ਛੇਤੀ ਟੁਟ ਜਾਣ।"

**ਕਾਮਰੇਡ ਸੋਹਨ ਸਿੰਘ ਜੋਸ਼:**

1946-47 ਦੇ ਹਿਦੂ-ਮੁਸਲਿਮ ਫ਼ਸਾਦਾਂ ਦੇ ਦਿਨ ਮੈਨੂੰ ਕਦੇ ਨਹੀਂ ਭੁੱਲ ਸਕਦੇ। ਉਨ੍ਹਾਂ ਦਿਨਾਂ ਵਿਚ ਜਾਂ ਮਹਾਰਾਜਾ ਪਰਤਾਪ ਸਿੰਘ ਜੀ ਦੀ ਅਗਵਾਈ ਵਿਚ ਕੂਕੇ ਸਨ ਜਾਂ ਕਮਿਊਨਿਸਟ ਜਿਨ੍ਹਾਂ ਨੇ ਆਪਣੇ ਸਿਰਾਂ ਉਤੇ ਫ਼ਿਰਕੂ ਭੂਤਾਂ ਨੂੰ ਸਵਾਰ ਨਹੀਂ ਹੋਣ ਦਿੱਤਾ।... ਉਹ ਸਭ ਇਨ੍ਹਾਂ ਫ਼ਸਾਦਾਂ ਦੇ ਵਿਚ ਅੱਗੇ ਹੋ ਕੇ ਰੋਕਣ ਲਈ ਛਾਤੀਆਂ ਤਾਣ ਕੇ ਖਲੋ ਗਏ। ਮਹਾਰਾਜ ਜੀ ਦੀ ਇਸ ਅਸੂਲ-ਪਰਸਤੀ ਉਤੇ ਜਿੰਨਾ ਵੀ ਪੰਜਾਬੀ ਮਾਣ ਕਰਨ ਥੋੜ੍ਹਾ ਹੈ।"

**ਡਾ. ਫ਼ੌਜਾ ਸਿੰਘ ਪੀ. ਐਚ. ਡੀ:**

ਮਹਾਰਾਜਾ ਦਲੀਪ ਸਿੰਘ ਰੂਸ ਵਿਚ ਨਵੰਬਰ 1888 ਤਕ ਠਹਿਰੇ। ਉਥੋਂ ਉਨ੍ਹਾਂ ਨੇ ਪੰਜਾਬ ਦੇ ਸਿੱਖਾਂ, ਵਿਸ਼ੇਸ਼ ਕਰਕੇ ਨਾਮਧਾਰੀਆਂ ਨਾਲ ਸੰਪਰਕ ਪੈਦਾ ਕੀਤਾ ਅਤੇ ਹਿਦੁਸਤਾਨੀਆਂ ਦੇ ਨਾਂ ਇਕ ਅਪੀਲ ਜਾਰੀ ਕੀਤੀ ਕਿ ਪੰਜਾਬ ਵਿਚ ਰਹਿਣ ਵਾਲੇ ਇਕ ਆਨਾ ਪ੍ਰਤੀ ਜੀਅ ਪ੍ਰਤੀ ਮਹੀਨਾ ਤੇ ਪੰਜਾਬ ਤੋਂ ਬਾਹਰ ਰਹਿਣ ਵਾਲੇ ਇਕ ਪੈਸਾ ਪ੍ਰਤੀ ਜੀਅ ਮਹੀਨਾ ਚੰਦੇ ਦੇ ਤੌਰ ਤੇ ਇਕੱਠਾ ਕਰਕੇ ਦੇਣ ਤਾਂ ਜੁ ਉਸ ਰੁਪਏ ਨਾਲ ਫ਼ੌਜ ਭਰਤੀ ਕਰਕੇ ਭਾਰਤ ਨੂੰ ਅੰਗ੍ਰੇਜ਼ਾਂ ਦੇ ਕਬਜ਼ੇ ਤੋਂ ਰਿਹਾ ਕਰ ਸਕੇ।

... ਮਹਾਰਾਜਾ ਦਲੀਪ ਸਿੰਘ ਦੇ ਸਾਰੇ ਯਤਨ ਨਿਸਫਲ ਰਹੇ ਅਤੇ ਨਾਮਧਾਰੀਆਂ ਨੇ ਜੋ ਉਸ ਸਮੇਂ ਆਜ਼ਾਦੀ ਦੇ ਸੁਪਨੇ ਲਏ ਸਨ, ਉਹ ਪੂਰੇ ਨਾ ਹੋ ਸਕੇ। ਪਰ ਇਸ ਸਬੰਧ ਵਿਚ ਇਕ ਖਾਸ ਗੱਲ ਜਿਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਇਹ ਹੈ ਕਿ ਪੰਜਾਬ ਦੀ ਸਮੂਚੀ ਸਿਖ ਵਸੋਂ ਵਿਚੋਂ ਕੇਵਲ ਨਾਮਧਾਰੀ ਹੀ ਸਨ, ਜਿਨ੍ਹਾਂ ਨੇ ਸ਼ਰੇਆਮ ਆਪਣੇ ਆਪ ਨੂੰ ਮਹਾਰਾਜਾ ਦਲੀਪ ਸਿੰਘ ਦੇ ਹਿਤਾਂ ਨਾਲ ਜੋੜਿਆ ਅਤੇ ਉਨ੍ਹਾਂ ਦੇ ਮਿਸ਼ਨ ਦੀ ਸਫ਼ਲਤਾ ਲਈ ਕੇਵਲ ਕਾਮਨਾ ਹੀ ਨਹੀਂ ਕੀਤੀ ਸਗੋਂ ਨਿੱਗਰ ਯਤਨ ਵੀ ਕੀਤੇ।...

ਸਿੰਘ ਸਭਾ ਲਹਿਰ ਦੀ ਮਹੱਤਤਾ ਤੋਂ ਮੈਂ ਇਨਕਾਰੀ ਨਹੀਂ ਹਾਂ— ਕੋਈ ਵੀ ਸਮਝਦਾਰ ਮਨੁਖ ਇਸ ਨੂੰ ਮੰਨਣ ਤੋਂ ਨਾਂਹ ਨਹੀਂ ਕਰ ਸਕਦਾ। ਸਿੱਖ ਕੌਮ ਉਤੇ ਇਸ ਦੀ ਛਾਪ ਅਮਿਟ ਹੈ। ਪਰ ਇਹ ਭੁੱਲਣਾ ਨਹੀਂ ਚਾਹੀਦਾ ਕਿ ਇਹ ਲਹਿਰ ਅੰਗ੍ਰੇਜ਼ਾਂ ਦੀ ਹਮਾਇਤ ਨਾਲ ਸ਼ੁਰੂ ਹੋਈ ਸੀ ਅਤੇ ਇਸ ਵਿਚ ਉਨ੍ਹਾਂ ਦਾ ਉਦੇਸ਼ ਸਿੱਖਾਂ ਦੇ ਮਨਾਂ ਨੂੰ ਕੂਕਾ ਪ੍ਰਭਾਵਾਂ ਤੋਂ ਪਰ੍ਹੇ ਖੜਨਾ ਸੀ। ਇਸ ਦੇ ਸਿੱਟੇ ਵਜੋਂ ਕੂਕਿਆਂ ਦੀ ਨੁਕਤਾਚੀਨੀ, ਉਨ੍ਹਾਂ ਦੀ ਵਿਰੋਧਤਾ, ਹਰ ਉਸ ਸਿੱਖ ਲਈ ਇਕ ਪ੍ਰਕਾਰ ਦਾ ਫ਼ੈਸ਼ਨ ਬਣ ਗਿਆ, ਜਿਸ ਨੂੰ ਫ਼ਰੰਗੀ ਸਰਕਾਰ ਦੀ ਖੁਸ਼ਨੂਦੀ ਦਰਕਾਰ ਸੀ।

**ਸੁਭਾਸ਼ ਚੰਦਰ ਬੋਸ:**

ਪੌਣੀ ਸਦੀ ਤੋਂ ਸ਼ਾਂਤਮਈ ਅਸਹਯੋਗ ਅੰਦੋਲਣ ਦਾ ਅਨੁਭਵ ਰੱਖਣ ਵਾਲੇ ਨਾਮਧਾਰੀ ਸਿੰਘਾਂ ਤੋਂ ਇਹ ਆਸ ਹੋਏਗੀ ਹੀ ਕਿ ਉਹ ਆਜ਼ਾਦੀ ਦਾ ਝੰਡਾ ਉਠਾ ਕੇ ਸਾਰੇ ਦੇਸ਼ ਦੇ ਅੱਗੇ ਚੱਲਦੇ ਦਿਸਣ ਤੇ ਦੂਸਰੇ ਦੇਸ਼ ਵਾਸੀਆਂ ਨੂੰ ਵੀ ਕੁਰਬਾਨੀ ਲਈ ਉਤਸ਼ਾਹਿਤ ਕਰਨ।

**ਮਿ. ਜੇ. ਡਬਲਿਊ**
**ਸਾਬਕਾ ਕਮਿਸ਼ਨਰ ਅੰਬਾਲਾ:**

"ਇਸਦੇ ਇਰਾਦੇ ਸ਼ੁਰੂ ਵਿਚ ਭਾਵੇਂ ਕੁਝ ਵੀ ਹੋਣ, ਪਰ ਹੁਣ ਇਸਦਾ ਨਿਸ਼ਾਨਾ ਰਾਜਨੀਤਕ ਹੈ। ਉਹ ਇਕ ਅਜੇਹੇ ਪੰਥ ਦਾ ਆਗੂ ਅਤੇ ਅਦੁਤੀ ਨੇਤਾ ਹੈ, ਜੋ ਆਪਣੇ ਸੁਭਾਉ ਅਨੁਸਾਰ ਖਾਲਸਾ ਰਾਜ ਨੂੰ ਮੁੜ ਸੁਰਜੀਤ ਕਰਨ ਦੀ ਹੈਸੀਅਤ ਵਿਚ ਬਰਤਾਨਵੀ ਤਾਕਤ ਦਾ ਵੈਰੀ ਹੈ। ਪਹਿਲੋਂ ਰਾਮ ਸਿੰਘ ਨੂੰ ਸੰਤ ਸਰੂਪ ਗੁਰੂ ਨਾਨਕ ਦਾ ਰੂਪ ਸਮਝਿਆ ਜਾਂਦਾ ਸੀ, ਪਰ ਹੁਣ ਉਹ ਗੁਰੂ ਗੋਬਿੰਦ ਦਾ ਅਵਤਾਰ ਮੰਨਿਆ ਜਾਂਦਾ ਹੈ।

ਰਾਮ ਸਿੰਘ ਸਧਾਰਨ ਫ਼ਕੀਰਾਂ ਦੀ ਹੈਸੀਅਤ ਨਹੀਂ ਰੱਖਦਾ। ਉਹ ਤੁਹਾਨੂੰ ਅੱਧੀ ਦਰਜਨ ਸਵਾਰਾਂ ਨਾਲ ਮਿਲਦਾ ਹੈ, ਜਦਕਿ ਬੀਸੀਓਂ ਆਦਮੀ ਉਸਦੇ ਅੱਗੇ ਪਿਛੇ ਹੁੰਦੇ ਹਨ। ਉਹ ਆਪਣੇ ਸੂਬਿਆਂ ਦੇ ਘੇਰੇ ਵਿਚ, ਜਿਨ੍ਹਾਂ ਨੇ ਸੋਹਣੇ ਚਿੱਟੇ ਬਸਤ੍ ਪਹਿਨੇ ਹੁੰਦੇ ਹਨ, ਤੁਹਾਡੇ ਕੈਂਪ ਵਿਚ ਇਕ ਬਾਦਸ਼ਾਹ ਦੀ ਸ਼ਾਨ ਵਿਚ ਦਾਖ਼ਿਲ ਹੁੰਦਾ ਹੈ।

ਰਾਮ ਸਿੰਘ ਚਾਲਾਕ ਆਦਮੀਆਂ ਦੇ ਹੱਥਾਂ ਦੀ ਕਠਪੁਤਲੀ ਨਹੀਂ ਹੈ। ਜਿਸਨੇ ਉਸ ਦਾ ਦਰਸ਼ਨ ਕੀਤਾ ਤੇ ਉਸ ਨਾਲ ਗੱਲਾਂ ਕੀਤੀਆਂ ਹਨ ਉਸਨੇ ਉਸਦੀ ਬੁੱਧੀ ਦੀ ਸਥਿਰਤਾ ਅਤੇ ਆਚਰਨ ਦੀ ਅਡੋਲਤਾ ਵੇਖਣ ਵਿਚ ਉਕਾਈ ਨਹੀਂ ਕੀਤੀ ਹੋਵੇਗੀ। ਆਪਣੇ ਉਤੇ ਕਾਬੂ ਪਾਣ ਵਾਲੇ ਇਹ ਵੱਡੇ ਗੁਣ ਕਿਸੇ ਸਧਾਰਨ ਆਗੂ ਵਿਚ ਨਹੀਂ ਹੋ ਸਕਦੇ।"



Sri Satguru Jagjit Singh Ji Elibrary NamdhariElibrary@gmail.com

**ਗਿਆਨੀ ਰਾਜਿੰਦਰ ਸਿੰਘ :**

ਵਡਿਆਂ ਤੋਂ ਸੁਣਿਆ ਹੈ, ਕਿ ਸ੍ਰੀ ਬਾਬਾ ਰਾਮ ਸਿੰਘ ਜੀ ਨੇ ਪਿੰਡ ਪਿੰਡ ਪਹੁੰਚ ਕੇ ਚਿਰਾਂ ਤੋਂ ਬੰਦ ਪਏ ਗੁਰਦੁਆਰਿਆਂ ਨੂੰ ਖੋਲ੍ਹਿਆ। ਉਨ੍ਹਾਂ ਵਿਚੋਂ ਕਈਆਂ ਦੀਆਂ ਛੱਤਾਂ ਵਿਚ ਮਘੋਰਚੇ ਹੋਏ ਹੋਏ ਸਨ, ਅਰ ਕਈ ਕਈ ਸਾਉਣ ਮਹਾਰਾਜ ਦੀ ਪਵਿੱਤਰ ਦੇਹ ਉਤੇ ਵਸ ਚੁਕੇ ਸਨ। ਕਈ ਥਾਈਂ ਸਿਉਂਕ ਨੇ ਪੂਰੀ ਪੂਰੀ ਦੀਦਾ ਦਲੇਰੀ ਤੋਂ ਕੰਮ ਲਿਆ ਹੋਇਆ ਸੀ। ਆਪ ਨੇ ਉਨ੍ਹਾਂ ਹੀ ਗੁਰਦੁਆਰਿਆਂ ਦੀ ਸਾਥੀ ਸਿੰਘਾਂ ਦੀ ਮਦਦ ਨਾਲ ਮੁਰੰਮਤ ਕੀਤੀ ਤੇ ਫੇਰ ਸ੍ਰੀ ਗੁਰੂ ਗਰੰਥ ਸਾਹਿਬ ਜੀ ਪ੍ਰਕਾਸ਼ਤ ਕੀਤੇ। ਕਿਹਾ ਜਾਂਦਾ ਹੈ, ਕਿ ਕਈ ਥਾਈਂ ਆਪ ਜੀ ਦੀਆਂ ਇਨ੍ਹਾਂ ਸਰਗਰਮੀਆਂ ਦੀ ਵਿਰੋਧਤਾ ਵੀ ਹੋਈ, ਪਰ ਆਪਦੇ ਪ੍ਰੇਮ ਤੇ ਨਿਮ੍ਰਿਤਾ ਭਰੇ ਸਲੂਕ ਦੀ ਸਦਾ ਜਿੱਤ ਹੁੰਦੀ ਰਹੀ।

**ਅਮਰ ਸਿੰਘ ਦੁਸਾਂਝ (ਐਡੀਟਰ ਅਕਾਲੀ)**

ਅਸੀਂ ਬੜੇ ਗੌਰਵ ਨਾਲ ਆਖਦੇ ਹਾਂ ਕਿ ਭਗਤੀ, ਤਪੱਸਿਆ ਤੇ ਬੰਦਗੀ ਕਰਨ ਵਾਲੇ ਭਾਰਤ ਦੀ ਨੁਕਰ ਨੁਕਰ ਵਿਚ ਮਿਲ ਜਾਣਗੇ ਪਰੰਤੂ ਅਜਿਹੇ ਭਗਤ ਤੇ ਸੰਤ ਜੋ ਲੋੜ ਪੈਣ ਤੇ ਨੱਚਦੇ ਨੱਚਦੇ ਤੋਪਾਂ ਸਾਹਮਣੇ ਤੂੰਬਾ ਤੂੰਬਾ ਹੋ ਜਾਣ, ਕੇਵਲ ਕੂਕਾ ਪੰਥ ਵਿਚੋਂ ਹੀ ਮਿਲਣਗੇ।

**ਕਪੂਰ ਸਿੰਘ (ਆਈ. ਸੀ. ਐਸ.)**

"ਸੱਚੀ ਗੱਲ ਤਾਂ ਇਹ ਹੈ ਕਿ ਭਾਰਤ ਵਰਸ਼ ਦੀ ਹਜ਼ਾਰਾਂ ਵਰ੍ਹਿਆਂ ਦੀ ਤਵਾਰੀਖ ਵਿੱਚ ਗੁਰੂ ਗੋਬਿੰਦ ਸਿੰਘ ਤੋਂ ਬਿਨਾਂ ਕੋਈ ਵੀ ਇਤਿਹਾਸਕ ਵਿਅਕਤੀ ਅਜਿਹੀ ਨਹੀਂ ਹੋਈ, ਜਿਸ ਨੇ ਜੀਵਨ ਮਨੋਰਥ ਦਾ ਨਿਸ਼ਾਨ ਇਤਨਾ ਹਿਮਾਗੀਰ ਤੇ ਉੱਚਾ ਰੱਖਿਆ ਹੋਵੇ, ਜਿਸ ਦਾ ਮੰਤਵ ਕਿ ਜਾਤੀ ਤੇ ਜਨਤਾ ਦੇ ਆਤਮਕ ਤੌਰ 'ਤੇ ਸਾਰੇ ਵਹਿਮਾ-ਭਰਮਾਂ ਤੇ ਬੰਧਨਾਂ ਨੂੰ ਤੋੜ ਕੇ ਉਸ ਨੂੰ ਉੱਨਤੀ ਦੀ ਸਿਖਰ 'ਤੇ ਲੈ ਜਾਣਾ ਹੋਵੇ। ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਇਸ ਕਿਸਮ ਦੀ ਦਲੇਰ ਆਤਮਾ ਵਾਲਾ ਪੁਰਸ਼ ਭਾਰਤ 'ਚ ਬਾਬਾ ਰਾਮ ਸਿੰਘ ਹੀ ਹੋਇਆ ਹੈ।"

**ਖੁਸ਼ਵੰਤ ਸਿੰਘ :**

ਨਾਮਧਾਰੀ ਲੋਕ ਸਿਖ ਗੁਰੂਆਂ ਦੀ ਸ਼ਿਖਸ਼ਾ ਤੇ ਚੱਲਣ ਵਾਲੇ ਪੱਕੇ ਸਿਖ ਹਨ। ਇਨ੍ਹਾਂ ਦੇ ਗੁਰਦੁਆਰੇ ਅਡੰਬਰਾਂ ਤੋਂ ਉਪਰ ਹਨ ਤੇ ਨਾ ਹੀ ਗਰੰਥ ਸਾਹਿਬ ਉਤੇ ਵਧੀਆ ਕੀਮਤੀ ਰੇਸ਼ਮੀ ਚੰਦੋਆ ਤੇ ਖਰਚ ਕਰਦੇ ਹਨ ਤੇ ਨਾ ਹੀ ਬੁੱਤ ਪੂਜ ਪੁਜਾਰੀਆਂ ਵਾਂਗੂ ਮੁਠੀਆਂ ਭਰਦੇ ਹਨ। ਉਹ ਆਤਮ ਸੰਜਮੀ ਜੀਵਨ ਬਿਤਾਂਦੇ ਹਨ। ਸਵਾਏ ਚਿੱਟੇ ਖੱਦਰ ਦੇ ਕਪੜਿਆਂ ਤੇ ਦੁਧ ਚਿਟੀ ਉਨ੍ਹਾਂ ਦੀ ਮਾਲਾ ਦੇ ਕੋਈ ਗਹਿਣਾ ਗੱਟਾ ਨਹੀਂ ਪਾਂਦੇ। ਇਨ੍ਹਾਂ ਦੇ ਵਿਵਾਹ ਵੀ ਵਾਜਿਆਂ ਗਾਜਿਆਂ ਵਾਲੀਆਂ ਬਰਾਤਾਂ ਤੇ ਚੁਕਾਵਾਂ ਤੋਂ ਬਿਨਾ ਹੁੰਦੇ ਹਨ ਤੇ ਆਨੰਦ ਕਾਰਜ ਤੇ 13 ਰੁਪਿਆਂ ਤੋਂ ਵਧ ਖਰਚਾ ਨਹੀਂ ਕਰਦੇ। ਇਹ ਧਰਮ ਸਥਾਨਾਂ ਵਿਚ ਸ਼ਿਸ਼ਟਾਚਾਰੀ ਨਾਲ ਸ਼ਬਦ ਕੀਰਤਨ ਕਰਦੇ ਹਨ ਅਤੇ ਖਾਣ ਪੀਣ ਦੇ ਨਿਯਮਾਂ ਅਨੁਸਾਰ ਪੱਕੇ ਵੈਸ਼ਨੋ ਹਨ ਤੇ ਤੰਬਾਕੂ ਤੇ ਸ਼ਰਾਬ ਆਦਿ ਦੀ ਵਰਤੋਂ ਉੱਕਾ ਹੀ ਨਹੀਂ ਕਰਦੇ।

... ਸਤਿਗੁਰੂ ਰਾਮ ਸਿੰਘ ਪਿਛੋਂ ਉਨ੍ਹਾਂ ਦੇ ਛੋਟੇ ਭਾਈ, ਸਤਿਗੁਰੂ ਹਰੀ ਸਿੰਘ ਜੀ, ਜਿਨ੍ਹਾਂ ਨੇ ਜੀਵਨ ਦਾ ਸਾਰਾ ਸਮਾਂ ਸ੍ਰੀ ਭੈਣੀ ਸਾਹਿਬ ਵਿਚ ਨਜ਼ਰ ਬੰਦੀ ਦੀ ਹਾਲਤ ਵਿਚ ਗੁਜ਼ਾਰਿਆ, ਗੱਦੀ ਤੇ ਬੈਠੇ ਤੇ ਉਨ੍ਹਾਂ ਤੋਂ ਉਪਰੰਤ ਸਤਿਗੁਰੂ ਪ੍ਰਤਾਪ ਸਿੰਘ ਜੀ। ਇਸ ਸਮੇਂ ਨਾਮਧਾਰੀਆਂ ਦੇ ਸਤਿਗੁਰੂ ਜਗਜੀਤ ਸਿੰਘ ਹਨ।

**ਬਾਬਾ ਸੋਹਣ ਸਿੰਘ ਭਕਨਾ** ਦੀ ਰਚਿਤ "ਆਤਮ ਕਹਾਣੀ" ਤੋਂ ਪਤਾ ਲਗਦਾ ਹੈ ਕਿ ਇਸ ਲਹਿਰ ਦਾ ਗਦਰੀ ਬਾਬਿਆਂ ਉਤੇ ਚੋਖਾ ਅਸਰ ਸੀ। ਬਾਬਾ ਸੋਹਣ ਸਿੰਘ ਨੇ ਲਿਖਿਆ ਹੈ ਕਿ ਉਸ ਨੂੰ ਦੇਸ਼ ਦੀ ਆਜ਼ਾਦੀ ਦੀ ਪਹਿਲੀ ਲਾਗ ਇਕ ਗਵਾਂਢੀ ਪਿੰਡ ਦੇ ਕੂਕਾ ਬਾਬਾ ਕੇਸਰ ਸਿੰਘ ਨੇ ਲਾਈ ਸੀ।

ਸਾਰੇ ਗੁਰੂ ਨਾਨਕ ਦੇ ਸਿੱਖ ਸਨ ਅਤੇ ਸਾਰੇ ਸਤਿਗੁਰੂ ਰਾਮ ਸਿੰਘ ਦੇ ਸਿੱਖ ਸਨ। ਇਨ੍ਹਾਂ ਨੂੰ ਅੱਡ-ਅੱਡ ਅੰਗ੍ਰੇਜ਼ ਨੇ ਕੀਤਾ। ਅੰਗ੍ਰੇਜ਼ ਦੇ ਪ੍ਰਭਾਵ ਅੱਜ ਵੀ ਕਾਇਮ ਹੈ। ਅੱਜ ਵੀ ਅਸੀਂ ਇਤਿਹਾਸ ਮੈਕਾਲਿਫ਼ ਦਾ ਪੜ੍ਹਦੇ ਹਾਂ, ਕਨਿੰਘਮ ਦਾ ਪੜ੍ਹਦੇ ਹਾਂ। ਅੰਗ੍ਰੇਜ਼ਾਂ ਨੇ ਤਾਂ ਇਤਿਹਾਸ ਉਹ ਲਿਖਿਆ ਜਿਹੜਾ ਉਨ੍ਹਾਂ ਨੂੰ ਵਾਰਾ ਖਾਂਦਾ ਸੀ। ਅਸੀਂ ਆਪਣਾ ਕੋਈ ਇਤਿਹਾਸ ਨਹੀਂ ਲਿਖਿਆ ਜਿਹੜਾ ਸਾਨੂੰ ਸੱਚ ਦੱਸੇ, ਜਿਹੜਾ ਸਾਨੂੰ ਇਕ ਹੋਣ ਲਈ ਪ੍ਰੇਰੇ।

*—ਹੰਸ ਪਾਲ*

**ਭਾਈ ਕਾਨ੍ਹ ਸਿੰਘ :**

ਭੰਗ, ਸ਼ਰਾਬ, ਅਫੀਮ ਛਡਾ ਕੇ
ਨਸ਼ਾ ਪ੍ਰੇਮ ਦਾ ਦਿਤਾ।
ਮੰਗ ਖਾਣ ਨੂੰ ਖੰਡਨ ਕੀਤਾ
ਦਸ ਧਰਮ ਦਾ ਕਿਤਾ।
ਫੁਟ, ਈਰਖਾ, ਵੈਰ ਭਾਵ
ਅਰ ਨਫਰਤ ਮਨੋਂ ਹਟਾਈ।
ਮੁਦਿਤਾ, ਮੈਤ੍ਰੀ, ਕਰੁਣਾ ਦ੍ਰਿੜ ਕਰ
ਸਿੱਖਾਂ ਚਿਤ ਵਸਾਈ।
ਭੁਖਾ, ਨੰਗਾ, ਰੋਗੀ ਸੋਗੀ
ਜੋ ਸਰਨੀ ਚਲ ਆਵੇ।
ਹੋਇ ਤ੍ਰਿਪਤ ਅਰ ਪਰਮ ਅਨੰਦੀ
ਜੀਵਨ ਸਰਸ ਬਿਤਾਵੇ।
ਸਿਖੀ ਬਾਗ਼ ਖਜ਼ਾਂ ਜਦ ਗ੍ਰਸਿਆ
ਭਯੋ ਪਤਬਿਨ ਸਾਜਾ।
ਰੂਪ ਬਸੰਤ ਧਾਰ ਕੇ ਬਾਬਾ,
ਦਿਨ ਬਸੰਤ ਦੇ ਆਇਆ।

**ਡਾ. ਕਰਮ ਸਿੰਘ ਕਪੂਰ (P.H.D.)**

ਭਾਰਤ ਦਾ ਅਜ਼ਾਦ ਪੰਛੀ... ਗੁਲਾਮੀ ਦੀਆਂ ਜੰਜੀਰਾਂ ਵਿਚ ਜਕੜਿਆ ਬੇਬਸ ਫੜਕ ਰਿਹਾ ਸੀ। ਸਿਖ ਜਜ਼ਬਾ ਜੋ ਪੂਰੀ ਤਰ੍ਹਾਂ ਨਹੀਂ ਸੀ ਮਰਿਆ ਤਾਂ ਆਖਰੀ ਸਾਹਾਂ ਤੇ ਸੀ। ਹੌਲੀ ਹੌਲੀ ਟੱਕਰ ਲੈਣ ਦੀ ਥਾਂ ਹਾਲਾਤ ਨਾਲ ਸਮਝੌਤਾ ਕਰ ਲੈਣ ਤੇ ਆ ਟਿਕੀ ਸੀ, ਪਰ ਕੁਦਰਤ ਨੂੰ ਕੁਝ ਹੋਰ ਮਨਜ਼ੂਰ ਸੀ।...



Sri Satguru Jagjit Singh Ji Elibrary NamdhariElibrary@gmail.com

## ਹਰਕ੍ਰਿਸ਼ਨ ਸਿੰਘ ਸੁਰਜੀਤ :

ਮੈਨੂੰ ਨਾਮਧਾਰੀ ਪੰਥ ਨਾਲ ਮੁੱਢ ਤੋਂ ਹੀ ਸਨੇਹ ਹੈ। ਅੰਗ੍ਰੇਜ਼ੀ ਰਾਜ ਦੇ ਵਿਰੁਧ ਪੰਜਾਬੀਆਂ ਦੇ ਸੰਗਰਾਮ ਵਿਚ ਨਾਮਧਾਰੀ ਲਹਿਰ ਦੀ ਪਹਿਲੀ ਥਾਂ ਆਉਂਦੀ ਹੈ।...

(ਇਨ੍ਹਾਂ ਨਾਲ ਜੁੜੀਆਂ ਇਤਿਹਾਸਕ ਘਟਨਾਵਾਂ) ਮੈਨੂੰ ਆਜ਼ਾਦੀ ਦੀ ਲੜਾਈ ਵਿਚ ਕੁੱਦਣ ਵਾਸਤੇ ਬੜਾ ਉਤਸਾਹਤ ਕਰਦੀਆਂ ਸਨ ਅਤੇ ਏਸੇ ਕਰਕੇ ਮੈਨੂੰ ਨਾਮਧਾਰੀਆਂ ਵਿਚ ਬੜੀ ਦਿਲਚਸਪੀ ਸੀ। ਮੇਰੇ ਨਾਨਕੇ, ਪਿੰਡ ਮੁਠੱਡਾ ਖੁਰਦ ਤੋਂ ਇਕ ਮੀਲ, ਮੁਠੱਡਾ ਕਲਾਂ ਨਾਮਧਾਰੀਆਂ ਦਾ ਤਕੜਾ ਕੇਂਦਰ ਸੀ। ਮੈਂ ਕਈ ਵੇਰਾਂ ਉਨ੍ਹਾਂ ਦੇ ਦੀਵਾਨ ਸੁਣਨ ਵਾਸਤੇ ਜਾਇਆ ਕਰਦਾ ਸਾਂ। ਇਕ ਦਿਨ ਦੀ ਗੱਲ ਹੈ ਕਿ ਦੀਵਾਨ ਲੱਗਾ ਹੋਇਆ ਸੀ। ਬਹੁਤ ਸਾਰੇ ਨੌਜਵਾਨ ਲੜਕੇ ਲੜਕੀਆਂ ਬੈਠੇ ਹੋਏ ਸਨ। ਮਹਾਰਾਜ ਪ੍ਰਤਾਪ ਸਿੰਘ ਜੀ ਲੜਕੇ ਲੜਕੀਆਂ ਦੇ ਜੋੜਿਆਂ ਨੂੰ ਬੁਲਾ ਕੇ ਕੇਵਲ ਸਵਾ ਰੁਪਿਆ ਮੱਥਾ ਟਿਕਾ ਕੇ ਵਿਆਹ ਕਰੀ ਜਾ ਰਹੇ ਸਨ। ਨਾ ਅੱਡ-ਅੱਡ ਜੰਝਾਂ ਸਨ ਤੇ ਨਾ ਹੀ ਦਾਜ ਦਾ ਮਸਲਾ, ਨਾ ਘੁੰਗਟ ਤੇ ਨਾ ਕੋਈ ਹੋਰ ਪੁੱਠਾ ਸਿੱਧਾ ਰਿਵਾਜ। ਮੈਂ ਵੇਖਿਆ ਕਿ ਨਾਮਧਾਰੀ ਕੇਵਲ ਆਜ਼ਾਦੀ ਦੇ ਸੰਗਰਾਮ ਵਿਚ ਦਿਲਚਸਪੀ ਨਹੀਂ ਰੱਖਦੇ ਬਲਕਿ ਸਮਾਜ ਸੁਧਾਰ ਵਿਚ ਵੀ ਅੱਗੇ ਹਨ।

ਮੈਂ ਆਪ ਦੇਸ ਦੀ ਆਜ਼ਾਦੀ ਲਈ ਜਵਾਨੀ ਦੇ ਬਹੁਤੇ ਦਿਨ ਜੇਹਲਾਂ ਤੇ ਮਫ਼ਰੂਰੀਆਂ ਵਿਚ ਕੱਟੇ ਹਨ। ਮੈਨੂੰ ਮਹਾਰਾਜ ਪ੍ਰਤਾਪ ਸਿੰਘ ਜੀ ਨੂੰ ਲਾਗੇ ਹੋ ਕੇ ਵੇਖਣ ਦਾ ਮੌਕਾ 1945 ਈ: ਵਿਚ ਮਿਲਿਆ ਜਦੋਂ ਪੰਜਾਬ ਵਿਚ ਚੋਣਾਂ ਹੋਣ ਵਾਲੀਆਂ ਸਨ। ਮੈਂ ਤੇ ਜੋਸ਼ ਜੀ ਉਨ੍ਹਾਂ ਨੂੰ ਮਿਲਣ ਵਾਸਤੇ ਸ੍ਰੀ ਭੈਣੀ ਸਾਹਿਬ ਗਏ। ਬੜੀ ਖੁੱਲ੍ਹੀ ਤਰ੍ਹਾਂ ਸਿਆਸੀ ਹਾਲਾਤ ਤੇ ਵਿਚਾਰ ਕੀਤੀ। ਉਨ੍ਹਾਂ ਬੜੀ ਸਾਫ਼-ਗੋਈ ਤੋਂ ਕੰਮ ਲਿਆ ਅਤੇ ਆਖਿਆ ਕਿ ਉਨ੍ਹਾਂ ਨੂੰ ਦੇਸ਼ ਦੀ ਆਜ਼ਾਦੀ ਵਾਸਤੇ ਲੜ ਰਹੀ ਕਿਸੇ ਇਕ ਪਾਰਟੀ ਨਾਲ ਲਗਾਉ ਨਹੀਂ, ਉਹ ਤਾਂ ਸਾਰੇ ਦੇਸ਼ ਭਗਤਾਂ ਦੇ ਹਿਤੈਸ਼ੀ ਹਨ। ਉਨ੍ਹਾਂ ਦੀ ਖ਼ਾਹਸ਼ ਹੈ ਕਿ ਚੰਗਾ ਹੋਵੇ ਜੇਕਰ ਸਾਰੀਆਂ ਦੇਸ਼ ਭਗਤ ਪਾਰਟੀਆਂ ਇਕੱਠੀਆਂ ਹੋ ਕੇ ਚੋਣਾਂ ਲੜਨ, ਪਰ ਜੇਕਰ ਇਹ ਨਾ ਹੋ ਸਕੇ ਤਾਂ ਉਹ ਹਰ ਉਸ ਉਮੀਦਵਾਰ ਦੀ ਇਮਦਾਦ ਕਰਨਗੇ ਜੋ ਸਭ ਤੋਂ ਚੰਗਾ ਹੈ ਤੇ ਜਿਸ ਨੇ ਦੇਸ਼ ਵਾਸਤੇ ਸਭ ਤੋਂ ਵਧ ਕੁਰਬਾਨੀਆਂ ਕੀਤੀਆਂ ਹਨ, ਭਾਵੇਂ ਉਹ ਕਿਸੇ ਪਾਰਟੀ ਨਾਲ ਵੀ ਸਬੰਧ ਕਿਉਂ ਨਾ ਰੱਖਦਾ ਹੋਵੇ। ਉਨ੍ਹਾਂ ਦੀ ਆਜ਼ਾਦੀ ਹਾਸਲ ਕਰਨ ਵਾਸਤੇ ਏਕਤਾ ਦੀ ਖ਼ਾਹਸ਼ ਤੇ ਆਜ਼ਾਦੀ ਦੀ ਤੜਪ ਨੇ ਸਾਡੇ ਵਿਚ ਇਕ ਨਾ ਟੁੱਟਣ ਵਾਲੇ ਸੰਬੰਧ ਪੈਦਾ ਕਰ ਦਿੱਤੇ। ਉਸ ਤੋਂ ਉਪਰੰਤ ਉਨ੍ਹਾਂ ਨੂੰ ਕਮਿਉਨਿਸਟਾਂ ਬਾਰੇ ਚੰਗੀ ਤਰ੍ਹਾਂ ਜਾਣਨ ਦਾ ਮੌਕਾ ਮਿਲਿਆ ਅਤੇ ਸਾਨੂੰ ਨਾਮਧਾਰੀਆਂ ਦੇ ਅਮਨ-ਏਕਤਾ, ਜਮਹੂਰੀਅਤ ਤੇ ਆਜ਼ਾਦੀ ਦੇ ਜਜ਼ਬੇ ਨੂੰ ਨੇੜੇ ਹੋ ਕੇ ਵੇਖ ਸਕਣ ਦਾ। ਉਨ੍ਹਾਂ ਕਦੀ ਅੰਗ੍ਰੇਜ਼ੀ ਸਾਮਰਾਜ ਤੋਂ ਰਿਆਇਤਾਂ ਲੈਣ ਵਾਸਤੇ ਨਹੀਂ ਸੀ ਤੱਕਿਆ ਸਗੋਂ ਖੁੱਲ੍ਹੇ ਤੌਰ ਤੇ ਕੌਮੀ ਲਹਿਰ ਦੀ ਹਮਾਇਤ ਕਰਦੇ ਸਨ ਅਤੇ ਇਸ ਕਰਕੇ ਸੀ. ਆਈ. ਡੀ. ਦੀ ਨਿਗਾਹ ਭੈਣੀ ਸਾਹਿਬ ਤੇ ਬੜੀ ਰਹਿੰਦੀ ਸੀ। ਉਨ੍ਹਾਂ ਨੂੰ ਇਕੱਲਾ ਕਾਂਗਰਸ ਨਾਲ ਹੀ ਪ੍ਰੇਮ ਨਹੀਂ ਸੀ ਸਗੋਂ ਹਰ ਦੇਸ਼ ਭਗਤ ਦੀ ਕਦਰ ਕਰਦੇ ਸਨ। ਉਹ ਆਪ ਪੂਰਨ ਸ਼ਾਂਤਮਈ ਦੇ ਹਾਮੀ ਸਨ ਪਰ ਉਹ ਦੂਸਰੇ ਇਨਕਲਾਬੀਆਂ ਦੀ ਕਦਰ ਕਰਨੋਂ ਨਹੀਂ ਰਹਿੰਦੇ ਸਨ। ਮਹਾਰਾਜ ਪ੍ਰਤਾਪ ਸਿੰਘ ਜੀ ਮਨੁੱਖਤਾ ਦੀ ਕਦਰ ਵਿਚ ਅਡੋਲ ਸਨ।...

### *ਮਲੇਰ ਕੋਟਲਾ, 1998 :*

ਸ੍ਰ. ਗੁਰਚਰਨ ਸਿੰਘ ਟੌਹੜਾ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਿਹਾ ਕਿ ਦੇਸ਼ ਧਰਮ ਤੇ ਗਊ ਗ਼ਰੀਬ ਦੀ ਰੱਖਿਆ ਖਾਤਰ ਜੋ ਸ਼ਹਾਦਤਾਂ ਸਤਿਗੁਰੂ ਰਾਮ ਸਿੰਘ ਦੇ ਸਿੱਖਾਂ, ਨਾਮਧਾਰੀਆਂ ਨੇ ਦਿੱਤੀਆਂ ਉਹ ਮਹਾਨ ਹਨ। ਟੌਹੜਾ ਸਾਹਿਬ ਨੇ ਕਿਹਾ ਕਿ ਅੱਜ ਸਾਡੇ ਲਈ ਇਹ ਮੌਕਾ ਬੜਾ ਸੁਭਾਗਸ਼ਾਲੀ ਹੈ ਜੋ ਸ੍ਰੀ ਸਤਿਗੁਰੂ ਜੀ ਤੇ ਇਸ ਸ਼ਹੀਦਗਾਹ ਦੇ ਦਰਸ਼ਨ ਕਰਨ ਦਾ ਅਵਸਰ ਮਿਲਿਆ ਹੈ।

ਆਪ ਨੇ ਹੋਰ ਕਿਹਾ ਕਿ ਜਿਹਨਾਂ ਮੈਨੂੰ ਇਥੇ ਲਿਆਉਣ ਬਾਰੇ ਪ੍ਰੇਰਨਾ ਦਿੱਤੀ, ਸਤਿਗੁਰਾਂ ਦੇ ਤੇ ਸ਼ਹੀਦੀ ਸਮਾਰਕ ਦੇ ਦਰਸ਼ਨ ਕਰਵਾਏ ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ।

*ਕਈ ਵਾਰੀ ਸਤਿਗੁਰੂ ਵੀ ਦੋ ਜਾਂ ਵਧ ਹੋ ਸਕਦੇ ਹਨ-ਉਹ ਕਿਵੇਂ? ਸਾਡੇ ਵਲ ਵੇਖੋ-ਮੈਂ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਵੇਲੇ ਅਫ਼ਰੀਕਾ ਵਿਚ ਭਜਨ ਪੁੱਛਿਆ-ਤੇਰਾਂ ਚੌਦਾਂ ਸਾਲਾਂ ਦਾ ਸਾਂ-ਬਾੜੀ ਨੀਝ ਨਾਲ ਉਨ੍ਹਾਂ ਨੂੰ ਤੱਕਿਆ ਅਤੇ ਉਨ੍ਹਾਂ ਦਾ ਪਿਆਰ ਅਨੁਭਵ ਕੀਤਾ ਜੋ ਸਰੀਰ ਦੇ ਰੋਮ ਰੋਮ ਵਿਚ ਵਸਿਆ ਹੋਇਆ ਹੈ। ਉਨ੍ਹਾਂ ਦੀ ਯਾਦ ਅੱਜ ਵੀ ਮੇਰੇ ਅੰਦਰ ਝਰਨਾਟ ਛੇੜ ਦੇਂਦੀ ਹੈ ਅਤੇ ਅੱਖਾਂ ਵਿਚੋਂ ਤ੍ਰਿਪ ਤ੍ਰਿਪ ਹੰਝੂਆਂ ਦੀ ਲੜੀ ਨਿਰੰਤਰ ਲਗ ਜਾਂਦੀ ਹੈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਦੀਵੀ ਵਿਛੋੜੇ ਤੋਂ ਬਾਦ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਜਦੋਂ ਮੇਲ ਹੋਇਆ ਤਾਂ ਸੋਨੇ ਤੇ ਸੁਹਾਗੇ ਦਾ ਕੰਮ ਹੋਇਆ। ਇਕ ਇਕ ਘੜੀ, ਇਕ ਇਕ ਪਲ ਦਿਲ ਕਰਦਾ ਹੈ ਉਨ੍ਹਾਂ ਦੇ ਦਰਸ਼ਨ ਕਰਦਿਆਂ ਗੁਜ਼ਰੇ। ਉਨ੍ਹਾਂ ਦੀ ਖ਼ੁਸ਼ੀ ਦਾ ਪਾਤਰ ਬਣੇ ਰਹੀਏ ਅਤੇ ਅੰਤਮ ਸੁਆਸ ਉਨ੍ਹਾਂ ਦੇ ਚਰਨਾਂ ਵਿਚ ਨਿਕਲੇ।*

—[illegible] ਸਿੰਘ [illegible]



Sri Satguru Jagjit Singh Ji Elibrary NamdhariElibrary@gmail.com

## ਸ੍ਰ: ਗੁਰਬਖਸ਼ ਸਿੰਘ ਪ੍ਰੀਤ ਲੜੀ

ਮੈਂ ਬੜੀ ਚਾਹ ਨਾਲ ਤਿੰਨ ਚਾਰ ਸੁਘੜ ਸੱਜਣਾਂ ਕੋਲੋਂ ਮਹਾਰਾਜ ਰਾਮ ਸਿੰਘ ਜੀ ਦਾ ਹਾਲ ਪੁੱਛਿਆ ਹੈ। ਸੁਣ ਕੇ ਅਸਚਰਜ ਹੋ ਗਿਆ ਹਾਂ। ਕੇਡਾ ਦੂਰ ਅੰਦੇਸ਼, ਕੇਡਾ ਦੇਸ਼ ਭਗਤ, ਕੇਡਾ ਭਰੋਸੇ ਵਾਲਾ, ਕੇਡਾ ਕਰਨੀ ਵਾਲਾ, ਕੇਡਾ ਪਵਿਤ੍ਰ, ਕੇਡਾ ਸੁਤੰਤ੍ਰ, ਅਤੇ ਸੁਤੰਤ੍ਰਤਾ ਦੀਆਂ ਜੰਗਾਲੀਆਂ ਤਾਰਾਂ ਖੁਰਚ ਕੇ ਗੁਲਾਮ ਸਰੰਗੀਆਂ ਵਿਚੋਂ ਰੱਬੀ ਤਰਾਨੇ ਕੱਢਣ ਵਾਲਾ ਮਹਾਂ ਪੁਰਖ ਰਾਮ ਸਿੰਘ ਹੋਇਆ ਹੈ। ਮੈਂ ਪੁਛਦਾ ਹਾਂ ਇਨ੍ਹਾਂ ਦਾ ਜੀਵਨ ਮੈਨੂੰ ਸਕੂਲ ਵਿਚ ਕਿਉਂ ਨਹੀਂ ਪੜ੍ਹਾਇਆ ਗਿਆ? ਚੀਨ, ਜਪਾਨ, ਰੂਸ, ਜਰਮਨੀ, ਸਾਰੀਆਂ ਵਲੈਤਾਂ ਵਿਚ ਕੋਈ ਆਦਮੀ ਨਹੀਂ ਜਿਹਦੀ ਕਹਾਣੀ ਹੋਵੇ ਤੇ ਮੈਂ ਨਾ ਜਾਣਦਾ ਹੋਵਾਂ, ਪਰ ਮਹਾਰਾਜ ਰਾਮ ਸਿੰਘ ਮੇਰੇ ਆਪਣੇ ਦੇਸ਼ ਦੇ ਉਜਲੇ ਮਹਾਂ ਪੁਰਖ ਦਾ ਜਾਣੂ ਮੈਂ ਅੱਧੀ ਉਮਰ ਬਿਤਾ ਕੇ ਅੱਜ ਹੋਇਆ ਹਾਂ ਤੇ ਉਹ ਵੀ ਓਨਾਂ ਨਹੀਂ ਕਿ ਉਨ੍ਹਾ ਦੇ ਜੀਵਨ ਤੇ ਇਕ ਮੁਕੰਮਲ ਲੇਖ ਲਿਖ ਸਕਾਂ।

ਮੈਨੂੰ ਇਹ ਪਤਾ ਕਰਕੇ ਬੜਾ ਸ਼ੋਕ ਹੋਇਆ ਹੈ, ਕਿ ਸਿਖ ਕੌਮ ਦੇ ਬਹੁਤ ਸਾਰੇ ਹਿੱਸੇ ਨੇ ਏਸ ਮਹਾਂ ਪੁਰਖ ਨੂੰ ਅਪਣਾਇਆ ਨਹੀਂ। ਐਡੀ ਸੁਹਣੀ ਹਸਤੀ, ਅਜਿਹੇ ਗੁਣਾਂ ਵਾਲੀ, ਸਹਿਨਸ਼ੀਲ, ਸ਼ਾਂਤੀ ਦਾ ਪੁੰਜ, ਨਿਰਵੈਰ, ਦਇਆ ਭਰੀ, ਜਿਹੜੀ ਅਹਿੰਸਾ ਨੂੰ ਆਪਣਾ ਵੱਡਾ ਧਰਮ ਗਿਣਦੀ ਸੀ, ਦੀ ਸੁੱਚੀ ਜ਼ਿੰਦਗੀ ਨੂੰ ਜਿਹੜੇ ਲੋਕ ਮਾੜੇ ਜਿਹੇ ਮਤਭੇਦ ਕਰਕੇ ਵਖ ਕਰ ਸਕਦੇ ਹਨ, ਉਨ੍ਹਾਂ ਦੀ ਦਨਾਈ ਸ਼ੰਕਾ ਜਨਕ ਹੈ। ਕੀ ਹੋਇਆ ਜੇ ਕੁਝ ਸ਼ਰਧਾਲੂ ਉਨ੍ਹਾਂ ਨੂੰ ਸਤਿਗੁਰੂ ਆਖ ਕੇ ਖੁਸ਼ ਹੁੰਦੇ ਹਨ?

ਮੈਨੂੰ ਦੱਸਣ ਵਾਲਿਆਂ ਨੇ ਨਾਮਧਾਰੀਆਂ ਕੋਲੋਂ ਉੱਤੇ ਹੀ ਡਰਾਈ ਰਖਿਆ। ਉਨ੍ਹਾਂ ਦੇ ਅਸੂਲ ਤੇ ਉਨ੍ਹਾਂ ਦੇ ਜੀਵਨ ਦਾ ਜਿਹੜਾ ਹਾਲ ਮੈਂ ਹੁਣ ਸੁਣਿਆ ਹੈ, ਉਹਦੇ ਕਰਕੇ ਮੇਰਾ ਸਿਰ ਉਨ੍ਹਾਂ ਦੀ ਸਲਾਹੁਤਾ ਵਿਚ ਝੁਕ ਗਿਆ ਹੈ।

ਅਜ ਸੁਦੇਸ਼ੀ, ਸ਼ਾਂਤ-ਮਨ, ਨਾ-ਮਿਲਵਰਤਨ, ਪੰਚੈਤੀ ਫ਼ੈਸਲੇ, ਸ਼ਰਾਬ ਦੀ ਵਿਰੋਧਤਾ, ਆਜ਼ਾਦੀ ਦੇ ਗੀਤ ਆਮ ਸੁਣੇ ਜਾਂਦੇ ਹਨ। ਵਰਤੇ ਭਾਵੇਂ ਹੁਣ ਵੀ ਨਹੀਂ ਜਾਂਦੇ ਸਨ ਪਰ ਅਜ ਤੋਂ ਸੱਠ ਸੱਤਰ ਸਾਲ ਪਹਿਲੇ ਜਿਸ ਬੀਰ ਹਿਰਦੇ ਨੇ ਇਨ੍ਹਾਂ ਦਾ ਪੈਗਾਮ ਦਿਤਾ ਸੀ ਉਹ ਕੇਡੀ ਕੁ ਦੂਰ ਦ੍ਰਿਸ਼ਟੀ, ਦਲੇਰੀ, ਨਿਡਰਤਾ ਦਾ ਸੁਆਮੀ ਹੋਵੇਗਾ। ਉਸ ਨੇ ਆਪਣੇ ਸ਼ਰਧਾਲੂਆਂ ਦੀ ਗੁਲਾਮੀ ਰੋ ਕੱਟ ਕੇ ਵਖਾ ਦਿਤੀ। ਹੁਣ ਮੈਨੂੰ ਪਤਾ ਲਗਾ ਹੈ ਕਿ ਨਾਮਧਾਰੀ ਵੀਰਾਂ ਦੇ ਸ਼ਰੀਰ ਲੰਮੇ, ... ਚਿਹਰੇ ਦਗ ਦਗ ਕਰਦੇ ਕਿਉਂ ਹੁੰਦੇ ਹਨ। ਕਿਉਂਕਿ ਉਨ੍ਹਾਂ ਦੇ ਮਹਾਰਾਜ ਰਾਮ ਸਿੰਘ ਜੀ ਨੇ ਉਨ੍ਹਾਂ ਨੂੰ ਆਜ਼ਾਦ ਕਰ ਦਿੱਤਾ ਹੈ—ਉਨ੍ਹਾਂ ਦੀਆਂ ਸਰੀਰਕ ਲੋੜਾਂ ਥੋੜੀਆਂ ਕਰਕੇ, ਕ੍ਰਿਤ ਕਮਾਈ ਕਰਕੇ ਸਾਦਾ ਰਹਿਣ ਦੀ ਜਾਚ ਦੱਸ ਕੇ, ਖੁਦ ਮੁਖਤਾਰੀ ਦਾ ਸਬਕ ਦੇ ਕੇ ਖੁਸ਼ਾਮਦ ਤੇ ਚਿੰਤਾ ਦੇ ਰੋਗਾਂ ਤੋਂ ਬਰੀ ਕਰ ਦਿੱਤਾ ਹੈ। ਜਿਹੜਾ ਆਦਮੀ ਸਾਗ ਭਾਜੇ ਨਾਲ ਚਾਰ ਮੋਟੇ ਪ੍ਰਸ਼ਾਦੇ ਛਕ ਕੇ ਤੇ ਦੋ ਜਾਂ ਤਿੰਨ ਮੋਟੇ ਬਸਤ੍ਰ ਪਹਿਨ ਕੇ ਜੀਊਂਦਾ ਰਹਿ ਸਕਦਾ ਹੈ, ਉਹ ਕਿਉਂ ਨਾ ਨਿਡਰ ਹੋਵੇ? ਉਹਨੂੰ ਕਿਹੜੀ ਸਰਕਾਰ ਦਬਾ ਸਕਦੀ ਹੈ? ਉਹ ਸੁਤੰਤ੍ਰ ਹੈ।

ਦੁਨੀਆਂ ਵਿਚ ਜਿਨ੍ਹਾਂ ਜਿਨ੍ਹਾਂ ਨੇ ਕੁਝ ਕੀਤਾ ਹੈ, ਉਹ ਏਸੇ ਹੀ ਮਰਯਾਦਾ ਦੇ ਆਦਮੀ ਹੋਏ ਹਨ, ਤੇ ਜਦੋਂ ਵੀ ਕੰਮ ਦਾ ਵੇਲਾ ਆਇਆ ਹੈ ਅਜਿਹੇ ਹੀ ਆਪੇ ਤੋਂ ਅਚੇਤ ਤੇ ਕੁਰਬਾਨ ਹੋ ਸਕਣ ਵਾਲੇ ਬੀਰ ਹੀ ਜਾਨ ਹੀਲ ਕੇ ਦਸ ਸਕੇ ਹਨ।

### *ਲਾਸਾਨੀ ਸ਼ਖ਼ਸੀਅਤ*

**• ਗੁਰਬਖ਼ਸ਼ ਸਿੰਘ ਪ੍ਰੀਤ ਲੜੀ**

*ਮਹਾਰਾਜ ਪ੍ਰਤਾਪ ਸਿੰਘ ਜੀ ਦੇਸ਼ ਵੱਲੋਂ ਸਿਰਫ ਵਿਚ ਲਗਭਗ ਲਾਸਾਨੀ ਗਿਣੇ ਜਾਣਗੇ ਕਿ ਉਨ੍ਹਾਂ ਨੇ ਆਪਣੀ ਧਾਰਮਕ ਸੰਸਥਾ ਨੂੰ ਹਮੇਸ਼ਾਂ ਸਾਮਰਾਜ ਦਾ ਵਿਰੋਧੀ ਰੱਖਿਆ। ਨਾਮਧਾਰੀ ਕੱਟੜ-ਧਰਮੀ ਹੁੰਦਿਆਂ ਵੀ ਸਰਕਾਰ ਤੋਂ ਬਾਗ਼ੀ ਰਹੇ ਹਨ। ਇਨ੍ਹਾਂ ਨੇ ਬੜੀਆਂ ਕੁਰਬਾਨੀਆਂ ਦਿੱਤੀਆਂ, ਹਰ ਕੌਮੀ ਅੰਦੋਲਨ ਵਿਚ ਹਿੱਸਾ ਪਾਇਆ। ਦੇਸ਼ ਦੇ ਸੁਤੰਤਰਤਾ ਦੇ ਇਥਕ ਦੀ ਨੀਂਹ ਤਾਂ ਮਹਾਰਾਜ ਰਾਮ ਸਿੰਘ ਜੀ ਨੇ ਹੀ ਧਰੀ ਸੀ, ਪਰ ਉਸ ਬੁਨਿਆਦ ਉੱਤੇ ਸ਼ਾਨਦਾਰ ਉਸਾਰੀ ਕਰਨ ਦਾ ਸਿਹਰਾ ਮਹਾਰਾਜ ਪ੍ਰਤਾਪ ਸਿੰਘ ਦੇ ਸਿਰ ਹੈ। ਸਰਕਾਰ ਕੂਕਿਆਂ ਨਾਲ ਵਧੀਕੀਆਂ ਦਾ ਸਲੂਕ ਹੀ ਕਰਦੀ ਰਹੀ, ਪਰ ਮਹਾਰਾਜ ਪ੍ਰਤਾਪ ਸਿੰਘ ਨੇ ਆਪਣੀ ਅਸਰ-ਭਰਪੂਰ ਸ਼ਖ਼ਸੀਅਤ ਦੀ ਬਦੌਲਤ ਆਪਣੇ ਪੰਥ ਨੂੰ ਚੜ੍ਹਦੀਆਂ ਕਲਾਂ ਵਿਚ ਰੱਖਿਆ, ਤੇ ਫਿਰਕੇਦਾਰੀ ਦੀ ਭੂਹ ਤਕ ਨਹੀਂ ਲੱਗਣ ਦਿੱਤੀ। ਨਾਮਧਾਰੀ ਪੰਥ ਕਿਰਤੀਆਂ ਦਾ ਪੰਥ ਹੈ। ਆਪਣੇ ਪਿੰਡਾਂ ਵਿਚ ਲੜਾਈ, ਖਾਮੇ, ਤੇਗੀ, ਚਕਾਰੀ ਵਿਚ ਇਨ੍ਹਾਂ ਦਾ ਨਾਂ ਅਨੋਖੀ ਘਟਨਾ ਸਮਝੀ ਜਾਂਦੀ ਹੈ। ਧਰਮੀ ਲੋਕਾਂ ਨੂੰ ਕਿਰਤੀ ਤੇ ਦੇਸ਼-ਬੰਧੂ ਬਣਾਈ ਰੱਖਣਾ ਮਹਾਰਾਜ ਪ੍ਰਤਾਪ ਸਿੰਘ ਦੀ ਅਗਵਾਈ ਹੇਠਾਂ ਨਾਮਧਾਰੀ ਪੰਥ ਦੀ ਕੌਮੀ ਦੇਣ ਹੈ। ਹੋਰਨਾਂ ਧਰਮਾਂ ਨੇ ਹਜ਼ਾਰਾਂ ਲੱਖਾਂ ਸਾਧੂਆਂ, ਸੰਤਾਂ, ਫਕੀਰਾਂ ਤੇ ਨਿਹ-ਕਲੰਕਾਂ ਦਾ ਅਸਹਿ ਬੋਝ ਕੌਮ ਉੱਤੇ ਪਾਇਆ ਹੋਇਆ ਹੈ।*

*ਮਹਾਰਾਜ ਪ੍ਰਤਾਪ ਸਿੰਘ ਹਰ ਅਗਾਂਹ-ਵਧੂ ਤਹਿਰੀਕ ਨੂੰ ਆਪਣਾ ਕੁਝ ਦੇਣ ਦਾ ਮੌਕਾ ਨਹੀਂ ਸਨ ਗੁਆਂਦੇ। 1933 ਵਿਚ 'ਪ੍ਰੀਤ ਲੜੀ' ਪ੍ਰਕਾਸ਼ਤ ਹੋਈ। 1935 ਵਿਚ ਮਜ਼੍ਹਬੀ ਝੱਖੜ ਇਹਦੇ ਉੱਤੇ ਝੁਲ ਪਿਆ। ਓਦੋਂ ਬੜੀ ਖੇਚਲ ਕਰ ਕੇ ਮਹਾਰਾਜ ਪ੍ਰਤਾਪ ਸਿੰਘ ਜੀ ਅਕਾਲੀ ਦੂਲਾ ਸਿੰਘ ਦੀ ਸਮਾਜ ਉੱਤੇ ਮੈਨੂੰ ਮਿਲਣ ਆਏ, ਤੇ ਉਸ ਦੇ ਬਾਅਦ ਓਹ ਕਈ ਵਾਰੀ ਪ੍ਰੀਤ ਨਗਰ ਆਏ। ਮੈਂ ਉਨ੍ਹਾਂ ਦੀ ਨਿੰਮ੍ਰਤਾ ਤੇ ਖੁਸ਼ ਮਿਜ਼ਾਜੀ ਦਾ ਦਿਲੋਂ ਕਦਰਦਾਨ ਹਾਂ। ਇਹ ਉਨ੍ਹਾਂ ਦੀ ਹੀ ਪੁੱਜ-ਦਿਲੀ ਸੀ ਕਿ ਇਕ ਚੰਗੇ ਨਾਮਣੇ ਵਾਲੀ ਸੰਸਥਾ ਦੇ ਮਹਾਰਾਜ ਸਤਿਗੁਰੂ ਹੁੰਦਿਆਂ ਉਹ ਓਦੋਂ ਮੇਰੇ ਵਰਗੇ, ਧਾਰਮਕ ਖੇਤ੍ਰ ਵਿਚ ਅਛੂਤ ਆਦਮੀ ਨਾਲ ਪਰੇਮ ਦਾ ਰਿਸ਼ਤਾ ਰੱਖਦੇ ਸਨ, ਜਦੋਂ ਮੇਰੇ ਨਾਲ ਤੁਰਿਆਂ, ਅਨੇਕਾਂ ਧਰਮੀਆਂ ਦਾ ਖ਼ਿਆਲ ਸੀ, ਨਾਸਤਕਤਾ ਕਿਸੇ ਨਾ ਕਿਸੇ ਕੰਨੀ ਨਾਲ ਮੱਲੋ ਮੱਲੀ ਚਿੰਬੜ ਜਾਂਦੀ ਹੈ।*

*ਉਨ੍ਹਾਂ ਨੂੰ ਪੰਜਾਬੀ ਬੋਲੀ ਤੇ ਸਭਿਆਚਾਰ ਨਾਲ ਬੜਾ ਪ੍ਰੇਮ ਸੀ। ਕੇਂਦਰੀ ਪੰਜਾਬੀ ਲੇਖਕ ਸਭਾ ਨੂੰ ਉਨ੍ਹਾਂ ਹਰ ਮੌਕੇ ਬੜੀ ਸਹਾਇਤਾ ਦਿੱਤੀ ਹੈ।*



Sri Satguru Jagjit Singh Ji Elibrary NamdhariElibrary@gmail.com

## ਨਾਮਧਾਰੀ ਮੰਨਦੇ ਹਨ:

# ਗੁਰੂ ਪ੍ਰਣਾਲੀ 1708 ਈ: ਤੋਂ 1995 ਈ; ਤੀਕ=287 ਸਾਲ

## ਦਸਵੀਂ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ

### ਅਗਿਆਤਵਾਸ ਹੋਣ ਤੋਂ ਉਪਰੰਤ ਆਪ ਅਜਾਪਾਲ ਸਿੰਘ ਜੀ ਦੇ ਨਾਮ ਤੇ 104 ਸਾਲ ਰਹੇ। ਕੁਲ ਆਯੂ 146 ਸਾਲ

| | | | | | | |
|---|---|---|---|---|---|---|
| 1666 ਵਿਚ | 1708 ਵਿਚ | 1755 | 1761 | 1773 | 1812 ਤਕ | * [illegible] |
| ਜਨਮ | ਆਪ ਨੰਦੇੜ ਹਜ਼ੂਰ | ਆਪ ਭਾਦਰੋ | ਜੀਂਦ ਰਹੇ | ਪਟਿਆਲੇ ਰਹੇ | ਅੰਤ ਸਮੇਂ ਤਕ | |
| ਪਟਨਾ ਸਾਹਿਬ | ਸਾਹਿਬ ਜੋਤੀ ਜੋਤ | ਰਹੇ 47 ਸਾਲ | 6 ਸਾਲ | 12 ਸਾਲ | ਨਾਭੇ ਰਹੇ 39 ਸਾਲ | |
| | ਸਮਾਉਣ ਦਾ ਕੌਤਕ | ਆਯੂ 89 | ਆਯੂ 95 | ਆਯੂ 107 | ਆਯੂ 146 | |
| | ਕਰ ਅਗਿਆਤਵਾਸ | | | | | |
| | ਹੋ ਗਏ | ਆਯੂ 42 | | | | |

## 11 ਗਿਆਰਵੀਂ ਪਾਤਸ਼ਾਹੀ ਸ੍ਰੀ ਗੁਰੂ ਬਾਲਕ ਸਿੰਘ ਜੀ ਅਰੋੜੇ ਖਤਰੇ

### ਪਿਤਾ ਦਿਆਲ ਸਿੰਘ ਜੀ, ਮਾਤਾ ਭਾਗਭਰੀ ਜੀ, ਸੁਪਤਨੀ ਚੰਡੀ ਜੀ

| | | | |
|---|---|---|---|
| ਜਨਮ 1784 | 1812 ਵਿਚ | 1841 ਵਿਚ | 6 ਦਸੰਬਰ 1862 |
| ਸਰਵਾਲਾ ਪੋਠੋਹਾਰ | ਸ੍ਰੀ ਗੁਰੂ ਗੋਬਿੰਦ ਸਿੰਘ | ਆਪ ਜੀ ਨੇ ਗੁਰੂ ਰਾਮ | ਆਪ ਜੀ ਹਜ਼ਰੋਂ ਜੋਤੀ ਜੋਤ ਸਮਾ ਗਏ |
| ਜ਼ਿਲ੍ਹਾ ਅਟਕ | ਜੀ (146) ਨੇ ਆਪ ਜੀ | ਸਿੰਘ ਜੀ (26) ਨੂੰ ਗੱਦੀ | ਆਯੂ 78 |
| | ਨੂੰ ਗੁਰ ਗੱਦੀ ਦਿੱਤੀ | ਦਿੱਤੀ ਹਜ਼ਰੋ | |
| | ਆਯੂ 28 | ਆਯੂ 57 | |

## 12 ਬਾਰ੍ਹਵੀਂ ਪਾਤਸ਼ਾਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਰਾਮਗੜ੍ਹੀਏ ਮਠਾੜੂ

### ਪਿਤਾ ਜੱਸਾ ਸਿੰਘ ਜੀ ਮਾਤਾ ਸਦਾ ਕੌਰ ਸੁਪਤਨੀ ਜੱਸਾਂ ਜੀ

| | | |
|---|---|---|
| ਜ: 1816 ਰਾਈਆਂ | 18 ਜਨਵਰੀ 1872 | ਅੰਗ੍ਰੇਜ਼ ਨੇ ਝੂਠਾ ਲਿਖ ਦਿੱਤਾ ਕਿ ਆਪ 1885 ਈ. ਵਿਚ ਚੜ੍ਹਾਈ ਕਰ ਗਏ। ਪਰ ਸਾਡੇ |
| | ਆਪ ਜੀ ਨੂੰ ਅੰਗ੍ਰੇਜ਼ ਨੇ | ਨਾਮਧਾਰੀ ਪੰਥ ਦਾ ਇਹ ਨਿਸ਼ਚਾ ਹੈ ਕਿ ਆਪ ਜੀ (70) ਨੇ ਮਰਗੋਈ ਚੜ੍ਹਾਈ ਨਹੀਂ ਕੀਤੀ। |
| | ਬਾਗੀ ਕਰਾਰ ਦੇ ਕੇ | ਅੰਗ੍ਰੇਜ਼ ਜੋ ਕਹਿੰਦੇ ਹਨ ਕਿ ਸਸਕਾਰ ਕੀਤਾ ਇਹ ਗਲਤ ਹੈ। |
| | ਜਲਾਵਤਨ ਕਰ ਦੇਣ | ਆਪ ਤਾਂ ਆਤਮਕ ਸ਼ਕਤੀ ਨਾਲ ਪਹਿਰੇਦਾਰਾਂ ਦੀ ਹਿਰਾਸਤ ਵਿਚੋਂ ਨਿਕਲ ਗਏ ਹਨ। |
| | ਕੀਤਾ ਆਯੂ 56 | ਆਪ ਸੰਸਾਰ ਨੂੰ ਦਰਸ਼ਨ ਦੇਣਗੇ। |

## ਜੋਤ ਕਾ ਜਾਮਾ ਸ੍ਰੀ ਸਤਿਗੁਰੂ ਹਰੀ ਸਿੰਘ ਜੀ

### ਪਿਤਾ ਜੱਸਾ ਸਿੰਘ ਜੀ, ਮਾਤਾ ਸਦਾ ਕੌਰ ਜੀ, ਸੁਪਤਨੀਆਂ 1. ਸਾਹਿਬ ਕੌਰ ਜੀ 2. ਜੀਵਨ ਕੌਰ ਜੀ .

| | |
|---|---|
| ਜ. ਸੰਨ 1819 ਵਿਚ | 1906 ਵਿਚ ਆਪ ਭੈਣੀ ਸਾਹਿਬ ਜੋਤੀ ਜੋਤ ਸਮਾ ਗਏ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਗੱਦੀ ਤੇ ਬੈਠੇ। |
| ਭੈਣੀ ਸਾਹਿਬ | ਆਯੂ 87 |

## ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

### ਪਿਤਾ ਸ੍ਰੀ ਸਤਿਗੁਰੂ ਹਰੀ ਸਿੰਘ ਜੀ, ਮਾਤਾ ਜੀਵਨ ਕੌਰ, ਸੁਪਤਨੀ ਭੁਪਿੰਦਰ ਕੌਰ ਜੀ

| | |
|---|---|
| ਸੰਨ 1890 | ਚੜ੍ਹਾਈ ਕੀਤੀ 1929 |
| ਜਨਮ ਭੈਣੀ ਸਾਹਿਬ | |

## ਸ੍ਰੀ ਸਤਿਗੁਰੂ ਜਗਜੀਤ ਸਿੰਘ

### ਪਿਤਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਮਾਤਾ ਭੁਪਿੰਦਰ ਕੌਰ ਜੀ

| | | |
|---|---|---|
| ਜਨਮ ਭੈਣੀ ਸਾਹਿਬ | 1959 ਵਿਚ ਗੱਦੀ ਤੇ ਬੈਠੇ 22 ਅਗਸਤ | ਸੰਤਾਨ |
| 22 ਨਵੰਬਰ 1920 | ਆਯੂ 39 | ਬੀਬੀ ਸਾਹਿਬ ਕੌਰ |
| ਪਹਿਲਾ ਅਨੰਦ,ਦੂਜਾ ਅਨੰਦ | | |

* ਮਈ 1812 (ਵੈਸਾਖ ਸੁਦੀ 10 ਸੰਮਤ 1869) ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਬਾਲਕ ਸਿੰਘ ਜੀ ਨੂੰ ਗੁਰ ਗੱਦੀ ਦਿੱਤੀ ਸੀ

ਗੱਦੀ ਦੇਣ ਸਮੇਂ ਆਪ ਨੇ ਬਚਨ ਕੀਤਾ ਕਿ ਮੈਂ ਛੇਤੀ ਹੀ ਭੈਣੀ ਗ੍ਰਾਮ ਵਿਚ ਬਾਬਾ ਜੱਸਾ ਸਿੰਘ ਰਾਮਗੜ੍ਹੀਏ ਦੇ ਘਰ ਜਨਮ ਲੈ ਰਾਮ ਸਿੰਘ ਨਾਮ ਰਖਾ ਆਪ ਜੀ ਪਾਸੋਂ ਇਹ ਗੱਦੀ ਦੀ ਅਮਾਨਤ ਵਾਪਸ ਲਵਾਂਗਾ। ਇਸ ਤਰ੍ਹਾਂ ਦੇ ਬਚਨ ਕਰ ਵਾਪਸ ਡੇਰੇ ਨਾਭੇ ਆ ਗਏ।

14 ਜੂਨ 1812 ਜੇਠ ਸੁਦੀ 5 ਸੰਮਤ 1868 ਨੂੰ ਆਪ ਡੇਰੇ ਨਾਭੇ ਜੋਤੀ ਜੋਤ ਸਮਾ ਗਏ। ਡੇਰੇ ਦੇ ਮਹੰਤ ਸਰੂਪ ਸਿੰਘ (29) ਥਾਪੇ ਗਏ।



Sri Satguru Jagjit Singh Ji Elibrary NamdhariElibrary@gmail com

## ਗੁਰੂ ਗੋਬਿੰਦ ਸਿੰਘ— ਨੰਦੇੜ ਕੌਤਕ ਤੇ ਬਾਦ ਵਿਚ

ਨੰਦੇੜ, ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿਚ ਦੋਵੇਂ ਵੇਲੇ ਕੀਰਤਨ ਹੁੰਦਾ। ਸੰਗਤ ਵੀ ਦਰਸ਼ਨ ਕਰਨ ਵਾਸਤੇ ਆਉਂਦੀ। ਸਹਿਜਧਾਰੀ ਹਿੰਦੂ ਅਤੇ ਕਈ ਮੁਸਲਮਾਨ ਵੀ ਦਰਸ਼ਨ ਕਰਨ ਵਾਸਤੇ ਆਉਂਦੇ। ਮਨ ਖੋਟੇ ਤਨ ਚੋਰ, ਦੋ ਪਠਾਨ ਵੀ ਰੋਜ਼ ਆਉਂਦੇ। ਇਕ ਦਿਨ ਸੰਧਿਆ ਸਮੇਂ ਗੁਰੂ ਜੀ ਆਪਣੇ ਤੰਬੂ ਵਿਚ ਇਕੱਲੇ ਹੀ ਬਿਸਰਾਮ [illegible] ਰਹੇ ਸਨ। ਮੌਕਾ ਤਾੜ ਕੇ ਦੋਵੇਂ ਪਠਾਨ ਅੰਦਰ ਆ ਵੜੇ। ਉਨ੍ਹਾਂ ਵਿਚੋਂ ਇਕ ਪਠਾਨ ਗੁਲ ਖਾਂ ਨੇ ਕਟਾਰ ਨਾਲ ਗੁਰੂ ਜੀ ਤੇ ਵਾਰ ਕਰ ਦਿੱਤਾ। ਗੁਰੂ ਜੀ ਨੇ ਤਤਛਿਨ ਆਪਣੀ ਕਿਰਪਾਨ ਨਾਲ ਉਸ ਦਾ ਸਿਰ ਧੜ ਨਾਲੋਂ ਜੁਦਾ ਕਰ ਦਿੱਤਾ। ਡਰਦਾ ਮਾਰਾ ਦੂਜਾ ਪਠਾਨ ਰੁਸਤਮ ਖਾਂ (ਕਈਆਂ ਥਾਵਾਂ ਤੇ ਇਹ ਨਾਮ ਅਤਾਉਲਾ ਖਾਂ ਲਿਖਿਆ ਹੈ) ਨੱਸ ਉਠਿਆ। ਇਕ ਸਿੱਖ ਨੇ ਉਸਨੂੰ ਵੀ ਫੜ ਕੇ ਮਾਰ ਦਿੱਤਾ। ਸਤਿਗੁਰੂ ਜੀ ਨੂੰ ਲੱਗਾ ਜ਼ਖਮ ਵੇਖ ਕੇ ਸਿੱਖ ਬੜੇ ਘਬਰਾਏ। ਸਤਿਗੁਰੂ ਜੀ ਨੇ ਸਭ ਨੂੰ ਹੌਸਲਾ ਦਿੱਤਾ। ਉਸੇ ਸਮੇਂ ਸਿਆਣੇ ਜੇਰਾਹ ਨੂੰ ਸੱਦ ਕੇ ਜ਼ਖ਼ਮ ਸਿਵਾਇਆ ਗਿਆ ਅਤੇ ਮਰਹਮ ਪੱਟੀ ਕੀਤੀ ਗਈ।

### ਗੁਰੂ ਗੋਬਿੰਦ ਸਿੰਘ ਜੀ ਤੋਂ ਵੀ ਪਹਿਲਾਂ ਅੰਗ੍ਰੇਜ਼

*ਸਤਿਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਈਸਵੀ ਸੰਨ 1666 ਵਿਚ ਹੋਇਆ, ਜਦੋਂ ਕਿ ਪਹਿਲਾ ਅੰਗ੍ਰੇਜ਼ੀ ਜਹਾਜ਼ 'ਹੈਕਟਰ' (ਭਗੜਾਦੂ) ਸੰਨ 1608 ਵਿਚ ਭਾਰਤ ਆ ਗਿਆ ਸੀ। ਉਸ ਜਹਾਜ਼ ਦਾ ਕਪਤਾਨ 'ਹਾਕਿੰਸ' ਪਹਿਲਾ ਅੰਗ੍ਰੇਜ਼ ਸੀ ਜਿਸ ਨੇ ਸਮੁੰਦਰ ਦੇ ਰਸਤੇ ਸੂਰਤ ਦੀ ਬੰਦਰਗਾਹ ਉਪਰ ਉਹ ਜਹਾਜ਼ ਲਗਾਇਆ ਤੇ ਇੰਗਲਿਸਤਾਨ ਦੇ ਬਾਦਸ਼ਾਹ ਜੇਮਜ਼ ਪ੍ਰਥਮ ਵੱਲੋਂ ਦਿੱਲੀ ਦੇ ਬਾਦਸ਼ਾਹ ਜਹਾਂਗੀਰ ਦੇ ਨਾਮ ਇਕ ਖ਼ਤ ਲਿਆ ਕੇ ਪੇਸ਼ ਕੀਤਾ।*

*6 ਫ਼ਰਵਰੀ 1613 ਨੂੰ ਜਹਾਂਗੀਰ ਨੇ ਅੰਗ੍ਰੇਜ਼ਾਂ ਨੂੰ ਉਨ੍ਹਾਂ ਦੇ ਵਪਾਰ ਲਈ ਸੂਰਤ ਵਿਚ ਕੋਠੀ ਬਨਾਉਣ ਦੀ ਆਗਿਆ ਦੇ ਦਿੱਤੀ। 1615 ਵਿਚ ਸਰ ਟੌਮਸ ਰੋ ਇੰਗਲਿਸਤਾਨ ਦੇ ਬਾਦਸ਼ਾਹ ਦੇ ਦੂਤ ਵਜੋਂ ਦਿੱਲੀ ਦਰਬਾਰ ਵਿਚ ਪੁੱਜਾ। ਸੰਨ 1616 ਵਿਚ ਅੰਗ੍ਰੇਜ਼ਾਂ ਨੂੰ ਕਾਲੀਕਟ ਤੇ ਮਛਲੀ ਪੱਟਮ ਵਿਚ ਕੋਠੀਆਂ ਬਨਾਉਣ ਦੀ ਇਜਾਜ਼ਤ ਮਿਲ ਗਈ। ਸੰਨ 1624 ਵਿਚ ਅੰਗ੍ਰੇਜ਼ਾਂ ਨੂੰ ਇਸ ਗੱਲ ਦੀ ਆਗਿਆ ਵੀ ਮਿਲ ਗਈ ਕਿ ਉਨ੍ਹਾਂ ਦੀ ਕੋਠੀ ਦੀ ਹਦੂਦ ਵਿਚ ਉਨ੍ਹਾਂ ਦੇ ਮੁਲਾਜ਼ਮਾਂ ਵੱਲੋਂ ਕੋਈ ਜੁਰਮ ਹੋਣ 'ਤੇ ਅੰਗ੍ਰੇਜ਼ ਹੀ ਉਨ੍ਹਾਂ ਨੂੰ ਸਜ਼ਾ ਦੇ ਸਕਣਗੇ। ਸੰਨ 1639 ਨੂੰ ਸ਼ਾਹਜਹਾਨ ਨੇ ਮਦਰਾਸ ਵਿਚ ਅੰਗ੍ਰੇਜ਼ਾਂ ਨੂੰ ਕੋਠੀ ਬਣਾਨ ਦੀ ਆਗਿਆ ਦੇ ਦਿੱਤੀ ਸੀ।*

*ਸੰਨ 1640 ਵਿਚ ਸ਼ਾਹਜਹਾਂ ਦੀ ਲੜਕੀ ਦੇ ਅੱਗ ਨਾਲ ਝੁਲਸ ਜਾਣ 'ਤੇ ਉਸ ਦਾ ਇਲਾਜ ਕਰਨ ਵਾਲਿਆਂ ਵਿਚ ਇਕ ਅੰਗ੍ਰੇਜ਼ ਡਾਕਟਰ ਵੀ ਸੀ, ਜਿਸ ਦੇ ਇਲਾਜ ਨਾਲ ਲੜਕੀ ਠੀਕ ਹੋ ਗਈ। ਸ਼ੁਕਰਾਨੇ ਵਜੋਂ ਸ਼ਾਹਜਹਾਂ ਨੇ ਉਸ ਅੰਗ੍ਰੇਜ਼ ਡਾਕਟਰ ਦੀ ਮੰਗ ਉੱਤੇ ਬੰਗਾਲ ਵਿਚ ਅੰਗ੍ਰੇਜ਼ਾਂ ਦੇ ਮਾਲ ਉਪਰ ਹਮੇਸ਼ਾ ਲਈ ਚੁੰਗੀ ਮਾਫ਼ ਕਰ ਦਿੱਤੀ ਤੇ ਅੰਗ੍ਰੇਜ਼ੀ ਜਹਾਜ਼ਾਂ ਨੂੰ ਹੁਗਲੀ ਤਕ ਆਉਣ ਦੀ ਇਜਾਜ਼ਤ ਦੇ ਦਿੱਤੀ। ਏਸੇ ਸੰਨ ਵਿਚ ਕਲਕੱਤੇ ਵਿਚ ਅੰਗ੍ਰੇਜ਼ਾਂ ਨੂੰ ਕੋਠੀ ਬਨਾਉਣ ਦੀ ਛੁੱਟੀ ਵੀ ਮਿਲ ਗਈ।*

*1664 ਵਿਚ ਫ਼ਰਾਂਸੀਸੀ ਵੀ ਭਾਰਤ ਵਿਚ ਆ ਗਏ। 1668 ਵਿਚ ਸੂਰਤ ਅੰਦਰ ਉਨ੍ਹਾਂ ਦੀ ਕੋਠੀ ਬਣੀ। 1669 ਵਿਚ ਮੱਛਲੀ ਪੱਟਮ ਅਤੇ 1674 ਵਿਚ ਪੁਟੱਚਰੀ ਵਿਚ ਉਨ੍ਹਾਂ ਦੀਆਂ ਕੋਠੀਆਂ ਬਣੀਆਂ। ਏਸੇ ਸਮੇਂ ਹੀ ਅੰਗ੍ਰੇਜ਼ਾਂ ਨੂੰ ਹਿੰਦੁਸਤਾਨੀਆਂ ਨੇ ਆਪਣੀ ਫ਼ੌਜ ਰੱਖਣ ਦੀ ਤੇ ਕਿਲੇਬੰਦੀ ਕਰਨ ਦੀ ਇਜਾਜ਼ਤ ਦੇ ਦਿੱਤੀ ਸੀ।*

**ਨੰਦੇੜ ਨਾਟਕ ਰਚਨਾ**

ਰੰਗੀ ਗੁਰੂ ਜੀ ਦੀ ਖੇਡ, ਇਕ ਦਿਨ ਗੁਰੂ ਜੀ ਨੇ ਸਿੱਖਾਂ ਨੂੰ ਹੁਕਮ ਕੀਤਾ ਕਿ ਮੇਰੇ ਲਈ ਚਿਖਾ ਤਿਆਰ ਕਰੋ ਅਤੇ ਉਸਦੇ ਚਾਰ ਚੁਫੇਰੇ ਕਾਨਾਤਾਂ ਲਾ ਦਿਓ ਅਤੇ ਨਾਲ ਹੀ ਘੋੜਿਆਂ ਵਾਲੇ ਸੇਵਕ ਨੂੰ ਹੁਕਮ ਕੀਤਾ ਕਿ ਘੋੜਿਆਂ ਤੇ ਕਾਠੀਆਂ ਪਾ ਦਿਓ।

ਹੁਕਮ ਅਨੁਸਾਰ ਚੰਦਨ ਦੀ ਚਿਖਾ ਤਿਆਰ ਕੀਤੀ ਗਈ, ਚਾਰ ਚੁਫੇਰੇ ਕਨਾਤਾਂ ਲਗ ਗਈਆਂ ਅਤੇ ਘੋੜਿਆਂ ਤੇ ਕਾਠੀਆਂ ਪੈ ਗਈਆਂ। ਅੱਧੀ ਰਾਤ ਦੇ ਸਮੇਂ, ਗੁਰੂ ਜੀ ਨੇ ਚਿਖਾ ਦੇ ਕੋਲ ਜਾ ਕੇ ਸਿੱਖਾਂ ਨੂੰ ਹੁਕਮ ਕੀਤਾ ਕਿ ਜਿਸ ਸਮੇਂ ਆਪ ਚਿਖਾ ਉਪਰ ਬੈਠ ਜਾਣ ਤਾਂ ਸਭ ਸਿੱਖਾਂ ਨੇ ਪ੍ਰਦੱਖਣਾ ਕਰਕੇ, ਅਤੇ ਨਮਸਕਾਰ ਕਰਕੇ ਤੁਰੰਤ ਹੀ ਬਾਹਰ ਨਿਕਲ ਜਾਣਾ ਹੈ ਅਤੇ ਫਿਰ ਕਿਸੇ ਨੇ ਚਿਖਾ ਵਲ ਨਹੀਂ ਵੇਖਣਾ।

ਗਿਆਨੀ ਗਿਆਨ ਸਿੰਘ ਜੀ ਇਸ ਤਰ੍ਹਾਂ ਲਿਖਦੇ ਹਨ:-

*ਦੂਰ ਕਨਾਤੋਂ ਸਭ ਸਿਖ ਕਰੀਓ। ਨਾਹਿ ਸਮਾਧ ਬਨਾਇਓ ਨੀਠਾ।*
*ਹਮਰੀ ਤਰਫ ਨ ਕੋਊ ਨਿਰਖੀਓ। ਸੋ ਸਮਾਧ ਹਮਰੀ ਬਨਜੈਹੈ।*
*ਫੋਲਿਓ ਹਮਰਾ ਨਾਹਿ ਅੰਗੀਠਾ। ਜਗ ਮਹਿ ਫਿਰ ਸਰਬੰਸ ਨ ਹੈ ਹੈ।*

ਇਸ ਤਰ੍ਹਾਂ ਦਾ ਉਪਦੇਸ਼ ਦੇ ਕੇ ਗੁਰੂ ਜੀ ਸਨੱਧ ਬੱਧ ਹੋ ਕੇ ਚਿਖਾ ਪਰ ਜਾ ਬੈਠੇ ਅਤੇ ਸਭ ਸਿੱਖਾਂ ਨੂੰ ਰੁਖਸਤ ਹੋਣ ਦੀ ਆਗਯਾ ਦਿੱਤੀ। ਜਦੋਂ ਸਾਰੇ ਸਿੱਖ ਕਨਾਤੋਂ ਬਾਹਰ ਨਿਕਲ ਆਏ ਤਾਂ ਉਨ੍ਹਾਂ ਨੂੰ "ਵਾਹਿਗੁਰੂ ਜੀ ਕੀ ਫਤਹਿ" ਦੀ ਅਵਾਜ਼ ਸੁਣਾਈ ਦਿੱਤੀ।



Sri Satguru Jagjit Singh Ji Elibrary NamdhariElibrary@gmail.com

ਭਾਵੇਂ ਇਹ ਇਕ ਚਰਿਤ੍ ਹੀ ਸੀ ਪਰ ਇਹ ਸਾਰਾ ਕੌਤਕ ਵੇਖ ਕੇ ਸਾਰੇ ਸਿੱਖ ਸ਼ੋਕ ਕਰਨ ਲੱਗ ਪਏ। ਗੁਰੂ ਜੀ ਦੇ ਮਹਾਨ ਗੁਣਾਂ ਨੂੰ ਯਾਦ ਕਰ ਕਰ ਕੇ ਵਿਰਲਾਪ ਕਰਨ ਲੱਗ ਪਏ। ਇਸੇ ਸ਼ੋਕ ਅਵਸਥਾ ਵਿਚ ਦਿਨ ਚੜ੍ਹ ਗਿਆ। ਇੰਨੇ ਨੂੰ ਘੋੜਿਆਂ ਦੇ ਸੇਵਕ ਨੇ ਆਣ ਕੇ ਦੱਸਿਆ ਕਿ ਕੁਮੈਤ ਘੋੜਾ ਤਬੇਲੇ ਵਿਚ ਨਹੀਂ ਹੈ, ਪਤਾ ਨਹੀਂ ਕਿ ਤਬੇਲੇ ਦੇ ਸਾਰੇ ਦਰਵਾਜ਼ੇ ਬੰਦ ਹੁੰਦਿਆਂ ਘੋੜਾ ਕੌਣ ਲੈ ਗਿਆ ਹੈ। ਇਹ ਸੁਣ ਕੇ ਸਭ ਸਿੱਖ ਅਸਚਰਜ ਹੋ ਗਏ ਅਤੇ ਆਖਣ ਲੱਗੇ ਪਤਾ ਨਹੀਂ ਗੁਰੂ ਜੀ ਨੇ ਕੀ ਕੌਤਕ ਵਰਤਾਇਆ ਹੈ? ਜਦੋਂ ਦੋ ਘੜੀਆਂ ਦਿਨ ਚੜ੍ਹ ਗਿਆ ਤਾਂ ਗੁਰੂ ਕੇ ਲੰਗਰ ਵਾਸਤੇ ਲੱਕੜਾਂ ਲਿਆਉਣ ਵਾਲੇ ਸੇਵਾਦਾਰ ਆ ਕੇ ਦੱਸਿਆ ਕਿ ਮੈਨੂੰ ਬਨ ਵਿਚ ਸਤਿਗੁਰੂ ਜੀ ਦਾ ਦਰਸ਼ਨ ਹੋਇਆ ਹੈ। ਉਨ੍ਹਾਂ ਨੇ ਸੰਗਤ ਨੂੰ ਸੰਦੇਸ਼ ਦਿੱਤਾ ਹੈ ਕਿ ਕੁਮੈਤ ਘੋੜਾ ਅਸੀਂ ਆਪ ਲੈ ਗਏ ਹਾਂ। ਸ਼ੋਕ ਅਤੇ ਚਿੰਤਾ ਨਹੀਂ ਕਰਨੀ। ਭਜਨ ਕਰੋ ਜੋ ਸਾਰਿਆਂ ਦੁਖਾਂ ਦਾ ਦਾਰੂ ਹੈ ਅਤੇ ਜੋ ਅੰਤ ਨੂੰ ਸਹਾਈ ਹੁੰਦਾ ਹੈ। ਸਿੰਘਾਂ ਨੂੰ ਇਸ ਤਰ੍ਹਾਂ ਬੈਠਿਆਂ ਜਦ ਪਹਿਰ ਦਿਨ ਚੜ੍ਹ ਗਿਆ ਤਾਂ ਇਕ ਸਾਧ ਆਇਆ ਉਸ ਨੇ ਸਿੱਖਾਂ ਦੀ ਸ਼ੋਕ ਅਵੱਸਥਾ ਵੇਖ ਕੇ ਉਨ੍ਹਾਂ ਕੋਲੋਂ ਸ਼ੋਕ ਦਾ ਕਾਰਨ ਪੁਛਿਆ। ਉੱਤਰ ਵਿਚ ਸਿੰਘਾਂ ਨੇ ਗੁਰੂ ਜੀ ਦੇ ਪਰਲੋਕ ਸਿਧਾਰ ਜਾਣ ਦੀ ਸਾਰੀ ਗੱਲ ਦੱਸੀ। ਉਸ ਸਾਧ ਨੇ ਕਿਹਾ ਕਿ ਗੁਰੂ ਜੀ ਤਾਂ ਮੈਨੂੰ ਕੁਮੈਤ ਘੋੜੇ ਤੇ ਸਵਾਰ ਰਸਤੇ ਵਿਚ ਮਿਲੇ ਹਨ।

ਇਸੇ ਤਰ੍ਹਾਂ ਸੋਚਾਂ ਅਤੇ ਵਿਚਾਰਾਂ ਵਿਚ ਸਾਰਾ ਦਿਨ ਬੀਤ ਗਿਆ। ਅਗਲੇ ਦਿਨ ਕਨਾਤਾਂ ਖੋਲ੍ਹ ਕੇ ਜਦ ਸਿੱਖਾਂ ਨੇ ਚਿਖਾ ਭਸਮ ਇਕੱਠੀ ਕੀਤੀ ਤਾਂ ਉਸ ਵਿਚੋਂ ਨ ਕੋਈ ਅਸਥੀ (ਪੁਸ਼ਪ) ਮਿਲੀ ਅਤੇ ਨ ਹੀ ਕੋਈ ਬਸਤਰ ਮਿਲਿਆ ਸੀ ਜਿਹੜੇ ਕਿ ਆਪ ਜੀ ਧਾਰਨ ਕਰਕੇ ਚਿਖਾ ਪਰ ਬੈਠੇ ਸਨ।

ਲਕੜਾਂ ਲਿਆਉਣ ਵਾਲੇ ਸੇਵਕ ਦੇ ਸੁਨੇਹੇ ਤੇ ਸਾਧ ਦੇ ਹੁਣੇ ਹੀ ਰਾਹ ਵਿਚ ਦਰਸ਼ਨ ਕਰਕੇ ਆਉਣ ਤੋਂ, ਚਿਖਾ-ਭਸਮ ਵਿਚੋਂ ਕਿਸੇ ਵੀ ਅਸਤੀ ਅਤੇ ਕਿਸੇ ਵੀ ਬਸਤਰ ਦੇ ਨ ਮਿਲਣ ਤੋਂ ਅਤੇ ਕੁਮੈਤ ਘੋੜੇ ਦਾ ਅਸਤਬਲ ਵਿਚ ਨ ਹੋਣ ਤੋਂ ਸਿੱਖਾਂ ਨੇ ਇਹ ਨਿਸਚਾ ਕਰ ਲਿਆ ਕਿ ਗੁਰੂ ਸਾਹਿਬ ਜੀ ਨੇ ਸਰੀਰ ਨਹੀਂ ਛਡਿਆ ਸਗੋਂ ਇਕ ਚਰਿਤ੍ ਕਰਕੇ ਰਾਤ ਦੇ ਹਨੇਰੇ ਵਿਚ, ਸਿੱਖਾਂ ਤੋਂ ਅੱਖ ਬਚਾ ਕੇ, ਕਨਾਤ ਦੇ ਪਿਛਲੇ ਪਾਸਿਉਂ ਨਿਕਲ ਕੇ ਕਿਧਰੇ ਚਲੇ ਗਏ ਹਨ ਅਤੇ ਅਸਤਬਲ ਵਿਚੋਂ ਕੁਮੈਤ ਘੋੜਾ ਵੀ ਲੈ ਗਏ ਹਨ।

ਅਸਲ ਵਿਚ ਜਿਵੇਂ ਜੰਗਾਂ ਜੁੱਧਾਂ ਵਿਚ ਪੈਂਤੜੇ ਬਦਲੇ ਜਾਂਦੇ ਹਨ ਤਿਵੇਂ ਗੁਰੂ ਜੀ ਨੇ ਵੀ ਪੈਂਤੜਾ ਬਦਲ ਲਿਆ। ਉਨ੍ਹਾਂ ਇਕ ਐਸੀ ਰਾਜਨੀਤਕ ਚਾਲ ਖੇਡੀ ਕਿ ਸਾਰੀ ਦੁਨੀਆਂ ਚਕ੍ਰਿਤ ਹੋ ਗਈ। ਉਹ ਚਾਲ ਇਹ ਸੀ ਕਿ ਇਕ ਪਾਸੇ ਤੁਰਕਾਂ ਨੂੰ ਇਹ ਨਿਸਚਾ ਹੋ ਜਾਏ ਕਿ ਗੁਰੂ ਜੀ ਸ਼ਹੀਦ ਹੋ ਗਏ ਹਨ ਤਾਂ ਜੋ ਤੁਰਕ ਅਵੇਸਲੇ ਹੋ ਜਾਣ ਅਤੇ ਸਤਿਗੁਰੂ ਜੀ ਦਾ ਪਿਛਾ ਕਰਨਾ ਛੱਡ ਦੇਣ ਅਤੇ ਦੂਜੇ ਪਾਸੇ ਗੁਪਤ ਰਹਿ ਕੇ ਤੁਰਕਾਂ ਦੇ ਰਾਜ ਨੂੰ ਖਤਮ ਕਰਨ ਵਾਸਤੇ ਸਿੰਘਾਂ ਦੀ ਸਹਾਇਤਾ ਕਰਦੇ ਰਹਿਣ। ਇਸੇ ਚਾਲ ਅਨੁਸਾਰ ਹੀ ਚਿਖਾ ਦਾ ਸਾਂਗ ਵਰਤਾਇਆ ਸੀ। ਸਿੱਖਾਂ ਰਾਹੀਂ ਤੁਰਕਾਂ ਨੂੰ ਇਹ ਨਿਚਸਾ ਹੋ ਗਿਆ ਸੀ ਕਿ ਗੁਰੂ ਜੀ ਸਦਦੇਹੀ ਸਚਖੰਡ ਪਧਾਰ ਗਏ ਹਨ।

ਹੁਣ ਸਵਾਲ ਉਠਦਾ ਹੈ ਕਿ ਜੇ ਸਤਿਗੁਰੂ ਜੀ ਉਥੇ ਜੋਤੀ ਜੋਤ ਨਹੀਂ ਸਨ ਸਮਾਏ ਤਾਂ ਗਏ ਕਿਥੇ?...

ਸਿੱਖ ਪੰਥ ਦੇ ਪ੍ਰਸਿੱਧ ਵਿਦਵਾਨ ਭਾਈ ਸਾਹਿਬ ਕਾਨ੍ਹ ਸਿੰਘ ਜੀ ਨਾਭੇ ਵਾਲੇ ਦੇ ਪੜਦਾਦੇ, ਬਾਬਾ ਸਰੂਪ ਸਿੰਘ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਪਤ ਭੇਸ ਬਾਬਾ ਅਜਾਪਾਲ ਸਿੰਘ ਜੀ ਦੀ ਸੇਵਾ ਕਰਦੇ ਰਹੇ ਸਨ। ਬਾਬਾ ਸਰੂਪ ਸਿੰਘ ਜੀ ਨੇ ਬਾਬਾ ਅਜਾਪਾਲ ਸਿੰਘ ਜੀ ਦੇ ਅੱਖੀਂ ਡਿਠੇ ਚਮਤਕਾਰ ਆਪਣੇ ਪੋਤੇ ਬਾਬਾ ਨਾਰਾਇਣ ਸਿੰਘ ਜੀ ਨੂੰ ਸੁਣਾਏ ਸਨ। ਬਾਬਾ ਨਾਰਾਇਣ ਸਿੰਘ ਜੀ ਕੋਲੋਂ ਸੁਣ ਕੇ ਉਨ੍ਹਾਂ ਦੇ ਸਪੁੱਤਰ ਬਾਬਾ ਬਿਸ਼ਨ ਸਿੰਘ ਜੀ ਨੇ ਇਕ ਪੁਸਤਕ ਲਿਖੀ ਸੀ। ਉਸ ਪੁਸਤਕ ਵਿਚ ਲਿਖਿਆ ਹੈ ਕਿ ਬਾਬਾ ਸਰੂਪ ਸਿੰਘ ਜੀ ਬਾਬਾ ਅਜਾਪਾਲ ਸਿੰਘ ਜੀ ਦੇ ਪਲੰਘ ਕੋਲ ਬੈਠ ਕੇ ਦੇਖਣ ਲੱਗੇ" ...ਵੇਖੀ ਪਰ ਬੜਾ ਭਾਰੀ ਘਾਉ ਦੇਖਿਆ, ਬੜੇ ਸ਼ਸਤਰ ਦਾ ਘਾਉ ਲਗਿਆ ਵਾ, ਜ਼ਖ਼ਮ ਮਿਲਿਆ ਵਾ। ਘਾਉ ਨੂੰ ਵੇਖ ਕੇ ਬਾਬਾ ਸਰੂਪ ਸਿੰਘ ਜੀ ਨੇ ਅਰਜ਼ ਕੀਤੀ, ਮਹਾਰਾਜ ਜੀ ਇਹ ਘਾਉ ਕਿਥੇ ਲਗਿਆ ਹੈ। ਸੁਣ ਕੇ ਬਾਬਾ ਜੀ ਨੇ ਫੁਰਮਾਇਆ, ਇਹ ਓਹੀ ਘਾਉ ਹੈ ਜੋ ਦੱਖਣ ਮੈ ਪਠਾਣ ਨੇ ਮਾਰਿਆ ਸੀ। ਇਹ ਸੁਣ ਕੇ ਬਾਬਾ ਸਰੂਪ ਸਿੰਘ ਜੀ ਨੂੰ ਪੂਰਨ ਨਿਸਚਾ ਹੋ ਗਿਆ, ਕਿ ਕਲਗੀਧਰ ਦਸਵੇਂ ਪਾਤਸ਼ਾਹ ਪੰਥ ਦੇ ਵਾਲੀ ਹਨ। ਫਿਰ ਕਦੇ ਮਨ ਨਹੀਂ ਡੋਲਿਆ।

*ਧਰਮ ਸਾਡੇ ਕੋਲ ਬਹੁਤ ਹੈ—ਸੁਆਮੀ ਵਿਵੇਕਾਨੰਦ ਨੇ ਇਕ ਥਾਂ ਲਿਖਿਆ ਹੈ—ਭਾਰਤ ਕੋਲ ਅੰਨ ਦੀ ਥੁੜ ਹੈ, ਕਪੜੇ ਦੀ ਘਾਟ ਹੈ, ਹੋਰ ਬਹੁਤ ਚੀਜ਼ਾਂ ਦੀ ਘਾਟ ਹੈ-ਪਰ ਧਰਮ ਦੀ ਘਾਟ ਨਹੀਂ। ਭਾਰਤ ਕੋਲ ਧਰਮ ਹੈ।*

*ਪੱਛਮ ਵਾਲੇ—ਯੂਰਪ ਤੇ ਅਮਰੀਕਾ—ਜੇ ਸਾਨੂੰ ਕੁਝ ਦੇਣਾ ਚਾਹੁੰਦੇ ਨੇ, ਜੇ ਸਾਡੀ ਮਦਦ ਕਰਨਾ ਚਾਹੁੰਦੇ ਨੇ ਤਾਂ ਸਾਨੂੰ ਅੰਨ, ਬਸਤਰ ਤੇ ਹੋਰ ਚੀਜ਼ਾਂ ਨਹੀਂ, ਧਰਮ ਵੀ ਨਹੀਂ-ਉਹ ਸਾਨੂੰ ਵਿਗਿਆਨ ਅਤੇ ਤਕਨੀਕ ਦੇਣ ਤਾਂਕਿ ਅਸੀਂ ਆਪਣੇ ਪੈਰਾਂ ਤੇ ਖਲੋ ਸਕੀਏ।*



Sri Satguru Jagjit Singh Ji Elibrary NamdhariElibrary@gmail.com

# ਸਤਿਗੁਰੂ ਰਾਮ ਸਿੰਘ ਜੀ



● ਅਮਰ ਭਾਰਤੀ

***ਸ੍ਰ. ਕਰਮ ਸਿੰਘ ਹਿਸਟੋਰੀਅਨ ਨੇ ਲਿਖਿਆ ਹੈ ਕਿ "ਮਹਾਰਾਜ ਸ਼ੇਰ ਸਿੰਘ ਦਾ ਵਤੀਰਾ ਇਹ ਹੈ ਕਿ ਦਿਨੇ ਰਾਤ ਸ਼ਰਾਬੀ ਰਹਿੰਦਾ ਹੈ ਅਤੇ ਮਸਖ਼ਰਿਆਂ ਨਾਲ ਮਸਖ਼ਰੀਆਂ ਕਰਦਾ, ਕੰਜਰੀਆਂ ਨਾਲ ਖੇਡਦਾ ਤੇ ਮਰਾਸੀਆਂ ਨਾਲ ਚੋਹਲ ਕਰਦਾ ਹੈ।"***

## ਪੰਜਾਬ ਦੀ ਹਾਲਤ

ਸੰਨ 1716 ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼, ਖ਼ਾਲਸਾ ਰਾਜ ਦੀ ਫ਼ੌਜ ਵਿਚ ਨੌਕਰੀ ਅਤੇ 1757 ਵਿਚ 'ਸੰਤ ਖ਼ਾਲਸਾ' ਦੀ ਸਾਜਨਾ ਦੇ ਵਿਚਕਾਰਲੇ ਸਮੇਂ ਵਿਚ ਅੰਗ੍ਰੇਜ਼ਾਂ ਤੇ ਸਿੱਖਾਂ ਵਿਚਕਾਰ ਜਿਹੜੀਆਂ ਲੜਾਈਆਂ ਹੋਈਆਂ, ਉਹ ਉਸ ਤਰ੍ਹਾਂ ਦੀਆਂ ਲੜਾਈਆਂ ਸਨ, ਜਿਸ ਤਰ੍ਹਾਂ ਦੀਆਂ ਬਾਕੀ ਦੇ ਹਿੰਦੁਸਤਾਨੀ ਰਾਜਿਆਂ, ਨਵਾਬਾਂ ਤੇ ਬਾਦਸ਼ਾਹਾਂ ਨੇ ਆਪਣੀਆਂ ਰਿਆਸਤਾਂ, ਇਲਾਕਿਆਂ ਤੇ ਸਲਤਨਤ ਉਪਰ ਅੰਗ੍ਰੇਜ਼ਾਂ ਦੇ ਹਮਲਿਆਂ ਵਿਰੁੱਧ ਲੜੀਆਂ ਸਨ। ਉਨ੍ਹਾਂ ਲੜਾਈਆਂ ਵਿਚ ਪਹਿਲ ਹਮੇਸ਼ਾਂ ਅੰਗ੍ਰੇਜ਼ਾਂ ਦੇ ਹੱਥ ਰਹੀ ਤੇ ਅੰਤਿਮ ਜਿੱਤ ਵੀ ਉਨ੍ਹਾਂ ਦੀ ਹੀ ਹੁੰਦੀ ਰਹੀ। ਇਸ ਦੌਰਾਨ ਮਹਾਰਾਜਾ ਰਣਜੀਤ ਸਿੰਘ ਨੇ ਅੰਗ੍ਰੇਜ਼ਾਂ ਨਾਲ ਸੰਧੀਆਂ ਤਾਂ ਕੀਤੀਆਂ, ਅਫ਼ਗਾਨਿਸਤਾਨ ਉਪਰ ਚੜ੍ਹਾਈ ਵਿਚ ਉਨ੍ਹਾਂ ਦੀ ਮਦਦ ਵੀ ਕੀਤੀ ਪਰ ਉਨ੍ਹਾਂ ਦੇ ਖਿਲਾਫ਼ ਲੜਾਈ ਕੋਈ ਨਾ ਕੀਤੀ। 1809 ਵਿਚ ਅੰਗ੍ਰੇਜ਼ਾਂ ਦੇ ਸਤਲੁਜੋਂ ਪਾਰ ਰਹਿਣ ਅਤੇ ਖਾਲਸਾ ਰਾਜ ਦੀਆਂ ਫ਼ੌਜਾਂ ਦੇ ਉਰਾਰ ਰਹਿਣ ਦੀ ਜੋ ਸੰਧੀ ਕੀਤੀ ਉਸ ਸੰਧੀ ਨੂੰ ਮਹਾਰਾਜਾ ਦੇ ਅੱਖਾਂ ਮੀਟਦਿਆਂ ਹੀ ਅੰਗ੍ਰੇਜ਼ਾਂ ਨੇ ਤੋੜ ਦਿੱਤਾ। ਉਸ ਤੋਂ ਬਾਅਦ ਅੰਗ੍ਰੇਜ਼ਾਂ ਤੇ ਸਿੱਖਾਂ ਦੀਆਂ ਜਿਹੜੀਆਂ ਲੜਾਈਆਂ ਹੋਈਆਂ ਉਹ ਵੀ ਸਾਰੀਆਂ ਲਾਹੌਰ ਦੇ ਖ਼ਾਲਸਾ ਰਾਜ ਨੂੰ ਬਚਾਉਣ ਲਈ ਸਨ ਤੇ ਉਨ੍ਹਾਂ ਲੜਾਈਆਂ ਵਿਚ ਵੀ ਜਿੱਤ ਅੰਗ੍ਰੇਜ਼ਾਂ ਦੀ ਹੀ ਹੋਈ।

ਇਸ ਤੋਂ ਬਾਅਦ ਪੰਜਾਬ ਉਪਰ ਅੰਗ੍ਰੇਜ਼ਾਂ ਦਾ ਸਿੱਕਾ ਪੂਰੀ ਤਰ੍ਹਾਂ ਜੰਮ ਗਿਆ। ਸਿਖ ਸਰਦਾਰਾਂ, ਰਈਸਾਂ ਤੇ ਫੁਲਕੀਆਂ ਰਿਆਸਤਾਂ ਦੇ ਰਾਜਿਆਂ ਦੇ ਅਸਰ ਹੇਠ ਪੰਜਾਬ ਦੇ ਇਕ ਤਬਕੇ ਨੇ ਅੰਗ੍ਰੇਜ਼ਾਂ ਨੂੰ ਜਿਉ ਆਇਆਂ ਆਖਿਆ। ਉਨ੍ਹਾਂ ਦੀ ਹਰ ਤਰ੍ਹਾਂ ਮਦਦ ਵੀ ਕੀਤੀ ਤੇ ਫਿਰ ਫਿਰੰਗੀਆਂ ਨੂੰ ਆਪਣਾ ਸਰਪ੍ਰਸਤ ਵੀ ਖੁਸ਼ੀ ਖੁਸ਼ੀ ਮੰਨ ਲਿਆ। ਇਹ ਏਸ ਕਰਕੇ ਹੋ ਸਕਿਆ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਭਵਿੱਖਤ ਵਾਕਾਂ ਅਨੁਸਾਰ ਖਾਲਸਾ ਨੇ ਆਪਣਾ ਨਿਆਰਾ ਚਰਿਤ੍ਰ ਤਿਆਗ ਦਿੱਤਾ ਸੀ।

## ਕੂਕਾ ਅੰਦੋਲਨ ਦਾ ਪਿਛੋਕੜ

ਸੰਨ 1849 ਵਿਚ ਪੂਰੇ ਪੰਜਾਬ ਉਪਰ ਅੰਗ੍ਰੇਜ਼ਾਂ ਦੇ ਕਬਜ਼ੇ ਤੋਂ ਬਾਅਦ ਪੰਜਾਬ ਦਾ ਮਾਨਸ ਦੋ ਤਰ੍ਹਾਂ ਦੀ ਸੋਚ ਦਾ ਪਤਾ ਦੇਂਦਾ ਹੈ। ਇਕ ਸੋਚ ਉਨ੍ਹਾਂ ਲੋਕਾਂ ਦੀ ਜਿਨ੍ਹਾਂ ਨੇ ਫ਼ਿਰੰਗੀ ਰਾਜ ਨੂੰ ਆਪਣੇ ਲਈ ਬਰਕਤ ਤੇ ਵਰਦਾਨ ਰੂਪ ਵਿਚ ਵੇਖਿਆ ਅਤੇ ਉਸ ਤੋਂ ਵੱਧ ਤੋਂ ਵੱਧ ਲਾਭ ਹਾਸਿਲ ਕਰਨ ਵਿਚ ਜੁਟ ਗਏ। ਦੂਜੀ ਸੋਚ ਵਾਲੇ ਉਹ ਲੋਕ ਸਨ ਜਿਨ੍ਹਾਂ ਨੇ ਬਿਨਾ ਅੰਗ੍ਰੇਜ਼ਾਂ ਦੀ ਮਦਦ, ਅੰਗ੍ਰੇਜ਼ਾਂ ਦੇ ਗਿਆਨ ਅਤੇ ਅੰਗ੍ਰੇਜ਼ਾਂ ਦੀ ਅੰਗ੍ਰੇਜ਼ੀ ਭਾਸ਼ਾ ਦੇ ਮੁਸਲਿਮ ਹਕੂਮਤਾਂ ਨੂੰ ਖ਼ਤਮ ਹੁੰਦਿਆਂ ਵੇਖਿਆ ਸੀ। ਇਹ ਉਹ ਲੋਕ ਸਨ ਜਿਹੜੇ ਸੱਚੇ ਅਰਥਾਂ ਵਿਚ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਬਚਨਾਂ, ਉਨ੍ਹਾਂ ਵੱਲੋਂ ਕੀਤੇ ਸੰਘਰਸ਼ਾਂ ਤੇ ਉਨ੍ਹਾਂ ਵੱਲੋਂ ਚਲਾਈ, ਸੰਘਰਸ਼ਾਂ ਦੀ ਲੰਮੀ ਪਰੰਪਰਾ ਵਿਚ ਯਕੀਨ ਰੱਖਦੇ ਸਨ। ਉਹ ਇਹ ਜਾਣਦੇ ਸਨ ਕਿ ਖ਼ਾਲਸਾ ਰਾਜ ਦਾ ਪਤਨ ਬਾਹਰੀ ਗਿਆਨ ਅਤੇ ਜੰਗੀ ਟਕਨੀਕ ਦੀ ਊਣਤਾ ਕਰਕੇ ਨਹੀਂ, ਸਗੋਂ ਖ਼ਾਲਸੇ ਦੇ ਨੈਤਿਕ ਚਰਿਤ੍ਰ ਅਤੇ ਸਦਾਚਾਰ ਦੀ ਊਣਤਾ ਕਾਰਨ ਹੋਇਆ ਸੀ। ਉਹ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਇਸ ਵਾਕ ਨੂੰ ਸਮਝਦੇ ਸਨ—

*"ਰਹੇ ਖ਼ਾਲਸਾ ਜਬ ਲਗ ਨਯਾਰੇ।*  
*ਰਬਿ ਲਗਿ ਤੇਜ ਦਿਯੋ ਮੁਹਿ ਸਾਰੋ।*  
*ਚੰਧੇ ਜਾਹਿ ਮੋਹ ਕੀ ਫਾਸ।*  
*ਸੁਰਿ ਬਨਿਤਾਦਿਕ ਬਾਸ ਅਵਾਸ।"*

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਖ਼ਾਲਸਾ ਦਰਬਾਰ ਦੇ ਮੋਹਰੀਆਂ, ਸਰਦਾਰਾਂ ਵਿਚਕਾਰ ਜੋ ਕਟਾ-ਵੱਢ ਹੋਈ ਉਸ ਵਿਚ ਇਕ ਦੂਜੇ ਹੱਥੋਂ ਮਰਨ ਵਾਲੇ 36 ਮੁਖੀ ਵਿਅਕਤੀਆਂ ਦੇ ਨਾਮ ਪੰਡਿਤ ਦੇਬੀ ਪ੍ਰਸ਼ਾਦ ਨੇ 'ਗੁਲਸ਼ਨੇ ਪੰਜਾਬ' ਵਿਚ ਦਿੱਤੇ ਹਨ।...

## 1857—ਕੂਕਾ ਅੰਦੋਲਨ

1857 ਦੇ ਭਾਰਤ ਵਿਚ ਹੋਏ ਸਿਪਾਹੀ ਵਿਦਰੋਹ ਨੂੰ ਜੇ ਇਕ ਬੰਨੇ ਰੱਖ ਕੇ ਵੇਖੀਏ—ਜੋ ਇਕ ਵਕਤੀ ਉਤੇਜਨਾ ਦੀ ਉਪਜ ਸੀ ਅਤੇ ਜੋ ਫਿਰ ਦਿੱਲੀ ਦੇ ਬਾਦਸ਼ਾਹ ਬਹਾਦੁਰ ਸ਼ਾਹ ਨੂੰ ਭਾਰਤ ਸਮਰਾਟ ਦੇ ਇਕ ਛਤਰ ਸਮਰਾਟ ਦਾ ਰੁਤਬਾ ਦੁਆਣ ਦੇ ਸੰਘਰਸ਼ ਵਿਚ ਬਦਲ ਗਿਆ ਸੀ—ਤਾਂ ਸਾਰੇ ਹਿੰਦੁਸਤਾਨ ਵਿਚ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਸ਼ੁਰੂ ਕੀਤਾ ਗਿਆ ਅੰਦੋਲਣ ਉਨ੍ਹੀਂਵੀ ਸਦੀ ਦਾ ਇਕੋ ਇਕ ਤੇ ਪਹਿਲਾ ਅੰਦੋਲਣ ਸੀ—ਜੋ ਕਿਸੇ ਰਾਜੇ ਰਾਣੇ ਜਾਂ ਸੈਨਾਪਤੀ ਨੇ ਸ਼ੁਰੂ ਨਹੀਂ ਸੀ ਕੀਤਾ ਸਗੋਂ ਇਕ ਸਧਾਰਨ ਕਿਰਤੀ ਨੇ ਆਮ ਆਦਮੀ ਦੇ ਸਹਿਯੋਗ ਨਾਲ ਵਿਉਂਤ ਬਣਾ ਕੇ ਸ਼ੁਰੂ ਕੀਤਾ ਸੀ।

1849 ਵਿਚ 'ਖ਼ਾਲਸਾ ਰਾਜ'



Sri Satguru Jagjit Singh Ji Elibrary NamdhariElibrary@gmail.com

ਖਤਮ ਹੋ ਗਿਆ ਤੇ ਪੰਜਾਬ ਉਪਰ ਅੰਗ੍ਰੇਜ਼ਾਂ ਨੇ ਪੂਰਾ ਕਬਜ਼ਾ ਜਮਾ ਲਿਆ। ਖ਼ਾਲਸਾ ਰਾਜ ਦੇ ਅੰਤਿਮ ਦਸਾਂ ਸਾਲਾਂ ਵਿਚ ਪੰਜਾਬ ਦੀ ਜੋ ਦੁਰਦਸ਼ਾ ਹੋਈ, ਖ਼ਾਲਸਾ ਰਾਜ ਦੇ ਮਾਲਿਕਾਂ ਨੇ ਆਪਸ ਵਿਚ ਜੋ ਕਟਾਵੱਢੀ ਕੀਤੀ ਅਤੇ ਅੰਗ੍ਰੇਜ਼ਾਂ ਨੂੰ ਜਿਸ ਤਰ੍ਹਾਂ ਪੰਜਾਬ ਉੱਤੇ ਕਬਜ਼ੇ ਦੀਆਂ ਸਹੂਲਤਾਂ ਮੁਹੱਯਾ ਕੀਤੀਆਂ-ਅੰਗ੍ਰੇਜ਼ਾਂ ਕੋਲੋਂ ਇਨਾਮ ਇਕਰਾਮ ਹਾਸਿਲ ਕੀਤੇ ਤੇ ਜਾਗੀਰਾਂ ਲਈਆਂ ਉਸ ਸਭ ਦੇ ਰੂ-ਬ-ਰੂ ਇਹ ਗੱਲ ਇਕ ਚਮਤਕਾਰ ਵਰਗੀ ਹੀ ਲਗਦੀ ਹੈ ਕਿ ਉਸ ਤੋਂ ਸੱਤ ਅੱਠ ਸਾਲ ਬਾਅਦ ਹੀ ਫਿਰ ਤੋਂ ਫਿਰੰਗੀਆਂ ਦੇ ਖ਼ਿਲਾਫ਼ ਇਕ ਅੰਦੋਲਣ ਸ਼ੁਰੂ ਹੋ ਜਾਵੇ।

ਪਰ ਇਹ ਅੰਦੋਲਣ ਸ਼ੁਰੂ ਹੋਇਆ। ਈਸਵੀ ਸੰਨ 1857 ਦੇ ਅਪ੍ਰੈਲ ਵਿਚ ਵਿਸਾਖੀ ਵਾਲੇ ਦਿਨ। ਲੁਧਿਆਣੇ ਜ਼ਿਲ੍ਹੇ ਦੇ ਇਕ ਨਿੱਕੇ ਜਿਹੇ ਪਿੰਡ 'ਭੈਣੀ' ਵਿਚ ਪੰਜਾਂ ਸਿੰਘਾਂ ਨੂੰ ਖੰਡੇ ਦਾ ਅੰਮ੍ਰਿਤ ਛਕਾ ਕੇ 'ਸੰਤ ਖ਼ਾਲਸਾ' ਦੀ ਪੁਨਰ ਸਾਜਨਾ ਨਾਲ। ਸੰਤ ਖ਼ਾਲਸੇ ਦੀ 'ਪੁਨਰ ਸਾਜਨਾ' ਇਸ ਲਈ ਜ਼ਰੂਰੀ ਹੋ ਗਈ ਸੀ ਕਿ ਓਦੋਂ ਤਕ 'ਖ਼ਾਲਸਾ' ਅਖਵਾਣ ਵਾਲਾ ਪ੍ਰਸਿੱਧ ਸਰਕਾਰੀ ਦਰਬਾਰੀ, ਖ਼ਾਲਸਾ-ਕਰਮ ਧਰਮ ਤੇ ਸਦਾਚਾਰੀ ਚਰਿਤ੍ਰ ਪੱਖੋਂ ਮਲੇਛ ਆਚਰਨ ਵਾਲਾ ਬਣ ਚੁੱਕਾ ਸੀ।

ਜਿਸ ਸਤਿਗੁਰੂ ਰਾਮ ਸਿੰਘ ਨੇ ਇਸ ਨਵੇਂ 'ਸੰਤ ਖ਼ਾਲਸੇ' ਦੀ ਸਾਜਨਾ ਕੀਤੀ—ਉਹ ਸੰਨ 1837 ਤੋਂ 1865 ਤਕ ਖ਼ਾਲਸਾ ਫ਼ੌਜ ਵਿਚ ਰਹੇ ਸਨ। ਅਤੇ ਉਸ ਦੌਰ ਵਿਚ ਆਪ ਨੇ ਖ਼ਾਲਸਾ ਦਰਬਾਰ ਤੇ ਖ਼ਾਲਸਾ ਫ਼ੌਜ ਦਾ ਸਾਰਾ ਚਰਿਤ੍ਰ ਗਹੁ ਨਾਲ ਵੇਖ-ਭਾਂਪ ਲਿਆ ਸੀ। ਉਹ ਜਾਣਦੇ ਸਨ ਕਿ ਇਹ ਰਾਜ ਆਪਣੇ ਮਾੜੇ ਕਰਮਾਂ ਕਾਰਨ ਹੀ ਨਸ਼ਟ ਹੋਣ ਵਾਲਾ ਹੈ। ਇਸ ਲਈ ਆਪ ਨਾਮ ਬਾਣੀ ਦਾ ਸਿਮਰਨ ਕਰਦੇ, ਅਕਾਲ ਪੁਰਖ ਕੋਲੋਂ ਦੇਸ਼ ਕੌਮ ਦੀ ਭਲਾਈ ਲਈ ਰੌਸ਼ਨੀ ਦੀ ਅਰਦਾਸ ਕਰਦੇ ਤੇ ਭਵਿੱਖ ਲਈ ਮਨ ਹੀ ਮਨ ਵਿਉਂਤਾਂ ਬਣਾਉਂਦੇ। ਆਪ ਦੀ ਜਿਸ 'ਨੌ ਨਿਹਾਲ ਰਜਮੈਂਟ' ਵਿਚ ਡਿਊਟੀ ਸੀ—ਉਸ ਰਜਮੈਂਟ ਨੂੰ ਆਮ ਤੌਰ ਤੇ ਆਪਦੇ ਭਗਤੀ ਭਾਵ ਕਾਰਨ "ਭਗਤਾਂ ਦੀ ਪਲਟਨ" ਵੀ ਆਖਿਆ ਜਾਂਦਾ ਸੀ।

## ਅੰਗ੍ਰੇਜ਼ ਦੀ ਨੀਤੀ

*"... ਸਾਡੇ ਕੋਲ ਉਪਾਅ ਕੇਵਲ ਇਹ ਹੈ ਕਿ ਅਸੀਂ ਭਾਰਤ ਵਾਸੀਆਂ ਨੂੰ ਯੂਰਪੀ ਢੰਗ ਦੀ ਉੱਨਤੀ ਵਿਚ ਲਗਾ ਦੇਈਏ।... ਫਿਰ ਪੁਰਾਣੇ ਢੰਗ ਤੇ ਭਾਰਤ ਨੂੰ ਆਜ਼ਾਦ ਕਰਨ ਦੀ ਇੱਛਿਆ ਹੀ ਉਨ੍ਹਾਂ ਵਿਚੋਂ ਜਾਂਦੀ ਰਹੇਗੀ ਅਤੇ ਉਨ੍ਹਾਂ ਦਾ ਨਿਸ਼ਾਨਾ ਹੀ ਇਹ ਨਹੀਂ ਰਹੇਗਾ। ਦੇਸ਼ ਵਿਚ ਇਨਕਲਾਬ ਫਿਰ ਅਸੰਭਵ ਹੋ ਜਾਏਗਾ ਅਤੇ ਸਾਡੇ ਲਈ ਭਾਰਤ ਉਤੇ ਆਪਣਾ ਸਾਮਰਾਜ ਕਾਇਮ ਰੱਖਣਾ ਬੜੇ ਚਿਰ ਲਈ ਸ਼ੱਕ ਰਹਿਤ ਹੋ ਜਾਏਗਾ।...ਭਾਰਤਵਾਸੀ ਫਿਰ ਸਾਡੇ ਵਿਰੁਧ ਬਗ਼ਾਵਤ ਨਹੀਂ ਕਰਨਗੇ...ਫਿਰ ਉਨ੍ਹਾਂ ਦੇ ਦੇਸ਼ ਭਰ ਦੇ ਜਤਨ ਯੂਰਪੀ ਸ਼ਿਖ਼ਸ਼ਾ ਪ੍ਰਾਪਤ ਕਰਨ ਅਤੇ ਉਸ ਨੂੰ ਫੈਲਾਉਣ ਅਤੇ ਆਪਣੇ (ਇਲਾਕਿਆਂ ਵਿਚ) ਯੂਰਪੀ ਸੰਸਥਾਵਾਂ ਕਾਇਮ ਕਰਨ ਵਿਚ ਪੂਰੀ ਤਰ੍ਹਾਂ ਲੱਗੇ ਰਹਿਣਗੇ, ਜਿਸ ਨਾਲ ਸਾਨੂੰ ਕੋਈ ਹਾਨੀ ਨਹੀਂ ਹੋ ਸਕੇਗੀ। ਸ਼ਿਖ਼ਸ਼ਤ ਭਾਰਤਵਾਸੀ... ਸ਼ੁਭਚਿੰਤਕ ਹੀ ਸਾਡੇ ਨਾਲ ਚੰਬੜੇ ਰਹਿਣਗੇ...ਸਾਡੀ ਸਾਰੀ ਪਰਜਾ ਵਿਚ ਕਿਸੇ ਵੀ ਸ਼੍ਰੇਣੀ ਦੇ ਲੋਕਾਂ ਲਈ ਸਾਡਾ (ਭਾਰਤ ਵਿਚ) ਰਹਿਣਾ ਏਨਾ ਜ਼ਰੂਰੀ ਨਹੀਂ ਜਿਨਾ ਉਨ੍ਹਾਂ ਲੋਕਾਂ ਲਈ, ਜਿਨ੍ਹਾਂ ਦੇ ਵਿਚਾਰ ਅੰਗ੍ਰੇਜ਼ੀ ਸੱਚੇ ਵਿਚ ਢਲ ਗਏ ਨੇ। ਇਹ ਲੋਕ ਸ਼ੁੱਧ ਭਾਰਤੀ ਰਾਜ ਦੇ ਕੰਮ ਦੇ ਹੀ ਨਹੀਂ ਰਹਿ ਜਾਂਦੇ; ਜੇ ਛੇਤੀ ਨਾਲ ਦੇਸ਼ ਵਿਚ ਸੁਦੇਸੀ ਰਾਜ ਫਿਰ ਕਾਇਮ ਹੋ ਜਾਏ ਤਾਂ ਇਨ੍ਹਾਂ ਨੂੰ ਉਸ ਤੋਂ ਡਰ ਲਗਦਾ ਹੈ।"*

*—ਇਕ ਸਰਕਾਰੀ ਟਿੱਪਣੀ*

### ਅਰਦਾਸ ਤੋਂ ਨਾਂਹ

ਆਪ ਦਾ ਪ੍ਰਕਾਸ਼ ਈਸਵੀ ਸੰਨ 1816 ਮੁਤਾਬਕ ਮਾਘ ਸੁਦੀ ਪੰਚਮੀ ਸੰਮਤ 1872 ਨੂੰ ਪਿੰਡ ਰਾਈਆਂ ਜ਼ਿਲ੍ਹਾ ਲੁਧਿਆਣਾ ਵਿਚ ਹੋਇਆ ਸੀ। ਖ਼ਾਲਸਾ ਫ਼ੌਜ ਦੀ ਨੌਕਰੀ ਸਮੇਂ ਹੀ 1841 ਵਿਚ ਆਪ ਆਪਣੀ ਪਲਟਨ ਨਾਲ ਪਿਸ਼ਾਵਰ ਜਾਂਦੇ ਹੋਏ ਰਸਤੇ ਵਿਚ 'ਹਜ਼ਰੋਂ' ਵਿਖੇ ਰੁਕੇ। ਹਜ਼ਰੋਂ ਵਿਖੇ ਆਪ ਨੇ ਸਤਿਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕੀਤੇ। ਬਾਬਾ ਜਮੀਤ ਸਿੰਘ ਜੀ ਤੇ ਹੋਰ ਪੰਜੀ ਕੁ ਸਿੰਘ ਉਸ ਵੇਲੇ ਆਪ ਦੇ ਨਾਲ ਸਨ। ਸਤਿਗੁਰੂ ਬਾਲਕ ਸਿੰਘ ਜੀ ਦਾ ਦਰਸ਼ਨ ਕਰ ਕੇ ਆਪ ਦਾ ਤਨ ਮਨ ਨਿਹਾਲ ਹੋ ਗਿਆ। ਸਤਿਗੁਰੂ ਬਾਲਕ ਸਿੰਘ ਜੀ ਨੇ ਆਪ ਨੂੰ ਆਪਣਾ ਵਾਰਿਸ ਬਣਾ ਕੇ ਓਥੋਂ ਵਿਦਾ ਕੀਤਾ।

ਹਜ਼ਰੋਂ ਤੋਂ ਵਾਪਸੀ ਉਪਰੰਤ ਆਪ ਵਿਚ ਇਕ ਦਮ ਵੱਡੀ ਤਬਦੀਲੀ ਆ ਗਈ। ਆਪ ਹਰ ਸਮੇਂ ਨਾਮ ਬਾਣੀ ਤੇ ਜਪ ਕੀਤਰਨ ਵਿਚ ਮਸਤ ਰਹਿਣ ਲੱਗੇ। ਸੰਨ 1845 ਵਿਚ ਮੁਦਕੀ ਦੇ ਮੈਦਾਨ ਵਿਚ ਸਿੱਖਾਂ ਤੇ ਅੰਗ੍ਰੇਜ਼ਾਂ ਦੀ ਲੜਾਈ ਆਰੰਭ ਹੋਣ ਸਮੇਂ ਫ਼ੌਜ ਦੇ ਕਰਤਿਆਂ ਧਰਤਿਆਂ ਨੇ ਆਪ ਨੂੰ ਖ਼ਾਲਸਾ ਫ਼ੌਜ ਦੀ ਜਿੱਤ ਵਾਸਤੇ ਅਰਦਾਸ ਕਰਨ ਦੀ ਬੇਨਤੀ ਕੀਤੀ। ਪਰ ਆਪ ਜਾਣਦੇ ਸਨ ਕਿ ਇਹ 'ਖ਼ਾਲਸਾ' ਨਾਮ ਦਾ ਹੀ 'ਖ਼ਾਲਸਾ' ਹੈ। ਆਪਣੇ ਕਰਮ ਧਰਮ ਤੇ ਚਰਿਤ੍ਰ ਵਾਲਾ ਇਸ ਦਾ ਅਸਲਾ ਬਦਲ ਚੁੱਕਾ ਹੈ—ਸੋ ਇਸ ਦੀ ਜਿੱਤ ਕਿਸੇ ਤਰ੍ਹਾਂ ਵੀ ਸੰਭਵ ਨਹੀਂ। ਸੋ ਆਪ ਨੇ ਅਰਦਾਸ ਕਰਕੇ ਝੂਠਾ ਭਰਮ ਪਾਲਣ ਤੋਂ ਇਨਕਾਰ ਕਰ ਦਿੱਤਾ। ਉਸ ਤੋਂ ਬਾਅਦ ਆਪ ਨੇ ਨੌਕਰੀ ਛੱਡ ਦਿੱਤੀ ਤੇ ਆਪਣੇ ਪਿੰਡ 'ਭੈਣੀ'—ਜੋ ਕਿ 'ਰਾਈਆਂ' ਪਿੰਡ ਦੀ ਹੀ ਇਕ ਨਵੀਂ ਵੱਸੀ ਪੱਤੀ ਸੀ—ਆ ਗਏ।

ਉਸ ਤੋਂ ਬਾਅਦ ਸੰਨ 1857 ਦੀ ਵਿਸਾਖੀ ਵਾਲੇ ਦਿਨ ਬਾਕਾਇਦਾ "ਸੰਤ ਖਾਲਸਾ" ਦੀ ਸਾਜਨਾ ਕੀਤੀ।

### ਸੰਤ ਖ਼ਾਲਸਾ

ਆਪਣੇ 'ਸੰਤ ਖ਼ਾਲਸਾ' ਦੇ ਸਰੂਪ ਤੇ ਮਰਯਾਦਾ ਦੀ ਵੀ ਆਪ ਨੇ ਨਵੇਂ ਸਿਰੇ ਬਣਤ ਬਣਾਈ।

### ਨਿਯਮ

ਉਸ ਵੇਲੇ ਤਕ ਦੇ ਦਰਬਾਰੀ ਖ਼ਾਲਸੇ ਦੀ ਥਾਂ ਆਪ ਨੇ ਪਾਰੰਪਰਿਕ ਗੋਲ ਸਫ਼ੇਦ ਦਸਤਾਰ ਸਜਾਉਣ ਦਾ ਹੁਕਮ ਦਿੱਤਾ। ਕਲੀਆਂ ਵਾਲੇ ਕੁੜਤੇ, ਚੂੜੀਦਾਰ ਪਜਾਮੇ ਤੇ ਰੇਬ ਕਛਹਿਰੇ ਨੂੰ ਧਾਰਨ ਕਰਵਾਇਆ। ਪੰਜ ਕਕਾਰਾਂ ਨੂੰ ਲਾਜ਼ਮੀ ਕਰਾਰ ਦਿੱਤਾ। 108 ਮਣਕਿਆਂ ਵਾਲੀ ਉਨ ਦੀ ਮਾਲਾ ਧਾਰਨ ਕਰਵਾਈ ਤੇ ਲੋਹੇ ਦੇ ਨਵੇਂ ਡੀਜ਼ਾਇਨ ਵਾਲੇ ਗੜਵੇ ਅਤੇ ਡੋਰੀ ਨੂੰ ਕੋਲ ਰੱਖਣਾ ਜ਼ਰੂਰੀ ਕਰਾਰ ਦਿੱਤਾ। ਸੁੱਚ-ਸੋਧ ਦਾ ਅੰਨ-ਜਲ ਛਕਣ, ਬਾਣੀ ਪੜ੍ਹਨ ਤੇ ਨਾਮ ਜਪਣ ਲਈ ਵਿਸ਼ੇਸ਼ ਹੁਕਮ ਦਿੱਤੇ। ਮਾਸ, ਸ਼ਰਾਬ, ਤਮਾਕੂ, ਹੁੱਕੇ, ਅਫ਼ੀਮ, ਭੰਗ, ਪੋਸਤ ਦੇ ਨਸ਼ੇ ਦੀ ਵਰਤੋਂ ਤੋਂ ਸਿਖਾਂ ਨੂੰ ਪੂਰੀ ਤਰ੍ਹਾਂ ਬਚਣ ਦਾ ਹੁਕਮ ਦਿੱਤਾ।



Sri Satguru Jagjit Singh Ji Elibrary NamdhariElibrary@gmail.com

> **ਇਸਤਰੀ ਜਾਤ ਬਾਰੇ ਗੁਰੂ ਰਾਮ ਸਿੰਘ ਦੀ ਸਖਤ ਹਿਦਾਇਤ**
>
> *"ਜੋ ਲੜਕੀ ਮਾਰ ਦੇਵੇਗਾ, ਅਰ ਲੜਕੀ ਬੇਚਣੇ ਦਾ, ਬਟਾ ਕਰਿਨੇ ਦਾ ਬੜਾ ਪਾਪੁ ਹੈ। ਜੋ ਮਾਰਨੇ ਦਾ ਏਹੁ ਪਾਪ ਹੈ ਜੋ ਲੜਕੀਆਂ ਮੈ ਬਹੁਤ ਈ ਗੁਨ ਹੈਨ। ਅਨੇਕ ਤਰ੍ਹਾਂ ਦੇ ਸੁਖ ਦਿੰਦੀਆ ਹੈਨ ਇਸਤਰੀਆਂ, ਗਿਣੇ ਨਹੀਂ ਜਾਂਦੇ ਮੇਰੇ ਪਾਸ ਤੇ। ਕੁੜੀ ਦਾ ਮਾਰਨਾ ਗਊ ਤੇ ਬੀ ਬਡਾ ਪਾਪੁ ਹੈ। ਅਰੁ ਬਟਾ ਕਰਨੇ ਤੇ, ਦੰਮ ਲੈਣੇ ਤੇ ਕੁੜੀ ਕੋ ਬਰੁ ਅਛਾ ਨਹੀਂ ਮਿਲਦਾ। ਕੇ ਬੁਢਾ ਕੇ ਕਿਸੇਰਣਾ ਲਭਦਾ ਹੈ ਦੰਮ ਲੈਣੇ ਤੇ। ਨਾਲੇ ਕੁੜੀ ਦੇ ਘਰ ਰਿਜਕੁ ਨਹੀਂ ਰਹਦਾ। ਕੁੜੀ ਬਹੁਤੀ ਦੁਖੀ ਹੁੰਦੀ ਹੈ। ਨਾਲੇ ਕੁੜੀ ਬਿਭਿਚਾਰਨੀ ਹੋਇ ਜਾਂਦੀ ਹੈ। ਬਹੁਤੇ ਬਾਈ ਖਰਾਬ ਹੁੰਦੀ ਰਹਦੀ ਹੈ। ਏਹੁ ਸਾਰੇ ਪਾਪੁ ਮਾਪਿਆ ਕੋ ਲਗਦਾ ਹੈ। ਮਾਪਿਆਂ ਦੇ ਬੀ ਬੁਰੇ ਹਾਲ ਹੋਇ ਜਾਂਦੇ ਹੈ ਮੈਂ ਆਪਣੀ ਅਖੀ ਦੇਖੀ ਹੈ। ਏਹੁ ਬਾਤਿ ਸਤਿ ਪ੍ਰਤੀਤ ਜਾਨਣੀ ਖਾਲਸਾ ਜੀ, ਜੋ ਲਿਖੀ ਹੈ।"*

### ਸੁਦੇਸ਼ੀ ਲਹਿਰ ਦਾ ਅਰੰਭ

ਆਪ ਨੇ ਸੰਤ ਖ਼ਾਲਸੇ ਲਈ ਜੋ ਹੋਰ ਨਿਯਮ ਬਣਾਏ, ਉਹ ਸਨ—ਸੁਦੇਸ਼ੀ ਕਪੜੇ ਤੇ ਹੋਰ ਵਸਤਾਂ ਦੀ ਵਰਤੋਂ ਕਰਨੀ ਹੈ। ਬਦੇਸ਼ੀ ਕਪੜੇ ਤੇ ਹੋਰ ਵਸਤਾਂ ਨੂੰ ਅੰਗ ਨਹੀਂ ਲਗਾਉਣਾ। ਗੁਰਮੁਖੀ ਅੱਖਰਾਂ ਵਿਚ ਵਿੱਦਿਆ ਹਾਸਿਲ ਕਰਨੀ ਹੈ—ਅੰਗ੍ਰੇਜ਼ੀ ਤੇ ਫ਼ਾਰਸੀ ਨਹੀਂ ਪੜ੍ਹਨੀ। ਚਿੱਠੀ ਪੱਤਰ ਆਪਣੇ ਹੀ ਸਿੱਘਾਂ ਸਾਥੀਆਂ ਰਾਹੀਂ ਘੱਲਣਾ ਤੇ ਪਾਉਣਾ ਹੈ, ਅੰਗ੍ਰੇਜ਼ ਸਰਕਾਰ ਦੇ ਡਾਕਖ਼ਾਨਿਆਂ ਨਾਲ ਪੂਰੀ ਨਾਮਿਲਵਰਤਨ ਕਰਨੀ ਹੈ। ਅੰਗ੍ਰੇਜ਼ਾਂ ਦੀ ਕਚਹਿਰੀ ਨਹੀਂ ਜਾਣਾ। ਆਪਣੇ ਭਾਈਚਾਰੇ ਅੰਦਰ ਹੀ ਨਿਆਂ ਕਰਨਾ-ਕਰਵਾਣਾ ਹੈ।

ਆਪ ਨੇ ਆਪਣੇ ਸੰਗਠਨ ਦੇ ਪ੍ਰਚਾਰ ਲਈ 22 ਸੂਬੇ ਨਿਯੁਕਤ ਕੀਤੇ। ਇਹ ਸੂਬੇ ਜਿੱਥੇ ਗੁਰਮਤ ਦਾ ਪ੍ਰਚਾਰ ਕਰਦੇ ਉੱਥੇ ਨਾਲ ਦੀ ਨਾਲ ਅੰਗ੍ਰੇਜ਼ ਨਾਲ ਹਰ ਤਰ੍ਹਾਂ ਦੇ ਬਾਈਕਾਟ ਦਾ ਪ੍ਰਚਾਰ ਵੀ ਕਰਦੇ ਤੇ ਸੰਗਠਨ ਨੂੰ ਵਿਸ਼ਾਲ ਰੂਪ ਦੇਂਦੇ।

ਥੋੜ੍ਹੇ ਸਮੇਂ ਅੰਦਰ ਹੀ ਪੰਜਾਬ ਵਿਚ "ਸੰਤ ਖ਼ਾਲਸੇ" ਦਾ ਪ੍ਰਤਾਪ ਵਧਣਾ ਸ਼ੁਰੂ ਹੋ ਗਿਆ ਤੇ ਲੱਖਾਂ ਦੀ ਗਿਣਤੀ ਵਿਚ ਲੋਕ ਸਤਿਗੁਰੂ ਰਾਮ ਸਿੰਘ ਜੀ ਦੇ ਪੈਰੋਕਾਰ ਬਣਨ ਲੱਗੇ। ਆਪ ਦੇ ਪੈਰੋਕਾਰਾਂ ਨੂੰ ਲੋਕ 'ਕੂਕੇ' ਜਾਂ 'ਨਾਮਧਾਰੀ' ਆਖਦੇ। ਕਿਉਂਕਿ ਆਪ ਨਾਮ ਜਪਦੇ ਤੇ ਜਪਾਉਂਦੇ ਸਨ ਇਸ ਲਈ 'ਨਾਮਧਾਰੀ' ਨਾਮ ਨਾਲ ਜਾਣੇ ਗਏ। ਗੁਰਬਾਣੀ ਦੇ ਪਾਠ ਤੇ ਅੰਮ੍ਰਿਤ ਵੇਲੇ ਉੱਚੀਆਂ ਸੁਰਾਂ ਵਿਚ ਗੁਰਬਾਣੀ ਦਾ ਕੀਰਤਨ ਕਰਦੇ ਸਨ—ਇਸ ਲਈ ਇਨ੍ਹਾਂ ਦੀਆਂ ਉੱਚੀਆਂ ਸੁਰਾਂ ਨੂੰ 'ਕੂਕ' ਦਾ ਨਾਮ ਮਿਲ ਗਿਆ। ਕੂਕ ਮਾਰਨ ਵਾਲਾ ਮੰਨਿਆ ਜਾਣ ਕਰਕੇ "ਸੰਤ ਖ਼ਾਲਸੇ" ਦਾ ਇਕ ਨਾਮ 'ਕੂਕਾ' ਵੀ ਪੈ ਗਿਆ।

### ਗ੍ਰੰਥ ਸਾਹਿਬ ਬਾਰੇ

ਖ਼ਾਲਸਾ ਰਾਜ ਸਮੇਂ ਐਸ਼ ਇਸ਼ਰਤ ਵਿਚ ਰਮ ਗਏ ਸਿੱਖ ਜਦੋਂ ਸ਼ਰਾਬ ਮਾਸ ਤੇ ਹੋਰ ਨਸ਼ਿਆਂ ਦਾ ਭਰਪੂਰ ਸੇਵਨ ਕਰਨ ਅਤੇ ਵਿਭਚਾਰ ਵਿਚ ਗਲ ਗਲ ਤਕ ਖੁਭ ਗਏ ਸਨ ਉਸ ਵੇਲੇ ਗੁਰੂ ਬਾਣੀ ਤੇ ਬਾਣੀ ਦੇ ਗ੍ਰੰਥਾਂ ਵੱਲ ਕਿਸ ਦਾ ਧਿਆਨ ਰਹਿ ਸਕਦਾ ਸੀ? ਸਤਿਗੁਰੂ ਰਾਮ ਸਿੰਘ ਜੀ ਨੇ ਪਿੰਡ ਪਿੰਡ ਘੁੰਮ ਕੇ ਭੁੱਲੀਆਂ ਵਿੱਸਰੀਆਂ ਗ੍ਰੰਥ ਸਾਹਿਬਾਂ ਦੀਆਂ ਬੀੜਾਂ ਨੂੰ ਲਭਾਇਆ ਤੇ ਸਿੱਖਾਂ ਨੂੰ ਉਨ੍ਹਾਂ ਦੇ ਪਾਠ ਵੱਲ ਲਗਾਇਆ।

### ਇਸਤ੍ਰੀਆਂ ਨੂੰ ਖੰਡੇ ਦਾ ਅੰਮ੍ਰਿਤ

ਸਤਿਗੁਰੂ ਰਾਮ ਸਿੰਘ ਜੀ ਤੋਂ ਪਹਿਲਾਂ ਕੇਵਲ ਪੁਰਸ਼ ਸਿੱਖਾਂ ਨੂੰ ਹੀ ਅੰਮ੍ਰਿਤ ਛਕਾਉਣ ਦਾ ਚਲਣ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਇਸਤ੍ਰੀਆਂ ਨੂੰ ਵੀ ਖੰਡੇ ਦਾ ਅੰਮ੍ਰਿਤ ਛਕਾ ਕੇ ਉਨ੍ਹਾਂ ਨੂੰ ਪੁਰਸ਼ ਦੇ ਬਰਾਬਰ ਦਾ ਦਰਜਾ ਦਿੱਤਾ।

### ਵਿਧਵਾ ਵਿਆਹ

ਉਸ ਜ਼ਮਾਨੇ ਵਿਚ ਸਾਰੇ ਭਾਰਤ ਵਿਚ ਹੀ ਵਿਧਵਾਵਾਂ ਦੇ ਉਮਰ ਭਰ ਰੰਡੇਪਾ ਕੱਟਣ ਦਾ ਚਲਣ ਸੀ ਤੇ ਵਿਧਵਾ ਵਿਆਹ ਨੂੰ ਸ਼ਾਸਤ੍ਰ ਵਿਰੁੱਧ ਮੰਨਿਆ ਜਾਂਦਾ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਸਿੱਖਾਂ ਦੇ ਘਰਾਣਿਆਂ ਵਿਚ ਵਿਧਵਾ ਵਿਆਹ ਦਾ ਚਲਣ ਕੀਤਾ ਅਤੇ ਵੱਟੇ ਦੇ ਵਿਆਹਾਂ ਦੀ ਮਨਾਹੀ ਕੀਤੀ।

### ਕੁੜੀਆਂ ਨੂੰ ਜਿਉਣ ਦਾ ਹੱਕ ਦਿੱਤਾ

ਉਸ ਜ਼ਮਾਨੇ ਵਿਚ ਕੁੜੀਆਂ ਦੇ ਜਨਮ ਨੂੰ ਪਸੰਦ ਨਹੀਂ ਸੀ ਕੀਤਾ ਜਾਂਦਾ। ਇਸ ਲਈ ਬਹੁਤ ਲੋਕ ਕੁੜੀਆਂ ਨੂੰ ਜੰਮਦਿਆਂ ਹੀ ਮਾਰ ਦੇਂਦੇ ਸਨ। ਸਤਿਗੁਰੂ ਰਾਮ ਸਿੰਘ ਜੀ ਨੇ ਲੋਕਾਂ ਨੂੰ ਕੁੜੀਆਂ ਮਾਰਨ ਤੋਂ ਵਰਜਿਆ ਤੇ ਇਨ੍ਹਾਂ ਨੂੰ ਪੁੱਤਰਾਂ ਦੇ ਬਰਾਬਰ ਹੀ ਜਾਣਨ ਦਾ ਉਪਦੇਸ਼ ਦਿੱਤਾ।

### ਨਵੀਂ ਅਨੰਦ ਮਰਯਾਦਾ

ਉਸ ਸਮੇਂ ਤੱਕ ਹੋਰ ਲੋਕਾਂ ਵਾਂਗ ਸਿੱਖਾਂ ਦੇ ਵਿਆਹ ਵੀ ਵੈਦਿਕ ਰੀਤ ਅਨੁਸਾਰ ਪਰੋਹਿਤ ਹੀ ਕਰਵਾਉਂਦੇ ਆ ਰਹੇ ਸਨ। ਵਿਆਹਾਂ ਉਪਰ ਪਰੋਹਤਾਂ ਦੀ ਅਜਾਰੇਦਾਰੀ ਹੋਣ ਕਰਕੇ ਆਮ ਆਦਮੀ ਨੂੰ ਕਾਫ਼ੀ ਖਰਚ-ਖੇਚਲ ਤੇ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਸੰਨ 1863 ਵਿਚ ਪਿੰਡ 'ਖੋਟੇ' ਜ਼ਿਲਾ ਫ਼ਿਰੋਜ਼ਪੁਰ ਵਿਖੇ ਵਿਆਹਾਂ ਦੀ 'ਅਨੰਦ' ਰੀਤ ਸ਼ੁਰੂ ਕਰ ਕੇ ਪੁਰਾਤਨ ਵੈਦਿਕ ਰੀਤ ਵਿਚ ਕੁਝ ਸੁਧਾਰ ਕਰ ਦਿੱਤਾ। ਆਪ ਨੇ ਵਿਆਹ ਸਮੇਂ ਹਵਨ ਅਤੇ ਵੇਦੀ ਦਾ ਸਿਲਸਿਲਾ ਤਾਂ ਜਾਰੀ ਰਹਿਣ ਦਿੱਤਾ ਪਰ ਹਵਨ ਦੇ ਮੰਤ੍ਰਾਂ ਲਈ 'ਗੁਰਬਾਣੀ' ਦਾ ਪਾਠ ਰਾਇਜ ਕੀਤਾ। ਲਾਵਾਂ ਫੇਰੇ ਸੱਤਾਂ ਤੋਂ ਚਾਰ ਕਰ ਦਿੱਤੇ ਅਤੇ ਲਾਵਾਂ ਦੀ ਬਾਣੀ ਸ੍ਰੀ ਆਦਿ ਗ੍ਰੰਥ ਸਾਹਿਬ ਵਿਚੋਂ ਪੜ੍ਹਨ ਦਾ ਹੁਕਮ ਦਿੱਤਾ। ਵਿਆਹ ਦੀ ਇਸ ਅਨੰਦ ਰੀਤ ਵਾਲੇ ਵਿਆਹ ਨੂੰ 'ਅਨੰਦ ਕਾਰਜ' ਦਾ ਨਾਮ ਦਿੱਤਾ।

### ਅੰਗ੍ਰੇਜ਼ਾਂ ਵਿਰੁਧ

### ਸਿੱਧੀ ਲੜਾਈ ਦੀ ਤਿਆਰੀ

#### ਪਹਿਲਾ ਮੋਰਚਾ

ਸਤਿਗੁਰੂ ਰਾਮ ਸਿੰਘ ਜੀ ਨੇ ਉਪਰੋਕਤ ਸਭ ਨਿਯਮਾਂ, ਰੀਤਾਂ ਤੇ ਮਰਯਾਦਾ ਦਾ ਚਲਣ ਕਰਵਾ ਕੇ ਹਰ ਸਿੱਖ ਦੇ ਅੰਦਰੋਂ ਉਸ ਦੀ ਸਾਤਵਿਕਤਾ ਅਤੇ ਰੂਹਾਨੀਅਤ ਨੂੰ ਜਗਾਇਆ। ਇਸ ਨਾਲ ਸਿੱਖਾਂ ਦੇ ਆਪਣੇ ਅੰਦਰੋਂ ਇਕ ਐਸੇ ਆਜ਼ਾਦ ਮਨੁੱਖ ਦੀ ਪਛਾਣ ਜਾਗੀ, ਜੋ ਆਪਣੀ ਆਜ਼ਾਦੀ ਤੇ ਦੂਜੇ ਦੀ ਆਜ਼ਾਦੀ ਨੂੰ ਬਰਾਬਰ ਰੱਖ ਕੇ ਵੇਖ ਸਕਦਾ ਸੀ। ਆਪਣੇ ਹੱਕਾਂ ਦੀ ਰਾਖੀ ਲਈ ਲੜ ਸਕਦਾ ਸੀ। ਇਜ ਹੱਕਾਂ ਦੀ ਰਾਖੀ ਵਿਚ ਬਰਾਬਰੀ ਦੀ ਇਕ ਭਾਵਨਾ ਜਗਾ ਕੇ ਸਤਿਗੁਰੂ ਰਾਮ



Sri Satguru Jagjit Singh Ji Elibrary NamdhariElibrary@gmail.com

ਸਿੰਘ ਜੀ ਨੇ ਪੰਜਾਬ ਨੂੰ ਆਪਣੀ ਹੋਂਦ ਬਾਰੇ ਸੁਚੇਤ ਕੀਤਾ ਅਤੇ ਅੰਗ੍ਰੇਜ਼ਾਂ ਦੇ ਪੰਜਾਬ ਉਪਰ ਕਬਜ਼ੇ ਬਾਰੇ ਸਵਾਲੀਆ ਚਿੰਨ੍ਹ ਲਗਾ ਦਿੱਤਾ।

ਅਸਲ ਵਿਚ ਇਹ ਸਭ ਕੁਝ ਆਪਣੇ ਆਪੇ ਨੂੰ ਸੋਧਣ ਤੇ ਆਪਣੀ ਹੋਂਦ ਨੂੰ ਪਛਾਨਣ ਦੀ ਤਿਆਰੀ ਵਜੋਂ ਕੀਤਾ ਗਿਆ ਸੀ।

**ਦੂਜਾ ਮੋਰਚਾ**

ਇਸ ਦੇ ਬਾਅਦ ਸੀ ਦੂਸਰਾ ਮੋਰਚਾ। ਉਸ ਦੂਸਰੇ ਮੋਰਚੇ ਦੀ ਮੋਰਚਾਬੰਦੀ ਅੰਗ੍ਰੇਜ਼ ਫਿਰੰਗੀਆਂ ਨੂੰ ਸੋਧਣ ਲਈ ਸ਼ੁਰੂ ਕੀਤੀ ਗਈ। ਸਤਿਗੁਰੂ ਰਾਮ ਸਿੰਘ ਜੀ ਨੇ ਕਸ਼ਮੀਰ ਰਾਜ ਵਿਚ ਆਪਣੇ ਸਿੱਖਾਂ ਨੂੰ ਫ਼ੌਜੀ ਟ੍ਰੇਨਿੰਗ ਲੈਣ ਲਈ ਭੇਜਿਆ। ਉਸ ਯੋਜਨਾ ਅਨੁਸਾਰ ਤਿਆਰੀ ਪੂਰੀ ਕਰਕੇ ਅੰਗ੍ਰੇਜ਼ਾਂ ਨਾਲ ਸਿੱਧੀ ਲੜਾਈ ਲੜੀ ਜਾ ਸਕਦੀ ਸੀ। ਉਸ ਸਿੱਧੀ ਲੜਾਈ ਵਿਚ ਨੇਪਾਲ ਤੇ ਰੂਸ ਦੀ ਸਹਾਇਤਾ ਪ੍ਰਾਪਤੀ ਦਾ ਮਨਸੂਬਾ ਵੀ ਸ਼ਾਮਲ ਸੀ। ਆਪ ਨੇ ਨੇਪਾਲ ਤੇ ਰੂਸ ਨਾਲ ਇਸ ਬਾਰੇ ਗੱਲ-ਬਾਤ ਦੀ ਕੋਸ਼ਿਸ਼ ਕੀਤੀ। ਆਪਣੇ ਦੂਤ ਵੀ ਭੇਜੇ। ਓਧਰ ਅੰਮ੍ਰਿਤਸਰ ਵਿਚ ਸ੍ਰ: ਠਾਕਰ ਸਿੰਘ ਸੰਧਾਂਵਾਲੀਏ ਨਾਲ ਵੀ ਇਸ ਬਾਰੇ ਵਿਚਾਰ ਵਟਾਂਦਰਾ ਕੀਤਾ। ਸ੍ਰ: ਠਾਕਰ ਸਿੰਘ ਸੰਧਾਂਵਾਲੀਆ ਮਹਾਰਾਜਾ ਦਲੀਪ ਸਿੰਘ ਦੀ ਜਲਾਵਤਨੀ ਵਿਚ ਉਨ੍ਹਾਂ ਦੇ ਸੰਪਰਕ ਵਿਚ ਸੀ। ਸਤਿਗੁਰੂ ਰਾਮ ਸਿੰਘ ਜੀ ਦੀ ਸੋਚ ਸੀ ਕਿ ਜੇ ਕਰ ਮਹਾਰਾਜਾ ਦਲੀਪ ਸਿੰਘ ਕਿਸੇ ਤਰ੍ਹਾਂ ਪੰਜਾਬ ਆ ਸਕੇ ਤਾਂ ਪੰਜਾਬ ਉਸ ਦਾ ਸਵਾਗਤ ਵੀ ਕਰੇਗਾ ਤੇ ਖ਼ਾਲਸਾ ਰਾਜ ਦੀ ਮੁੜ ਪ੍ਰਾਪਤੀ ਲਈ ਜੰਗ ਵੀ ਕਰੇਗਾ। ਰੂਸ, ਨੇਪਾਲ, ਕਸ਼ਮੀਰ ਵਿਚੋਂ ਫੌਜੀ ਮਦਦ ਵੀ ਮਿਲ ਸਕੇਗੀ।

**ਤਖ਼ਤਾਂ ਦੇ ਪੁਜਾਰੀਆਂ ਵਲੋਂ ਮੁਖ਼ਾਲਫ਼ਤ**

ਪਰ ਇਹ ਸਭ ਕੁਝ ਉਨ੍ਹਾਂ ਸਿੱਖਾਂ ਨੂੰ ਪ੍ਰਵਾਨ ਨਹੀਂ ਸੀ—ਜਿਹੜੇ ਫਰੰਗੀ ਦੇ ਰੰਗ ਵਿਚ ਰੰਗੇ ਗਏ ਸਨ। ਜਿਨ੍ਹਾਂ ਨੂੰ ਅੰਗ੍ਰੇਜ਼ਾਂ ਨੇ ਭਰਪੂਰ ਸੁਖ ਸਹੂਲਤਾਂ ਮੁਹਈਆ ਕਰਵਾ ਦਿੱਤੀਆਂ ਸਨ। ਓਦੋਂ ਗੁਰੂ ਕੇ ਤਖ਼ਤਾਂ ਉਪਰ ਵੀ ਉਨ੍ਹਾਂ ਸਿੱਖ ਸਰਦਾਰਾਂ ਦੇ ਪ੍ਰਤੀਨਿਧੀ ਪੁਜਾਰੀਆਂ ਦਾ ਹੀ ਕਬਜ਼ਾ ਸੀ। ਸੋ ਸਿੱਖਾਂ ਵਿਚੋਂ ਸਤਿਗੁਰੂ ਰਾਮ ਸਿੰਘ ਜੀ ਦੀ ਪਹਿਲੀ ਮੁਖ਼ਾਲਫ਼ਤ ਗੁਰੂ ਕੇ ਤਖ਼ਤਾਂ ਦੇ ਹੁਕਮ ਚਲਾਉਣ ਵਾਲੇ ਪੁਜਾਰੀਆਂ ਵੱਲੋਂ ਹੀ ਕਰਵਾਈ ਗਈ। ਸਤਿਗੁਰੂ ਰਾਮ ਸਿੰਘ ਜੀ ਵੱਲੋਂ ਅੰਮ੍ਰਿਤਸਰ ਦੇ ਅਕਾਲ ਤਖ਼ਤ ਅਤੇ ਅਨੰਦਪੁਰ ਸਾਹਿਬ ਦੇ ਕੇਸਗੜ੍ਹ ਤਖ਼ਤ ਸਾਹਮਣੇ ਮੱਥਾ ਟੇਕਣ ਜਾਣ ਤੇ ਪੁਜਾਰੀਆਂ ਨੇ ਆਪ ਦੀ ਅਰਦਾਸ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਆਪ ਵਿਰੁਧ ਫ਼ਤਵੇ ਵੀ ਜਾਰੀ ਕੀਤੇ।

**ਗਊਆਂ ਦੀ ਰਖਿਆ**

ਭਾਰਤ ਵਿਚ ਗਊ ਗ਼ਰੀਬ ਦੀ ਰਖਿਆ, ਪਰੰਪਰਾ ਤੋਂ, ਹਰ ਧਾਰਮਕ ਵਿਅਕਤੀ ਜਾਂ ਸੰਸਥਾ ਦਾ ਉਦੇਸ਼ ਰਿਹਾ ਹੈ। ਇਨ੍ਹਾਂ ਦੀ ਰਖਿਆ ਭਾਰਤ ਦੇ ਆਮ ਆਦਮੀ ਦੇ ਸੰਸਕਾਰਾਂ ਦਾ ਹਿੱਸਾ ਬਣ ਚੁਕੀ ਹੋਈ ਸੀ। ਗਊ ਦੀ ਹੱਤਿਆ ਦੇ ਮਾਮਲੇ ਵਿਚ ਏਥੋਂ ਦੇ ਲੋਕ ਮੁੱਢ ਕਦੀਮ ਤੋਂ ਹੀ ਸੰਵੇਦਨਸ਼ੀਲ ਰਹੇ ਹਨ। ਇਹੋ ਕਾਰਨ ਸੀ ਕਿ "ਅੰਗ੍ਰੇਜ਼ਾਂ ਵੱਲੋਂ ਬੰਦੂਕ ਦੇ ਨਵੇਂ ਬਣਨ ਵਾਲੇ ਤੋੜਿਆਂ ਵਿਚ ਗਊ ਦੀ ਚਰਬੀ ਲੱਗਦੀ ਹੈ" ਸੁਣ ਕੇ ਅੰਗ੍ਰੇਜ਼ੀ ਫ਼ੌਜ ਦੇ ਹਿਂਦੁਸਤਾਨੀ ਸਿਪਾਹੀ ਭੜਕ ਉਠੇ ਸਨ ਤੇ ਉਨ੍ਹਾਂ ਦੀ ਉਹ ਭੜਕਾਹਟ 1857 ਦੇ ਪ੍ਰਸਿੱਧ ਇਤਿਹਾਸਕ ਵਿਦਰੋਹ ਦਾ ਕਾਰਨ ਬਣ ਗਈ ਸੀ।

ਏਸੇ ਤਰ੍ਹਾਂ ਸ੍ਰੀ ਅੰਮ੍ਰਿਤਸਰ, ਰਾਏਕੋਟ, ਤੇ ਮਲੇਰ ਕੋਟਲੇ ਵਿਚ ਅੰਗ੍ਰੇਜ਼ਾਂ ਵੱਲੋਂ ਚਾਲੂ ਕੀਤੇ ਬੁਚੜਖ਼ਾਨਿਆਂ ਵਿਚ ਗਊਆਂ ਦੇ ਕਤਲ ਦੀ ਗੱਲ ਸੁਣ ਕੇ ਕੁਝ ਕੂਕੇ ਸਿੰਘ ਭੜਕ ਉਠੇ ਤੇ ਉਨ੍ਹਾਂ ਗਊਆਂ ਮਾਰਨ ਵਾਲਿਆਂ ਨੂੰ ਮਾਰ ਮੁਕਾਉਣ ਦੀ ਕੋਸ਼ਿਸ਼ ਕੀਤੀ ਸੀ।

ਕੂਕਾ ਸਿੰਘਾਂ ਦੇ ਇਸ ਕਰਮ ਨੂੰ ਬਹਾਨਾ ਬਣਾ ਕੇ ਅੰਗ੍ਰੇਜ਼ ਹਕੂਮਤ ਨੇ ਉਨ੍ਹਾਂ ਕੂਕਿਆਂ ਨੂੰ ਤੋਪਾਂ ਨਾਲ ਉਡਾਇਆ ਤੇ ਫਾਂਸੀ ਉਪਰ ਲਟਕਾਇਆ। ਅੰਗ੍ਰੇਜ਼ਾਂ ਦੇ ਸੇਵਕ ਫੂਲਕੀਆਂ ਰਿਆਸਤਾਂ ਦੇ ਸਿੱਖ ਰਾਜਿਆਂ ਨੇ ਆਪਣੀਆਂ ਸੇਵਾਵਾਂ ਅੰਗ੍ਰੇਜ਼ਾਂ ਨੂੰ ਭੇਟਾ ਕੀਤੀਆਂ ਤੇ ਕੂਕੇ ਸਿੰਘਾਂ ਨੂੰ ਤੋਪਾਂ ਅੱਗੇ ਉਡਾਣ ਲਈ ਆਪਣੀਆਂ ਤੋਪਾਂ ਭੇਜੀਆਂ।

ਕੂਕਿਆਂ ਦੀਆਂ ਸੂਰਤਾਂ ਨਾਲ ਇਨ੍ਹਾਂ ਝੜਪਾਂ ਨੂੰ ਅੰਗ੍ਰੇਜ਼ਾਂ ਨੇ ਬਗ਼ਾਵਤ ਦਾ ਨਾਮ ਦਿੱਤਾ ਤੇ ਸਤਿਗੁਰੂ ਰਾਮ ਸਿੰਘ ਜੀ ਨੂੰ ਉਸ ਬਗ਼ਾਵਤ ਦਾ ਮੁਖੀ ਆਖ ਕੇ 1872 ਵਿਚ ਆਪ ਨੂੰ ਦੇਸ਼ ਨਿਕਾਲਾ ਦੇ ਦਿੱਤਾ। ਕੂਕਾ ਲਹਿਰ ਦਬਾ ਦਿੱਤੀ ਗਈ। ●

## *ਉਸ ਜ਼ਮਾਨੇ ਵਿਚ ਇਸਤਰੀ ਜਾਤ ਦਾ ਹਾਲ*

*● ਪ੍ਰੀਤਮ ਸਿੰਘ ਕਵੀ*

***ਜੰਮਦੀਆਂ ਕੁੜੀਆਂ ਮਾਰਨੀਆਂ***

ਕੁੜੀਆਂ ਮਾਰਨ ਦੇ ਹੋਰ ਵੀ ਕਈ ਤਰੀਕੇ ਸਨ ਜਿਵੇਂ ਜੰਮਦੀ ਬਚੜੀ 'ਤੇ ਸਰਦੀਆਂ ਵਿਚ ਠੰਢਾ ਪਾਣੀ ਪਾਣਾ, ਗਰਮੀਆਂ ਵਿਚ ਤੱਤੀ ਰੇਤ ਤੇ ਤੜਫਾ ਕੇ ਮਾਰਨਾ, ਅੱਕ ਦਾ ਦੁੱਧ ਸੰਘ ਵਿਚ ਚੋਣਾ, ਮਿੱਟੀ ਦੇ ਭਾਂਡੇ ਵਿਚ ਪਾ ਕੇ ਧਰਤੀ ਵਿਚ ਦੱਬ ਦੇਣਾ, (ਜਾਨਕੀ ਜੀ ਵੀ ਦੱਬੇ ਘੜੇ ਵਿਚੋਂ ਹੀ ਨਿਕਲੇ ਸਨ ਜਦੋਂ ਰਾਜਾ ਜਨਕ ਨੇ ਹਲ ਵਾਹੇ। ਇਸ ਗੱਲੋਂ ਤਾਂ ਇਹ ਰਸਮ ਬੜੀ ਪੁਰਾਣੀ ਜਾਪਦੀ ਹੈ।

ਇਹ ਕੰਮ ਪਿੰਡ ਦੀ "ਕੂਆ" ਕਰਦੀ ਸੀ।

***ਧੀਆਂ ਵੇਚਣੀਆਂ***

ਜ਼ਰਾ ਬੇਸ਼ਰਮੀ ਦੀ ਹੱਦ ਵੇਖਣਾ। ਡਲੇਰ (ਸਿਆਲਕੋਟ) ਦਾ ਇਕ ਜ਼ਿਮੀਦਾਰ ਆਪਣੀ ਖ਼ੂਬਸੂਰਤ ਲੜਕੀ ਦਾ ਮੁੱਲ ਕਰੀਬ ਚਾਰ ਹਜ਼ਾਰ ਮੰਗਦਾ ਸੀ। ਖ਼ਰੀਦਾਰ ਨੇ ਸਾਰੇ ਹਿਸਾਬ-ਕਿਤਾਬ ਲਾ ਕੇ ਉਸ ਨੂੰ ਦੋ ਹਜ਼ਾਰ ਰੁਪਿਆ ਦੇਣਾ ਚਾਹਿਆ। ਲੜਕੀ ਦੇ ਪਿਤਾ ਨੇ ਵਰਾਛਾਂ ਚੌੜੀਆਂ ਕਰ ਕੇ ਆਖਿਆ: "ਵੇਖ ਖਾਂ ਵਡੇ ਗਾਹਕ ਨੂੰ। ਹਜ਼ਾਰ-ਹਜ਼ਾਰ ਰੁਪਿਆ ਤਾਂ ਇਹਦੀ ਇਕ ਇਕ ਅੱਖ ਦਾ ਮੁੱਲ ਹੈ ਤੇ ਬਾਕੀ ਦੇ ਪਿੰਡੇ ਦਾ?"

ਸਾਰੇ ਪੰਜਾਬ ਵਿਚ ਅਜਿਹੇ ਅਨੇਕਾਂ ਪਿੰਡ ਤੇ ਕਸਬੇ ਸਨ ਜਿਨ੍ਹਾਂ ਵਿਚ ਸ਼ਰੇਆਮ ਲੜਕੀਆਂ ਵੇਚੀਆਂ-ਵੱਟੀਆਂ ਜਾਂਦੀਆਂ।

ਸੌ ਸਾਲ ਪਹਿਲਾਂ ਪੰਜਾਬੀਆਂ ਦੇ ਰਿਵਾਜੀ ਕਾਨੂੰਨਾਂ ਦੇ ਸੰਕਲਣ ਕਰਦਿਆਂ ਮਿਸਟਰ ਟੂਪਰ ਨੇ ਲਿਖਿਆ ਹੈ ਕਿ ਪੈਸੇ ਬਿਨਾਂ ਵਿਆਹ ਕਦੇ ਘੱਟ ਹੀ ਹੁੰਦਾ ਹੈ। ਅਤੇ ਕੁੜੀਆਂ 100 ਤੋਂ 500 ਰੁਪਏ ਤਕ ਮੁੱਲ ਵਿਕਦੀਆਂ ਹਨ। ਪਰ ਮੰਡੀ ਵਿਚ ਇਹਨਾਂ ਦੀ ਕੀਮਤ ਲੋੜ ਤੇ ਸਪਲਾਈ ਅਨੁਸਾਰ ਘਟ ਵਧ ਹੋ ਜਾਂਦੀ ਹੈ।

## ਸਤੀ ਪ੍ਰਥਾ

"ਬਹੁਤੀਆਂ ਹਾਲਤਾਂ ਵਿਚ ਵੇਖਿਆ ਗਿਆ ਹੈ ਕਿ ਵਿਧਵਾ ਕੋਲੋਂ ਅਣਭੋਲ ਹੀ ਢਿੱਲਾ ਜਿਹਾ ਵਾਅਦਾ ਲੈ ਲਿਆ ਜਾਂਦਾ ਸੀ। ਇਸ ਤੋਂ ਪਿਛੋਂ ਉਸ ਦੇ ਉਦਾਲੇ ਬਹੁਤ ਲੋਕ ਇਕੱਠੇ ਹੋ ਜਾਂਦੇ ਖ਼ੂਬ ਰੋਣਾ ਪਿੱਟਣਾ ਸ਼ੁਰੂ ਹੋ ਜਾਂਦਾ। ਅਭਾਗਣ



Sri Satguru Jagjit Singh Ji Elibrary NamdhariElibrary@gmail.com

ਵਿਧਵਾ ਦੀ ਮੱਤ ਮਾਰੀ ਜਾਂਦੀ ਅਤੇ ਉਸ ਦੀ ਸੋਚਣ ਸ਼ਕਤੀ ਖ਼ਤਮ ਹੋ ਜਾਂਦੀ ਹੈ। ਗ਼ਮ ਦੇ ਵਾਯੂ ਮੰਡਲ ਦਾ ਖ਼ਿਆਲ ਅਤੇ ਇੱਜ਼ਤ ਫ਼ਰਜ਼ ਸਾਰੇ ਮਿਲ ਕੇ ਉਸ ਦੇ ਪਤੀ ਨਾਲ ਸੜ ਮਰਨ ਵਾਲੇ ਇਰਾਦੇ ਨੂੰ ਪੱਕਿਆਂ ਕਰਦੇ ਅਤੇ ਬੜੀ ਛੇਤੀ ਛੇਤੀ ਪਤੀ ਦੀ ਚਿਤਾ ਤਿਆਰ ਕਰ ਕੇ ਉਸ ਨੂੰ ਉਸ ਨਾਲ ਸਤੀ ਕੀਤਾ ਜਾਂਦਾ।

ਈਸਵੀ ਦੀ ਗਿਆਰ੍ਹਵੀਂ ਸਦੀ ਵਿਚ ਅਲਬਰੂਨੀ ਭਾਰਤ ਆਇਆ ਤਾਂ ਉਸ ਜੋ ਵਿਧਵਾਵਾਂ ਬਾਰੇ ਜਾਣਕਾਰੀ ਇਕੱਠੀ ਕੀਤੀ ਉਸ ਅਨੁਸਾਰ ਲਿਖਿਆ: "ਜੇ ਮਿਰਤੂ ਦੇ ਕਾਰਨ ਇਸਤ੍ਰੀ ਦਾ ਪਤੀ ਨਾ ਰਹੇ ਤਾਂ ਉਹ ਦੂਜੇ ਪੁਰਸ਼ ਨਾਲ ਵਿਆਹ ਨਹੀਂ ਕਰ ਸਕਦੀ। ਉਸ ਨੂੰ ਕੇਵਲ ਦੋ ਗੱਲਾਂ ਵਿਚੋਂ ਇਕ ਚੁਣਨੀ ਪੈਂਦੀ ਹੈ—ਜਾਂ ਤਾਂ ਉਹ ਸਾਰਾ ਜੀਵਨ ਵਿਧਵਾ ਰਹੇ ਜਾਂ ਆਪਣੇ ਆਪ ਨੂੰ ਸਾੜ ਦੇਵੇ ਅਤੇ ਦੂਜੀ ਗੱਲ ਨੂੰ ਹੀ ਚੰਗਾ ਸਮਝਿਆ ਜਾਂਦਾ ਹੈ, ਕਿਉਂਕਿ ਵਿਧਵਾ ਦੇ ਰੂਪ ਵਿਚ ਜਦ ਤਕ ਉਹ ਜਿਉਂਦੀ ਹੈ ਉਸਨੂੰ ਕਸ਼ਟ ਸਹਿਣੇ ਪੈਂਦੇ ਹਨ।... ਕੇਵਲ ਅਧੇੜ ਉਮਰ ਦੀਆਂ ਇਸਤਰੀਆਂ ਨੂੰ ਛੋੜ ਦਿੰਦੇ ਹਨ ਕਿਉਂਕਿ ਪੁੱਤਰ ਆਪਣੀ ਮਾਂ ਦਾ ਜ਼ਿੰਮੇਵਾਰ ਹੁੰਦਾ ਹੈ।"

ਚੌਧਵੀਂ ਸਦੀ ਦੇ ਇਕ ਭਾਰਤ-ਯਾਤਰੀ ਇਬਨ ਬਤੂਤਾ ਨੇ ਆਪਣੀ ਭਾਰਤ ਯਾਤਰਾ ਵਿਚ, ਮੁਲਤਾਨ ਤੋਂ ਦਿੱਲੀ ਨੂੰ ਜਾਂਦਿਆਂ ਰਾਹ ਦੇ ਇਕ ਸ਼ਹਿਰ ਅਜੋਧਨ ਵਿਚ ਸਤੀ ਪ੍ਰਥਾ ਦੀ ਇਕ ਘਟਨਾ ਆਪ ਵੇਖੀ, ਉਸ ਦਾ ਇਹ ਵਰਣਨ ਜਿੰਨਾ ਰੋਮਾਂਚਕਾਰੀ ਹੈ ਓਨਾ ਹੀ ਜਾਣਕਾਰੀ ਦੇਊ ਵੀ ਹੈ:

"... ਉਨ੍ਹਾਂ ਵਿਚ ਚੋਰ ਦੀ ਜੰਗ ਹੋਈ ਜਿਸ ਵਿਚ ਕਾਫ਼ਿਰ (ਹਿੰਦੂ) ਪਰਜਾ ਦੇ ਸੱਤ ਬੰਦੇ ਮਾਰੇ ਗਏ। ਉਨ੍ਹਾਂ ਵਿਚੋਂ ਤਿੰਨਾਂ ਦੀਆਂ ਪਤਨੀਆਂ ਸਨ। ਉਨ੍ਹਾਂ ਨੇ ਆਪਣੇ ਆਪ ਨੂੰ ਸਾੜਨ (ਸਤੀ ਕਰਨ) ਦਾ ਨਿਸ਼ਚਾ ਕੀਤਾ। ਪਤੀ ਦੇ ਨਾਲ ਪਤਨੀ ਦਾ ਸੜ ਮਰਨਾ ਉਨ੍ਹਾਂ ਵਿਚ ਜ਼ਰੂਰੀ ਨਹੀਂ, ਪਰ ਸ਼ਲਾਘਾਯੋਗ ਮੰਨਿਆ ਜਾਂਦਾ ਹੈ। ਪਰ ਪਤੀ ਦੇ ਮਰਨ ਮਗਰੋਂ ਜਿਹੜੀ ਪਤਨੀ ਆਪਣੇ ਆਪ ਨੂੰ ਸਾੜ ਦੇਂਦੀ ਹੈ, ਉਸ ਦਾ ਪਰਵਾਰ ਇਸ ਕਾਰਨ ਵੱਡਾ ਮੰਨਿਆ ਜਾਂਦਾ ਹੈ ਅਤੇ ਉਸ ਦੀ ਪਤੀ-ਭਗਤੀ ਦਾ ਜਸ ਹੁੰਦਾ ਹੈ। ਜੋ ਕੋਈ ਆਪਣੇ ਆਪ ਨੂੰ ਨਹੀਂ ਸਾੜਦੀ ਤਾਂ ਉਹ ਮੋਟੇ ਕੱਪੜੇ ਪਾਉਂਦੀ ਹੈ ਅਤੇ ਆਪਣੇ ਸੰਬੰਧੀਆਂ ਵਿਚ ਇਕ ਅਜਿਹੀ ਇਸਤਰੀ, ਜਿਹੜੀ ਪਤੀਬਰਤਾ ਨਾ ਹੋਵੇ, ਦੇ ਵਾਂਗ ਜੀਵਨ ਗੁਜ਼ਾਰਦੀ ਹੈ। ਫਿਰ ਵੀ ਉਸ ਨੂੰ ਆਪਣੇ ਆਪ ਨੂੰ ਸਾੜਨ ਲਈ ਮਜਬੂਰ ਨਹੀਂ ਕੀਤਾ ਜਾਂਦਾ।

"ਜਦ ਉਪਰ ਦੱਸੀਆਂ ਤਿੰਨੇ ਇਸਤਰੀਆਂ ਆਪਣੇ ਆਪ ਨੂੰ ਸਾੜਨ ਦਾ ਨਿਸ਼ਚਾ ਕਰ ਚੁਕੀਆਂ ਤਾਂ ਉਨ੍ਹਾਂ ਨੇ ਸਤੀ ਹੋਣ ਤੋਂ ਪਹਿਲਾਂ ਤਿੰਨ ਦਿਨ ਰਾਗ ਰੰਗ ਅਤੇ ਖਾਣ ਪੀਣ ਵਿਚ ਗੁਜ਼ਾਰੇ।

"ਚੌਥੇ ਦਿਨ ਸਵੇਰੇ ਉਨ੍ਹਾਂ ਵਿਚੋਂ ਹਰ ਇਕ ਲਈ ਇਕ-ਇਕ ਘੋੜਾ ਲਿਆਂਦਾ ਗਿਆ। ਸ਼ਿੰਗਾਰ ਕਰ ਕੇ ਅਤੇ ਸੁਗੰਧ ਲਾ ਕੇ ਹਰ ਇਕ ਇਸਤਰੀ ਸਵਾਰ ਹੋਈ। ਉਨ੍ਹਾਂ ਨੇ ਆਪਣੇ ਸੱਜੇ ਹੱਥ ਵਿਚ ਨਾਰੀਅਲ ਲਿਆ ਹੋਇਆ ਸੀ ਜਿਸ ਦੇ ਨਾਲ ਉਹ ਖੇਡਦੀਆਂ ਜਾਂਦੀਆਂ ਸਨ। ਬ੍ਰਾਹਮਣਾਂ ਨੇ ਉਨ੍ਹਾਂ ਨੂੰ ਘੇਰਿਆ ਹੋਇਆ ਸੀ। ਉਨ੍ਹਾਂ ਦੇ ਸੰਬੰਧੀ ਉਨ੍ਹਾਂ ਦੇ ਨਾਲ ਸਨ। ਉਨ੍ਹਾਂ ਦੇ ਅੱਗੇ ਅੱਗੇ ਢੋਲ, ਤੂਤੀਆਂ ਤੇ ਸ਼ਹਿਨਾਈਆਂ ਵਜਾਈਆਂ ਜਾ ਰਹੀਆਂ ਸਨ। ਕਾਫ਼ਿਰਾਂ ਵਿਚੋਂ ਹਰ ਇਕ ਉਨ੍ਹਾਂ ਨੂੰ ਆਖਦਾ ਸੀ—"ਮੇਰੇ ਪਿਤਾ, ਜਾਂ ਮੇਰੇ ਭਾਈ, ਜਾਂ ਮੇਰੀ ਮਾਤਾ ਜਾਂ ਮਿੱਤਰ ਨੂੰ ਮੱਥਾ ਟੇਕਣਾ ਪਹੁੰਚਾ ਦੇਣਾ।" ਤੇ ਉਹ "ਹਾਂ" ਆਖਦੀ ਹੋਈ ਹੱਸਦੀ ਜਾਂਦੀ ਸੀ।

"ਇਹ ਵੇਖਣ ਲਈ ਕਿ ਉਹ ਸੜਨ ਵੇਲੇ ਕੀ ਕਰਦੀਆਂ ਹਨ, ਮੈਂ ਆਪਣੇ ਸਾਥੀਆਂ ਸਮੇਤ ਘੋੜੇ ਤੇ ਸਵਾਰ ਹੋ ਗਿਆ। ਅਸੀਂ ਤਿੰਨ ਮੀਲ ਤਕ ਉਨ੍ਹਾਂ ਦੇ ਨਾਲ ਚੱਲਦੇ ਰਹੇ। ਤਾਂ ਅਸੀਂ ਇਕ ਹਨੇਰੇ ਵਾਲੀ ਥਾਂ ਤੇ ਪੁੱਜੇ ਜਿਥੇ ਬਹੁਤਾ ਜਿਹਾ ਪਾਣੀ ਸੀ ਅਤੇ ਘਣਛਾਵੇਂ ਰੁੱਖ ਸਨ। ਰੁੱਖਾਂ ਦੇ ਵਿਚਕਾਰ ਚਾਰ ਗੁੰਬਦ ਸਨ। ਹਰ-ਇਕ ਗੁੰਬਦ ਅੰਦਰ ਪੱਥਰ ਦੀ ਇਕ ਮੂਰਤੀ ਸੀ। ਗੁੰਬਦਾਂ ਦੇ ਵਿਚਕਾਰ ਇਕ ਤਲਾਅ ਸੀ ਜਿਸ ਤੇ ਸੰਘਣੀ ਛਾਂ ਸੀ। ਰੁੱਖਾਂ ਦੇ ਝੁਰਮੁਟ ਕਰ ਕੇ ਉਥੇ ਧੁੱਪ ਨਹੀਂ ਪੈਂਦੀ ਸੀ। ਜਾਪਦਾ ਸੀ ਜਿਵੇਂ, ਪਰਮਾਤਮਾ ਬਚਾਏ, ਇਹ ਥਾਂ ਨਰਕ ਦਾ ਇਕ ਹਿੱਸਾ ਹੋਵੇ। ਜਦ ਉਹ ਇਸਤਰੀਆਂ ਇਨ੍ਹਾਂ ਗੁੰਬਦਾਂ ਤੀਕ ਪੁੱਜੀਆਂ ਤਾਂ ਉਹ ਤਲਾਵਾਂ ਦੇ ਨੇੜੇ ਜਾ ਕੇ ਉਤਰੀਆਂ ਅਤੇ ਉਨ੍ਹਾਂ ਨੇ ਪਾਣੀ ਵਿਚ ਟੁੱਭੀ ਲਾਈ। ਆਪਣੇ ਕੱਪੜੇ ਤੇ ਗਹਿਣੇ ਲਾ ਕੇ ਦਾਨ ਕਰ ਦਿੱਤੇ। ਉਨ੍ਹਾਂ ਵਿਚੋਂ ਇਕ ਇਕ ਲਈ ਸੂਤਰ ਦਾ ਮੋਟਾ ਜਿਹਾ ਅਣ-ਸਿਲਿਆ ਕਪੜਾ ਲਿਆਂਦਾ ਗਿਆ, ਇਸ ਵਿਚੋਂ ਕੁਝ ਤਾਂ ਉਨ੍ਹਾਂ ਆਪਣੇ ਲੱਕ ਤੇ, ਕੁਝ ਸਿਰ ਤੇ ਮੋਢਿਆਂ ਤੇ ਵਲ੍ਹੇਟ ਲਿਆ। ਇਨੀ ਦੇਰ ਨੂੰ ਉਪਰ ਦੱਸੇ ਤਲਾਅ ਦੇ ਨੇੜੇ ਇਕ ਨੀਵੀਂ ਥਾਂ ਤੇ ਅੱਗ ਬਾਲੀ ਜਾ ਚੁੱਕੀ ਸੀ। ਉਸ ਦੇ ਉਪਰ ਕੁੰਜਤ (ਕੁੰਜਦ) ਅਰਥਾਤ ਤਿਲਾਂ ਦਾ ਤੇਲ ਪਾਇਆ ਗਿਆ ਜਿਸ ਨਾਲ ਉਸ ਦੀਆਂ ਲਪਟਾਂ ਹੋਰ ਵੀ ਵਧ ਗਈਆਂ। ਉਥੇ ਕੋਈ ਪੰਦਰਾਂ ਕੁ ਆਦਮੀ ਪਤਲੀਆਂ ਲੱਕੜੀਆਂ ਲੈ ਕੇ ਅਤੇ ਦਸ ਕੁ ਆਦਮੀ ਮੋਟੀਆਂ ਲੱਕੜਾਂ ਲੈ ਕੇ ਬੈਠੇ ਸਨ। ਢੋਲ ਤੇ ਤੂਤੀਆਂ ਵਜਾਉਣ ਵਾਲੇ ਇਸਤਰੀ ਦੀ ਰਾਹ ਵੇਖ ਰਹੇ ਸਨ। ਆਦਮੀਆਂ ਨੇ ਇਕ ਰਜ਼ਾਈ ਫੜ ਕੇ ਅੱਗ ਨੂੰ ਓਟ ਵਿਚ ਲੈ ਰੱਖਿਆ ਸੀ, ਤਾਂ ਜੋ ਉਹ ਇਸਤਰੀ ਉਸ ਨੂੰ ਵੇਖ ਕੇ ਡਰ ਨਾ ਜਾਵੇ। ਮੈਂ ਵੇਖਿਆ ਉਨ੍ਹਾਂ ਵਿਚੋਂ ਇਕ ਇਸਤਰੀ ਨੇ ਉਨ੍ਹਾਂ ਦੇ ਕੋਲ ਆ ਕੇ ਉਨ੍ਹਾਂ ਦੇ ਹੱਥੋਂ ਜ਼ੋਰ ਨਾਲ ਰਜ਼ਾਈ ਖੋਹ ਲਈ ਅਤੇ ਹੱਸ ਕੇ ਆਖਣ ਲੱਗੀ, "ਤੂੰ ਮੈਨੂੰ ਅੱਗ ਤੋਂ ਡਰਾਉਂਦਾ ਹੈਂ? ਮੈਂ ਜਾਣਦੀ ਹਾਂ, ਇਹ ਅੱਗ ਹੈ। ਮੈਨੂੰ ਜਾਣ ਦੇ।" ਉਪਰੰਤ ਉਸ ਨੇ ਆਪਣੇ ਹੱਥ ਸਿਰ ਤੇ ਰਖ ਕੇ ਅਗਨੀ ਨੂੰ ਪਰਣਾਮ ਕੀਤਾ ਤੇ ਅੱਗ ਵਿਚ ਛਾਲ ਮਾਰ ਦਿੱਤੀ। ਉਸੇ ਵੇਲੇ ਤੂਤੀਆਂ ਨਗਾਰੇ ਵੱਜਣ ਲਗ ਪਏ ਅਤੇ ਆਦਮੀਆਂ ਨੇ ਜਿਹੜੀਆਂ ਲੱਕੜੀਆਂ ਫੜੀਆਂ ਹੋਈਆਂ ਸਨ, ਉਸ ਤੇ ਸੁੱਟ ਦਿੱਤੀਆਂ। ਕੁਝ ਹੋਰ ਲੋਕਾਂ ਨੇ ਉਸ ਦੇ ਉਪਰ ਲੱਕੜੀਆਂ ਰੱਖ ਦਿੱਤੀਆਂ ਤਾਂ ਜੋ ਉਹ ਹਿੱਲ ਨਾ ਸਕੇ। ਚੀਖ਼ ਵਜੀ ਤੇ ਸ਼ੋਰ ਮਚ ਗਿਆ। ਇਹ ਵੇਖ ਕੇ ਮੈਂ ਆਪਣੇ ਘੋੜੇ ਤੋਂ ਡਿੱਗਣ ਹੀ ਲੱਗਾ ਸਾਂ ਕਿ ਮੇਰੇ ਸਾਥੀਆਂ ਨੇ ਮੈਨੂੰ ਫੜ ਲਿਆ ਅਤੇ ਮੇਰੇ ਮੂੰਹ ਤੇ ਪਾਣੀ ਦੇ ਛੱਟੇ ਮਾਰੇ। ਮੈਂ ਉਥੋਂ ਮੁੜ ਆਇਆ।"

*[ਇਬਨ ਬਤੂਤਾ ਦੀ ਭਾਰਤ ਯਾਤਰਾ, ਭਾਸ਼ਾ ਵਿਭਾਗ, ਪੰਜਾਬ*

* ਪੁਰਾਣੇ ਸਮਿਆਂ ਵਿਚ ਬਹੁਤ ਇਸਤ੍ਰੀਆਂ ਨੂੰ ਸੰਬੰਧੀ ਜਬਰਨ ਚਿਤਾ ਵਿਚ ਮੁਰਦੇ ਨਾਲ ਫੂਕ ਦਿੰਦੇ ਸਨ। ਤੁਜ਼ਕ ਜਹਾਂਗੀਰੀ ਵਿਚ ਜ਼ਿਕਰ ਹੈ ਕਿ ਰਾਜੌਰੀ ਦੇ ਕਸ਼ਮੀਰੀ ਮੁਸਲਮਾਨ ਰਾਜਪੂਤ ਜੀਉਂਦੀਆਂ ਇਸਤਰੀਆਂ ਨੂੰ ਫੜ ਕੇ ਪਤੀ ਨਾਲ ਕਬਰ ਵਿਚ ਦੱਬ ਦਿੰਦੇ ਸਨ।

*[ਮਹਾਨਕੋਸ਼ ਦੂਜੀ ਐਡੀਸ਼ਨ ਦੇ ਵਾਧੇ*

** ਕੇਵਲ 1817 ਈ: ਵਿਚ, ਭਾਵ ਇਕੋ ਸਾਲ ਦਰਮਿਆਨ ਬੰਗਾਲ ਵਿਚ ਹੀ 700 ਵਿਧਵਾ ਇਸਤਰੀਆਂ ਸਤੀ ਹੋ ਗਈਆਂ।



Sri Satguru Jagjit Singh Ji Elibrary NamdhariElibrary@gmail.com

# ਨਾਮਧਾਰੀ ਸਿੱਖ ਪਰੰਪਰਾ

## ਸ਼ੁਰੂ ਤੋਂ ਹੁਣ ਤੱਕ

**ਤਾਰਾ ਸਿੰਘ ਅਨਜਾਣ**

**ਸੰਪਾਦਕ 'ਸਤਿਜੁਗ'**

ਵਰਤਮਾਨ ਸਮੇਂ ਵਿਚ ਨਾਮਧਾਰੀ ਸਿੱਖ ਦੀ ਪਛਾਣ ਸਫੇਦ ਬਾਣਾ, ਗੁਰਮਖੀ ਦਸਤਾਰ, ਨਾਮ ਸਿਮਰਨ ਕਰਦੀ ਰਸਨਾ, ਸ਼ੁਧ ਪਵਿੱਤਰ ਸ਼ਾਕਾਹਾਰੀ ਸੁੱਚਾ ਭੋਜਨ, ਨਸ਼ਿਆਂ ਪੱਤਿਆਂ ਵੱਲ ਪਿਠ ਹੈ। ਉਹ ਸ੍ਰੀ ਸਤਿ ਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਨੂੰ ਮੰਨਣਾ ਆਪਣਾ ਸੁਭਾਗ ਸਮਝਦਾ ਹੈ ਅਤੇ ਵਿਸ਼ਵ ਵਿਚ ਅਮਨ ਸ਼ਾਂਤੀ, ਭਾਈਚਾਰੇ, ਸ਼ਾਕਾਹਾਰ, ਸੁੱਚੀਆਂ ਕਦਰਾਂ ਕੀਮਤਾਂ ਦਾ ਅਲੰਬਰਦਾਰ ਹੈ। ਉਸਦਾ ਉੱਜਲ ਵਰਤਮਾਨ ਉਸਦੀ ਅਮੀਰ ਪਰੰਪਰਾ ਅਤੇ ਸ਼ਾਨਾਂ ਮੱਤੇ ਇਤਿਹਾਸ ਅਤੇ ਸਤਿਗੁਰੂ ਦੀ ਕਿਰਪਾ ਕਾਰਨ ਹੈ।

ਨਾਮਧਾਰੀ ਸਿੱਖਾਂ ਦੀ ਅਮੀਰ ਪਰੰਪਰਾ, ਭਾਰਤ ਦੇ ਮੁਢ ਕਦੀਮ ਦੀ ਰਿਸ਼ੀਆਂ ਮੁਨੀਆਂ ਦੀ ਪਰੰਪਰਾ ਹੈ। ਏਸੇ ਪਰੰਪਰਾ ਤੋਂ ਭਟਕ ਕੇ, ਆਪਣੇ ਦਰਸ਼ਨ ਅਤੇ ਚਿੰਤਨ ਵੱਲ ਆਪਣੀ ਸੰਜੀਦਾ ਸੋਚ ਅਤੇ ਅਮਲ ਛੱਡ ਕੇ ਜਦ ਭਾਰਤੀ—ਗੰਗਾ ਗਏ, ਗੰਗਾ ਰਾਮ ਜਮਨਾ ਗਏ ਜਮਨਾ ਦਾਸ—ਹੋ ਗਏ ਤਾਂ ਉਨ੍ਹਾਂ ਨੂੰ ਫਿਰ ਟੁੰਬਣ ਦੀ ਲੋੜ ਪਈ। ਸਤਿਗੁਰੂ ਸਾਹਿਬਾਨ ਨੇ ਉਨ੍ਹਾਂ ਨੂੰ ਟੁੰਬ ਜਗਾਇਆ। ਸੰਸਾਰਕ ਸੱਤਾਧਾਰੀਆਂ ਖਿਲਾਫ਼ ਆਵਾਜ਼ ਉਠਾਈ। ਉਨ੍ਹਾਂ ਨਾਲ ਲੋਹਾ ਲਿਆ, ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ, ਦਾ ਸੰਦੇਸ਼ ਦਿਤਾ ਤਾਂ ਮਨੁੱਖਾਂ ਵਿਚ ਨਵੀਂ ਰੂਹ ਫੂਕੀ ਗਈ। ਉਨ੍ਹਾਂ ਅੰਧ ਵਿਸ਼ਵਾਸ, ਨਸ਼ੇ-ਪਤੇ ਛੱਡੇ। ਸਮਾਜਕ ਕੁਰੀਤੀਆਂ ਨੂੰ ਅਲਵਿਦਾ ਕਹੀ ਤੇ ਇਕ ਅਕਾਲ ਪੁਰਖ ਦਾ ਨਾਮ ਜਪਣ, ਕਿਰਤ ਕਰਨ ਤੇ ਵੰਡ ਛਕਣ ਨੂੰ ਅਪਣਾਇਆ। ਉਨ੍ਹਾਂ ਪੰਜਾਂ ਵਿਕਾਰਾਂ ਤੇ ਕਾਬੂ ਪਾਇਆ ਤੇ ਭਗਤੀ ਸ਼ਕਤੀ ਨਾਲ ਆਪਣਾ ਜੀਵਨ ਸੁਆਰਿਆ।

ਸ੍ਰੀ ਸਤਿਗੁਰੂ ਨਾਨਕ ਦੇਵ ਜੀ ਤੋਂ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਤੱਕ, ਸੱਚੀ ਸੁੱਚੀ ਸਿੱਖਿਆ ਪ੍ਰਾਪਤ ਕਰਨਾ, ਗੁਰੂ ਦਾ ਸਿੱਖ ਕੂੜ ਦੀ ਪਾਲ ਤੋੜ ਕੇ, ਰਾਜਕ ਦੀ ਰਜ਼ਾ ਵਿਚ ਰਹਿਣ ਵਿਚ ਸੁਖ ਅਨੁਭਵ ਕਰਨ ਲੱਗਾ। ਉਸਨੂੰ ਦਿਨ ਰਾਤ ਖੁਮਾਰੀ ਚੜ੍ਹੀ ਰਹਿੰਦੀ।

ਜਦ ਦਸਵੇਂ ਪਾਤਸ਼ਾਹ, ਨੰਦੇੜ ਨਾਟਕ ਕਰ ਗਏ ਤਾਂ ਗੁਰੂ ਦੇ ਸਿੱਖ ਭਟਕ ਗਏ। ਬੇਸ਼ਕ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਨੇ ਹਜ਼ਰੋ ਦੇ ਇਲਾਕੇ ਵਿਚ, ਸਿੱਖੀ ਦੀ ਪਨੀਰੀ ਨੂੰ ਸੁੱਕਣ ਨਹੀਂ ਦਿੱਤਾ ਪਰ ਆਮ ਪੱਗ ਦਾੜ੍ਹੀ ਵਾਲੇ ਸਿੱਖਾਂ ਨੇ, ਸਿੱਖੀ ਆਦਰਸ਼ ਆਚਰਣ ਤੇ ਪਰੰਪਰਾ ਵਲੋਂ ਮੂੰਹ ਮੋੜ ਲਿਆ। ਉਹ ਖਾਓ ਪੀਓ ਐਸ਼ ਕਰੋ ਦੇ ਧਾਰਨੀ ਹੋ ਗਏ।

ਸਿੱਖਾਂ ਦੇ ਨਸ਼ਈ ਵਿਸ਼ਈ ਹੋਣ, ਉਨ੍ਹਾਂ ਦੇ ਮਨਮਤੀਏ ਬਣਨ ਤੇ ਗੁਰਮੁਖੀ ਬਾਣੇ ਦਾ ਤਿਆਗ ਕਰਨ ਬਾਰੇ ਸਿੱਖ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਨੇ ਲਿਖਿਆ ਹੈ:

*ਔਰੇ ਗੈਰ, ਔਰੇ ਮੀਤ, ਔਰੇ ਪੁਨੀਤ ਪ੍ਰੀਤ*

*ਖਾਨ ਪਹਿਰਨ ਮਕਾਨ ਮਾਨ ਔਰੇ ਜਨ ਕੇ।*

*'ਤਾਰੇ ਦਸਤਾਰੇ, ਸਾਰੇ ਭਾਰੇ ਹੈ ਸੰਭਾਰੇ,*

*ਬਣੇ ਭੋਜ ਲਏ, ਪੈਡੀ ਸੁਖ ਸੰਗ ਤਨਕੇ।*

ਮਹਾਂਬਲੀ ਰਣਜੀਤ ਸਿੰਘ ਨੇ ਤੇਗਾਂ ਮਾਰ ਕੇ ਪੰਜਾਬ ਦਾ ਰਾਜ ਭਾਗ ਸੰਭਾਲਿਆ ਪਰ ਉਸ ਪਿਛੋਂ ਰਾਜ ਖੇਰੂੰ ਖੇਰੂੰ ਹੋ ਗਿਆ। ਗੱਦੀਆਂ ਦੇ ਮਾਲਕ ਤੇ ਉਨ੍ਹਾਂ ਦੇ ਪ੍ਰਧਾਨ ਮੰਤਰੀ ਰਾਜੇ ਆਪਣਿਆਂ, ਜਾਂ ਖਾਲਸਾ ਫ਼ੌਜ ਹੱਥੋਂ ਮਾਰੇ ਗਏ। ਪੰਡਤ ਦੇਵੀ ਪ੍ਰਸ਼ਾਦ ਨੇ ਲਿਖਿਆ ਹੈ ਕਿ ਉਦੋਂ ਐਸੇ 36 ਰਾਜਨੀਤਕ ਕਤਲ ਹੋਏ। ਕਾਰਨ ਉਨ੍ਹਾਂ ਸਿੱਖੀ ਅਸੂਲ ਛਿੱਕੇ ਟੰਗ ਦਿੱਤੇ। ਉਨ੍ਹਾਂ ਅੰਦਰੋਂ ਨੈਤਿਕਤਾ ਕਾਫ਼ੂਰ ਹੋ ਗਈ। ਉਨ੍ਹਾਂ ਨੂੰ ਜਾਗੀਰਾਂ ਸਰਦਾਰੀਆਂ ਦੇ ਲੋਭ ਲਾਲਚ ਨੇ ਗ੍ਰਸ ਲਿਆ।

ਸ੍ਰੀ ਸਤਿਗੁਰੂ ਰਾਮ ਸਿੰਘ ਨੇ ਫੇਰ ਸਿੱਖੀ ਵਿਚ ਨਵੀਂ ਰੂਹ ਫੂਕੀ। ਉਨ੍ਹਾਂ ਨੂੰ ਗੁਰ ਮਰਯਾਦਾ ਤੇ ਚੱਲਣ ਦੀ ਜਾਚ ਦੱਸੀ। ਗੁਰਬਾਣੀ ਦਾ ਆਦਰ ਤੇ ਪਾਠ ਕਰਨਾ ਸਿਖਾਇਆ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਮੁਕਤੀ ਦੁਆਈ, ਸਿੱਖੀ ਦੀ ਸੱਚੀ-ਸੁੱਚੀ, ਰਹਿਤ-ਮਰਯਾਦਾ ਦਿੱਤੀ, ਅਧਿਆਤਮਕ ਤਾਕਤ ਬਖ਼ਸ਼ੀ। ਮਾਨਸਿਕ ਗੁਲਾਮੀ ਤੋਂ ਮੁਕਤ ਕੀਤਾ। ਆਪ ਨੇ ਭਜਨ ਬੰਦਗੀ ਵੱਲ ਲਾਇਆ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ:

*ਪਾਇ ਇਹ ਹੁਕਮ ਪ੍ਰਭੇਸ ਕਾ ਬਿਸੇਸ ਫਿਰ*

*ਰਾਮ ਮਿਰਗੇਸ ਉਪਦੇਸ ਦੇਨ ਲਾਗਿਓ।*

*ਹੁਕੇ ਛੁਡਵਾਏ ਰਖਵਾਏ ਕੇਸ ਮੋਨਯੋਂ ਕੇ,*

*ਸੁਧਾ ਛਕੇ ਬਾਏ ਸਿੰਘ ਭਾਗ ਜਿਨੈ ਜਾਗਿਓ।*

*ਫੈਲਯੋ ਜਸ ਭਾਰੀ ਸਿੰਘ ਕੀਏ ਤਾਹਿ ਕੇ ਅਪਾਰੀ,*

*ਸਿੰਘ ਪੰਥ ਬਿਰਧਾਇਓ ਨਾਮ ਰਸ ਪਾਗਿਓ।*

*ਕੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਜਾਰੀ,*

*ਠੱਗੀ ਤੱਜ ਥੀਏ ਸੰਤ, ਸਤਿਜੁਗ ਆ ਗਿਓ।*

—ਪੰਥ ਪ੍ਰਕਾਸ਼

ਉਨ੍ਹਾਂ ਸਤਿਜੁਗੀ ਸੰਤਾਂ ਨੂੰ ਸ੍ਰੀ ਸਤਿਗੁਰੂ ਜੀ ਨੇ ਰੂਹਾਨੀ ਸ਼ਕਤੀ ਨਾਲ ਆਤਮ ਬਲ ਬਖ਼ਸ਼ਿਆ। ਸਤਿਗੁਰੂ ਜੀ ਨੇ ਉਨ੍ਹਾਂ ਨੂੰ ਸਦਾਚਾਰਕ ਅਸੂਲ ਦਿੱਤੇ। ਕਿਸੇ ਨਾਲ ਧੱਕਾ ਕਰਨਾ, ਚੋਰੀ ਜਾਂ ਠਗੀ ਕਰਨੀ, ਬੇਗਾਨੀ ਚੀਜ਼ ਲੈਣਾ, ਅਸੂਲਾਂ ਵਿਰੁਧ ਕਿਹਾ। ਤੇ ਵੇਸਵਾ ਗਮਨ ਤੋਂ ਬਚਾਉਣ ਲਈ ਆਪਣੇ ਹੁਕਮਨਾਮੇ ਵਿਚ ਲਿਖਿਆ,

"ਰੰਡੀ ਦੇ ਸੰਗ ਤੇ ਇੱਕ ਤਾਂ ਸਰੀਰ ਨੂੰ ਦੁੱਖ ਲਗ ਜਾਂਦਾ ਹੈ। ਦੂਜਾ ਪੈਸਾ ਬਰਬਾਦ ਹੁੰਦਾ ਹੈ, ਤੀਜਾ ਧਰਮ ਜਾਂਦਾ ਹੈ, ਚੌਥਾ ਲੋਕਾਂ ਮੇ ਬਹੁਤ ਭੰਡੀ ਹੁੰਦੀ ਹੈ।"

ਆਪ ਨੇ ਇਸਤਰੀ ਜਾਤੀ ਦਾ ਅਪਮਾਨ ਕਰਨਾ ਹਟਾਇਆ। ਕੁੜੀਆਂ ਨੂੰ ਮਾਰਨਾ, ਵੇਚਣਾ, ਵੱਟਾ ਕਰਨਾ ਬੰਦ ਕਰਵਾਇਆ। ਵਿਧਵਾ ਵਿਆਹ ਦੀ ਪ੍ਰਵਾਨਗੀ ਦਿੱਤੀ। ਆਪ ਨੇ ਇਸਤਰੀਆਂ ਨੂੰ ਅੰਮ੍ਰਿਤ ਛਕਾ ਕੇ ਮਨੁਖ ਦੇ ਬਰਾਬਰ ਕੀਤਾ ਨਹੀਂ ਤਾਂ ਪਹਿਲਾਂ ਕੇਵਲ ਮਰਦਾਂ ਨੂੰ ਹੀ ਅੰਮ੍ਰਿਤ ਛਕਾਇਆ ਜਾਂਦਾ ਸੀ।

ਆਪ ਨੇ ਅੰਗ੍ਰੇਜ਼ ਹਾਕਮ ਤੋਂ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਨਾਮਿਲਵਰਤਨ ਦੀ ਲਹਿਰ ਚਲਾਈ। ਉਨ੍ਹਾਂ ਦੀਆਂ ਕਚਹਿਰੀਆਂ, ਨੌਕਰੀਆਂ,



Sri Satguru Jagjit Singh Ji Elibrary NamdhariElibrary@gmail.com

ਅਦਾਲਤਾਂ, ਉਨ੍ਹਾਂ ਦੇ ਸਕੂਲਾਂ ਤੇ ਉਨ੍ਹਾਂ ਦੀਆਂ ਮਿੱਲਾਂ ਦੇ ਬਣੇ ਕਪੜਿਆਂ ਤੇ ਹੋਰ ਵਸਤਾਂ ਦਾ ਬਾਈਕਾਟ ਕੀਤਾ। ਆਪ ਨੇ ਉਨ੍ਹਾਂ ਦੇ ਡਾਕਖਾਨੇ ਰਾਹੀਂ ਚਿੱਠੀ ਭੇਜਣ ਦੀ ਥਾਂ ਆਪਣਾ ਡਾਕ ਪ੍ਰਬੰਧ ਚਾਲੂ ਕੀਤਾ ਜਿਸ ਨੇ ਸਰਕਾਰ ਨੂੰ ਹੈਰਾਨ ਪ੍ਰੇਸ਼ਾਨ ਕਰ ਦਿੱਤਾ। ਆਪ ਦੇ ਨਾਮਿਲਵਰਤਨ ਬਾਰੇ ਐਨਸਾਈਕਲੋ-ਪੀਡੀਆ ਬ੍ਰਿਟੇਨਿਕਾ ਵਿਚ ਲਿਖਿਆ ਹੈ:

"(ਗੁਰੂ) ਰਾਮ ਸਿੰਘ ਸਿੱਖ ਫ਼ਿਲਾਸਫ਼ਰ ਤੇ ਸੁਧਾਰਕ, ਅੰਗ੍ਰੇਜ਼ ਵਪਾਰੀ ਦੇ ਮਾਲ ਅਤੇ ਨੌਕਰੀਆਂ ਪ੍ਰਤੀ ਨਾਮਿਲਵਰਤਨ ਤੇ ਬਾਈਕਾਟ ਨੂੰ ਰਾਜਨੀਤਕ ਸ਼ਕਤੀ ਦਾ ਹਥਿਆਰ ਬਣਾ ਕੇ ਵਰਤਣ ਵਾਲਾ ਪਹਿਲਾ ਭਾਰਤੀ ਹੈ।"

ਆਪ ਜੀ ਨੇ ਵਿਦੇਸ਼ੀ ਦੀ ਥਾਂ ਸੁਦੇਸ਼ੀ ਅਪਨਾਉਣ ਦਾ ਪ੍ਰਚਾਰ ਕੀਤਾ। ਆਪ ਨੇ ਅਹਿਸਾਮਈ ਸੁਤੰਤਰਤਾ ਅੰਦੋਲਣ ਛੇੜਿਆ। ਕੂਕੇ (ਨਾਮਧਾਰੀ) ਅੰਗ੍ਰੇਜ਼ ਸਰਕਾਰ ਦੇ ਕੱਟੜ ਵਿਰੋਧੀ ਸਨ ਤਾਂ ਹੀ ਡਿਸਟ੍ਰਿਕਟ ਗਜ਼ਟੀਅਰ ਲੁਧਿਆਣਾ ਵਿਚ 1904 ਵਿਚ ਰਿਕਾਰਡ ਕੀਤਾ ਗਿਆ,

"ਇਹ ਸੱਚ ਹੈ ਕਿ ਕੂਕਿਆਂ ਦੇ ਅੰਗ੍ਰੇਜ਼ ਸਰਕਾਰ ਪ੍ਰਤੀ ਵਫ਼ਾਦਾਰ ਹੋਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ।"

ਵਿਦੇਸ਼ੀ ਹਾਕਮ ਦੇ ਵੈਰੀ ਹੋਣਾ, ਆਪਣਾ ਰਾਜ ਸਥਾਪਤ ਕਰਨਾ ਨਾਮਧਾਰੀ ਸਿੱਖਾਂ ਦਾ ਆਦਰਸ਼ ਸੀ। ਇਸ ਆਦਰਸ਼ ਦੀ ਪ੍ਰਾਪਤੀ ਲਈ ਉਨ੍ਹਾਂ ਨੇ ਕਸ਼ਮੀਰ, ਨੇਪਾਲ, ਅਫ਼ਗਾਨਿਸਤਾਨ, ਰੂਸ ਨਾਲ ਸੰਬੰਧ ਸਥਾਪਤ ਕੀਤੇ।

ਸਿੱਖ ਬ੍ਰਾਹਮਣੀ ਨੀਤੀ ਨਾਲ ਵਿਆਹ ਕਰਦੇ ਸਨ। ਏਥੋਂ ਤੱਕ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਤੱਕ ਸਾਰੇ ਵਿਆਹ ਉਸ ਰੀਤੀ ਨਾਲ ਹੋਏ ਸਨ। ਸ੍ਰੀ ਸਤਿਗੁਰੂ ਜੀ ਨੇ ਇਸ ਖਰਚੀਲੀ ਰੂੜੀਵਾਦੀ ਰੀਤ ਦੀ ਥਾਂ ਗੁਰਮਤਿ ਅਨੁਸਾਰ ਅਨੰਦ ਮਰਯਾਦਾ ਦਾ ਆਰੰਭ ਕੀਤਾ। 3 ਜੂਨ 1863 ਨੂੰ 6 ਆਨੰਦ ਕਾਰਜ, ਹਵਨ ਕਰਕੇ, ਬੇਦੀ ਦੇ ਫੇਰੇ ਲੈ ਕੇ, ਸ੍ਰੀ ਆਦਿ ਗ੍ਰੰਥ ਸਾਹਿਬ ਵਿਚੋਂ ਲਾਵਾਂ ਦਾ ਪਾਠ ਕਰਕੇ, ਬਿਨਾ ਦਾਜ ਦਹੇਜ, ਲਾਗੀਆਂ ਤੋਂ ਕੀਤੇ ਗਏ। ਇਹ ਸਮਾਜਕ ਪੱਖੋਂ ਇਕ ਹੋਰ ਅਗਾਂਹ ਵਧੂ ਕਦਮ ਸੀ।

ਸ੍ਰੀ ਸਤਿਗੁਰੂ ਜੀ ਦੇ ਸਮਾਜ ਸੁਧਾਰਕ, ਦੇਸ਼ ਭਗਤ ਪ੍ਰੋਗਰਾਮ ਕਰਕੇ, ਦੇਸ਼ ਵਾਸੀ ਜਾਗ ਰਹੇ ਸਨ। ਉਹ ਸ੍ਰੀ ਸਤਿਗੁਰੂ ਜੀ ਦੇ ਝੰਡੇ ਹੇਠ ਆ ਰਹੇ ਸਨ। ਪਰ ਅੰਗ੍ਰੇਜ਼ ਹਾਕਮ ਆਪ ਜੀ ਦੀ ਚੜ੍ਹਦੀ ਕਲਾ ਤੋਂ ਪ੍ਰੇਸ਼ਾਨ ਸਨ। ਉਨ੍ਹਾਂ ਨੇ 1863 ਤੋਂ ਆਪ ਨੂੰ ਸ੍ਰੀ ਭੈਣੀ ਸਾਹਿਬ ਨਜ਼ਰਬੰਦ ਕੀਤਾ। ਉਸ ਸਮੇਂ ਆਪ ਨੇ ਆਪਣੇ ਸੰਗਠਨ ਦਾ ਵਿਕੇਂਦਰੀਕਰਨ ਕੀਤਾ। ਬਾਈ ਸੂਬੇ ਥਾਪੇ। ਉਨ੍ਹਾਂ ਇਕ ਬੀਬੀ ਹੁਕਮੀ ਨੂੰ ਵੀ ਸੂਬਾ ਥਾਪਿਆ। ਪ੍ਰਚਾਰ ਲਈ ਉਨ੍ਹਾਂ ਦੇ ਇਲਾਕੇ ਤੇ ਕਾਰਜ ਵੰਡੇ। ਆਪ ਨੇ ਨਜ਼ਰਬੰਦੀ ਖਿਲਾਫ਼ ਸਤਿਆਗ੍ਰਹਿ ਕੀਤਾ ਅਤੇ 1867 ਵਿਚ ਅਨੰਦਪੁਰ ਦੇ ਹੋਲੇ ਤੇ ਗਏ। ਇਸ ਨਾਲ ਸਿੱਖਾਂ ਦਾ ਮਨੋਬਲ ਵਧਿਆ।

ਆਪ ਜੀ ਦੇ ਉੱਚੇ ਸੁੱਚੇ ਜੀਵਨ ਤੇ ਆਪ ਵਿਚ ਪ੍ਰਭੂ ਭਗਤੀ ਤੇ ਦੇਸ਼ ਭਗਤੀ ਦੇ ਸੁਮੇਲ ਤੋਂ ਅੰਗ੍ਰੇਜ਼ ਹਾਕਮ ਨਹੀਂ ਸਨ ਸਮਝ ਸਕਦੇ ਕਿ ਆਪ ਜੀ ਦੇ ਪੈਰੋਕਾਰ ਆਪ ਨੂੰ, ਗੁਰੂ ਨਾਨਕ ਦਾ ਅਵਤਾਰ ਮੰਨਦੇ ਹਨ ਜਾਂ ਗੁਰੂ ਗੋਬਿੰਦ ਸਿੰਘ ਦਾ। ਆਪ ਜੀ ਦੀਆਂ ਸਰਗਰਮੀਆਂ ਕਾਰਨ ਕਮਿਸ਼ਨ ਅੰਬਾਲਾ ਨੇ ਲਿਖਿਆ:

"ਮੈਂ ਆਪਣੀਆਂ ਪਹਿਲੀਆਂ ਦਸਤਾਵੇਜ਼ਾਂ ਵਿਚ ਵੇਖਦਾ ਹਾਂ ਕਿ (ਗੁਰੂ) ਰਾਮ ਸਿੰਘ ਨੂੰ ਗੁਰੂ ਨਾਨਕ ਦਾ ਗੱਦੀ ਨਸ਼ੀਨ ਜਾਂ ਉਸਦਾ ਮੌਜੂਦਾ ਪ੍ਰਤਾਪ ਰੂਪ, ਸੰਤ ਸਮਝਿਆ ਹੋਇਆ ਸੀ। ਹੁਣ ਉਹ (ਗੁਰੂ) ਗੋਬਿੰਦ (ਸਿੰਘ) ਸੂਰਬੀਰ ਦਾ ਪ੍ਰਤੀਨਿਧ ਹੈ।"

ਇਸ ਸੂਰਬੀਰ ਸਤਿਗੁਰੂ ਦੇ ਸਿੱਖ, ਸੱਚ ਬੋਲ ਕੇ ਸ਼ਹੀਦੀ ਗਾਨੇ ਬੰਨ੍ਹ ਗਏ। ਸ਼ਾਤਰ ਅੰਗ੍ਰੇਜ਼ ਹਾਕਮ ਨੇ ਉਸ ਪੰਜਾਬ ਵਿਚ ਗਊ ਬਧ ਕਰਨ ਲਈ ਹਿੰਦੂ-ਮੁਸਲਮਾਨਾਂ ਨੂੰ ਪਾੜਨ ਲਈ ਬੁੱਚੜਖਾਨੇ ਖੋਲ੍ਹੇ, ਜਿੱਥੇ ਸਿੱਖ ਰਾਜ ਸਮੇਂ, ਉਸ ਰਾਜ ਵਿਚੋਂ ਲੰਘਣ ਵਾਲੀ ਫ਼ੌਜ ਨੂੰ ਵੀ ਗਊ-ਕਸ਼ੀ ਨਾ ਕਰਨ ਦਾ ਇਕਰਾਰ ਕਰਨਾ ਪੈਂਦਾ ਸੀ। ਫਿਰ ਬੁੱਚੜਖਾਨਾ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਕੋਲ ਖੋਲ੍ਹਿਆ ਗਿਆ। ਕੂਕੇ ਸੂਰਬੀਰਾਂ 15 ਜੂਨ 1871 ਨੂੰ ਬੁੱਚੜਖਾਨੇ ਅੰਦਰ ਜਾ ਕੇ ਗਊਆਂ ਦੇ ਰੱਸੇ ਵੱਢੇ, ਬੁੱਚੜ "ਸੋਧੇ" ਤੇ ਹਰਨ ਹੋ ਗਏ।

ਸਰਕਾਰ ਨੇ ਉਨ੍ਹਾਂ ਨੂੰ ਨਾ ਲੱਭ ਸਕਣ ਦੀ ਨਮੋਸ਼ੀ ਤੋਂ ਬਚਣ ਲਈ ਹੋਰ ਹਿੰਦੂ ਸਿੱਖ ਸ਼ਹਿਰੀ ਫੜੇ ਤੇ ਜੁਰਮ ਮਨਾ ਕੇ ਸਜ਼ਾ ਸੁਣਾ ਦਿੱਤੀ। ਸਤਿਗੁਰੂ ਸੱਚੇ ਪਾਤਸ਼ਾਹ ਨੂੰ ਅਸਲ ਵਿਅਕਤੀਆਂ ਨੇ ਆਪਣੇ ਗਊ ਰੱਖਿਅਕ ਕਾਰਜ ਬਾਰੇ ਦੱਸਿਆ ਕਿ ਬੁੱਚੜ ਉਨ੍ਹਾਂ "ਸੋਧੇ" ਹਨ ਤਾਂ ਸਤਿਗੁਰੂ ਜੀ ਨੇ ਕਚਹਿਰੀ ਜਾ ਕੇ ਆਪਣੇ ਕੀਤੇ ਦਾ ਇਕਬਾਲ ਕਰਨ ਲਈ ਕਿਹਾ। ਉਹ ਸੈਸ਼ਨ ਕੋਰਟ ਪਹੁੰਚੇ, ਕੀਤੇ ਕੰਮਾਂ ਦਾ ਇਕਬਾਲ ਕੀਤਾ ਅਤੇ ਸਜ਼ਾ ਭੁਗਤ ਕੇ ਫਾਂਸੀਆਂ ਦੇ ਰੱਸੇ ਗਲਾਂ ਵਿਚ ਪਾ ਕੇ ਆਪਾ ਕੁਰਬਾਨ ਕਰ ਗਏ। ਇਹ ਚਾਰ ਅੰਮ੍ਰਿਤਸਰ ਰਾਮ ਬਾਗ਼ ਕੋਲ ਸ਼ਹੀਦ ਹੋਏ। ਬੁੱਚੜਾਂ ਨੂੰ "ਸੋਧਣ" ਦੇ ਜੁਰਮ ਬਦਲੇ ਤਿੰਨ ਰਾਏ ਕੋਟ ਅਤੇ ਦੋ ਲੁਧਿਆਣੇ ਸ਼ਹੀਦ ਹੋਏ।

ਮਲੇਰ ਕੋਟਲੇ ਸ਼ਹੀਦਾਂ ਦੀ ਘਟਨਾ ਤਾਂ ਹੋਰ ਵੀ ਹਿਰਦੇ ਨੂੰ ਕੂਹਣ ਵਾਲੀ ਹੈ। ਗਊ ਗ਼ਰੀਬ ਦੀ ਰਾਖੀ ਤੇ ਦੇਸ਼ ਦੀ ਆਜ਼ਾਦੀ ਲਈ ਓਥੇ 65 ਸਿੰਘ ਤੋਪਾਂ ਸਾਹਮਣੇ ਖੜ੍ਹੇ ਹੋ ਕੇ ਸ਼ਹੀਦੀ ਜਾਮ ਪੀ ਗਏ। ਇਕ ਨੂੰ ਤਲਵਾਰ ਨਾਲ ਸ਼ਹੀਦ ਕੀਤਾ ਗਿਆ।

ਇਹ ਸ਼ਹੀਦੀ ਦੀ ਅਮੀਰ ਪਰੰਪਰਾ ਦੇ ਵਾਰਸ ਸਨ। ਨਹੀਂ ਤਾਂ ਕਈ ਵਾਰ ਸਰਕਾਰ ਭੀੜ ਉਤੇ ਗੋਲੀ ਚਲਾ ਕੇ, ਡਾਂਗਾਂ ਸੋਟੇ ਮਾਰ ਕੇ, ਬੂਟਾਂ ਥੱਲੇ ਕੁਚਲ ਕੇ ਬੇਗੁਨਾਹਾਂ ਨੂੰ ਮੌਤ ਦੇ ਘਾਟ ਉਤਾਰ ਦੇਂਦੀ ਹੈ। ਉਹ ਸਰਕਾਰ ਦਾ ਜ਼ੁਲਮ ਹੁੰਦਾ ਹੈ। ਪਰ ਏਥੇ ਤੋਪਾਂ ਅੱਗੇ ਛਾਤੀਆਂ ਤਾਨ ਕੇ ਸ਼ਹੀਦ ਹੋਏ, ਹੱਸ ਹੱਸ। ਇਹ ਘਰੋਂ ਸ਼ਹੀਦ ਹੋਣ ਆਏ ਸਨ, ਭੀੜ ਵਿਚ ਸ਼ਾਮਲ ਹੋਣ ਲਈ ਨਹੀਂ।

ਅੰਗ੍ਰੇਜ਼ ਹਾਕਮ ਸਤਿਗੁਰੂ ਜੀ ਦੀ ਕ੍ਰਾਂਤੀਕਾਰੀ ਲਹਿਰ ਤੋਂ ਐਨਾ ਡਰਿਆ ਕਿ ਉਸਨੂੰ ਆਪਣੇ ਰਾਜ ਦੀਆਂ ਜੜ੍ਹਾਂ ਹਿੱਲਦੀਆਂ ਦਿੱਸੀਆਂ। ਹਾਕਮ ਨੇ, ਸਰਕਾਰੋਂ ਵਿਰੋਧੀ ਲਹਿਰ ਨੂੰ ਦਬਾਉਣ ਲਈ, 18 ਜਨਵਰੀ 1872 ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਤੇ ਪ੍ਰਮੁੱਖ ਸੂਬਿਆਂ ਨੂੰ ਜਲਾਵਤਨ ਕੀਤਾ। ਪਹਿਲਾਂ ਲੁਧਿਆਣਿਓ ਅਲਾਹਾਬਾਦ



Sri Satguru Jagjit Singh Ji Elibrary NamdhariElibrary@gmail.com

ਲੈ ਕੇ ਗਏ। ਫੇਰ ਓਥੋਂ ਰੰਗੂਨ, ਚੁਨੌਰ, ਮੌਲਮੀਨ, ਅਦਨ ਆਦਿ ਵੱਖ ਵੱਖ ਥਾਵਾਂ ਉਤੇ ਕੈਦ ਕੀਤਾ।

ਸ੍ਰੀ ਭੈਣੀ ਸਾਹਿਬ ਨੂੰ ਹਾਂਡੇ ਪਾਣੀ ਤੱਕ ਕਈ ਵਾਰ ਪੁੱਟਿਆ ਗਿਆ ਪਰ ਨਾ ਕੋਈ ਹਥਿਆਰ ਮਿਲਿਆ ਨਾ ਦਸਤਾਵੇਜ। ਡਿਓਢੀ ਵਿਚ ਪੁਲਿਸ ਚੌਕੀ ਬਿਠਾ ਦਿੱਤੀ ਗਈ। ਜੇ ਪੰਜ ਨਾਮਧਾਰੀ ਵੀ ਇਕੱਠੇ ਹੁੰਦੇ ਤਾਂ ਉਨ੍ਹਾਂ ਨੂੰ ਸਜਾ ਦਿੱਤੀ ਜਾਂਦੀ ਜਾਂ ਜੁਰਮਾਨਾ ਕੀਤਾ ਜਾਂਦਾ। ਏਥੋਂ ਤੱਕ ਕਿ ਅਖੰਡ ਪਾਠ ਕਰਨ ਕਾਰਨ ਵੀ ਸਿਘਾਂ ਨੂੰ ਕੈਦਾਂ ਸਜਾਵਾਂ ਤੇ ਜੁਰਮਾਨੇ ਹੋਏ। ਸ੍ਰੀ ਸਤਿਗੁਰੂ ਜੀ ਦੇ ਪਰਵਾਰ ਦੇ ਜੀਆਂ ਨੂੰ ਦੱਸਿਆ ਹੀ ਨਾ ਗਿਆ ਕਿ ਸਤਿਗੁਰੂ ਜੀ ਕਿਥੇ ਕੈਦ ਹਨ, ਮਿਲਣ ਦੇਣ ਦਾ ਤਾਂ ਸੁਆਲ ਹੀ ਪੈਦਾ ਨਹੀਂ ਸੀ ਹੁੰਦਾ। ਨਾਮਧਾਰੀ ਸਿਖਾਂ ਦਾ ਆਪਸੀ ਤਾਲ ਮੇਲ ਟੁੱਟ ਗਿਆ। ਸਰਕਾਰ ਨੇ ਸਮਝਿਆ ਹੁਣ ਇਹ ਉਠਣ ਜੋਗੇ ਨਹੀਂ ਹਨ। ਸਰਕਾਰ ਤੋਂ ਚੋਰੀ ਭੇਸ ਬਦਲ ਕੇ ਸਿੱਖ ਰੰਗੂਨ ਜਾਂਦੇ। ਪਹਿਰੇ ਤੇ ਲੱਗੀ ਪੁਲਿਸ ਦੇ ਅੱਖੀਂ ਘੱਟਾ ਪਾ ਕੇ ਸਤਿਗੁਰੂ ਦੇ ਦਰਸ਼ਨ ਕਰਦੇ, ਉਨ੍ਹਾਂ ਦੇ ਹੁਕਮਨਾਮੇ ਲਿਆਉਂਦੇ ਤੇ ਫਿਰ ਉਨ੍ਹਾਂ ਅਨੁਸਾਰ ਜੀਵਨ ਬਿਤਾਉਂਦੇ। 80 ਸਿਘ ਸਤਿਗੁਰੂ ਜੀ ਦੇ ਦਰਸ਼ਨ ਕਰਨ ਗਏ। ਕਈ ਫੜੇ ਵੀ ਗਏ। ਉਨ੍ਹਾਂ ਸਜਾ ਭੁਗਤੀ। ਸਤਿਗੁਰੂ ਜੀ ਨੇ ਸ. ਦਰਬਾਰਾ ਸਿਘ ਹੱਥ ਭੇਜੇ ਪਹਿਲੇ ਹੁਕਮਨਾਮੇ ਵਿਚ ਹੀ ਆਪ ਜੀ ਦੇ ਛੋਟੇ ਭਰਾ, ਗੁਰੂ ਹਰੀ ਸਿੰਘ ਨੂੰ ਗੁਰੂ ਥਾਪਿਆ। ਗੁਰੂ ਹਰੀ ਸਿਘ ਨੇ ਸੂਬਾ ਗੁਰਚਰਨ ਸਿਘ ਨੂੰ ਅਫ਼ਗਾਨਿਸਤਾਨ ਤੇ ਰੂਸ ਭੇਜਿਆ। ਮਹਾਰਾਜਾ ਦਲੀਪ ਸਿਘ ਨਾਲ ਸੰਪਰਕ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ। ਔਖੇ ਸਮੇਂ ਵੀ ਆਜ਼ਾਦੀ ਦੀ ਸ਼ਮ੍ਹਾ ਜਗਦੀ ਰੱਖੀ। ਉਨ੍ਹਾਂ ਤੋਂ ਪਿਛੋਂ ਸਤਿਗੁਰੂ ਪ੍ਰਤਾਪ ਸਿਘ ਨੇ ਨਾਮਧਾਰੀ ਪੰਥ ਨੂੰ ਅਗਵਾਈ ਦਿੱਤੀ।

ਇਸ ਸਮੇਂ ਭਾਰਤ ਦੀ ਆਜ਼ਾਦੀ ਲਈ ਹੋਰ ਲਹਿਰਾਂ ਚੱਲੀਆਂ। ਕਾਂਗਰਸ ਨੇ ਨਾਮਧਾਰੀ ਸਿੱਖਾਂ ਦਾ ਸੁਦੇਸ਼ੀ ਤੇ ਸਰਕਾਰ ਨਾਲ ਨਾ ਮਿਲਵਰਤਨ ਦਾ ਰਾਹ ਅਪਣਾਇਆ। ਸਤਿਗੁਰੂ ਜੀ ਦੇ ਹੁਕਮ ਅਨੁਸਾਰ, ਸਿੱਖ ਸੁਤੰਤਰਤਾ ਲਈ ਉਨ੍ਹਾਂ ਨਾਲ ਤੁਰੇ। ਸਰਕਾਰ ਨੇ ਭਾਰਤੀਆਂ ਦੇ ਜਾਗਣ ਕਰਕੇ, 23 ਮਈ 1923 ਨੂੰ ਸ੍ਰੀ ਭੈਣੀ ਸਾਹਿਬ ਤੋਂ ਪੁਲਿਸ ਚੌਕੀ ਚੁੱਕੀ।

ਪਰ ਇਸ ਸਮੇਂ ਤੱਕ ਸਤਿਗੁਰੂ ਰਾਮ ਸਿਘ ਦੀ ਜਗਾਈ ਸੁਤੰਤਰਤਾ ਦੀ ਸ਼ਮ੍ਹਾ ਦਾ ਚਾਨਣ ਚੁਫੇਰੇ ਫੈਲ ਚੁਕਾ ਸੀ। ਗ਼ਦਰ ਲਹਿਰ ਵਿਚ ਇਹ ਚਾਨਣ ਬਾਬਾ ਸੋਹਣ ਸਿਘ ਭਕਨਾ ਲੈ ਕੇ ਗਏ।

ਸ਼ਹੀਦ ਭਗਤ ਸਿਘ ਨੇ "ਮਹਾਰਥੀ" ਰਸਾਲੇ ਵਿਚ ਸਤਿਗੁਰੂ ਰਾਮ ਸਿਘ ਦਾ ਤਿਰੰਗਾ ਚਿਤਰ ਛਾਪਣ ਲਈ, ਰਸਾਲੇ ਦੇ ਸੰਪਾਦਕ ਨੂੰ 27 ਫਰਵਰੀ 1928 ਨੂੰ ਲਿਖਿਆ ਤਾਂ ਕਿ ਤਸਵੀਰ ਵੇਖ ਕੇ ਪਾਠਕਾਂ ਅੰਦਰ ਦੇਸ਼ ਭਗਤੀ ਹੋਰ ਉਭਰੇ। ਸਤਿਗੁਰੂ ਜੀ ਦੀ ਆਗਿਆ ਅਨੁਸਾਰ ਨਾਮਧਾਰੀ ਸਿੱਖ ਕਾਂਗਰਸ ਦੇ 1929 ਦੇ ਲਾਹੌਰ ਸੈਸ਼ਨ ਵਿਚ ਸਰਗਰਮ ਰਹੇ।

ਸ੍ਰੀ ਸਤਿਗੁਰੂ ਪ੍ਰਤਾਪ ਸਿਘ ਜੀ ਨੇ ਸਿੱਖਾਂ ਵਿਚ ਧਾਰਮਿਕ ਏਕਤਾ ਲਈ, ਗੁਰੂ ਨਾਨਕ ਸਰਬ ਸੰਪਰਦਾਇ ਕਾਨਫ਼ਰੰਸ ਕੀਤੀ। ਆਜ਼ਾਦੀ ਲਈ ਸਟੇਟ ਪੀਪਲਜ਼ ਕਾਨਫ਼ਰੰਸ ਵਿਚ ਹਿੱਸਾ ਲੈਣ ਲਈ ਸਿੱਖ ਭੇਜੇ। ਸ੍ਰੀ ਭੈਣੀ ਸਾਹਿਬ ਹਿੰਦੂ-ਸਿੱਖ ਮਿਲਾਪ ਕਾਨਫ਼ਰੰਸ ਕਰਵਾਈ। ਪੰਜਾਬੀ ਕਾਨਫ਼ਰੰਸ ਰੱਖੀ।

ਆਪ ਨੇ 1945 ਵਿਚ ਕੇਰਲ ਕਾਨਫ਼ਰੰਸ ਵਿਚ ਹਿੱਸਾ ਲੈਣ ਜਾ ਰਹੇ ਪੰਡਤ ਜਵਾਹਰ ਲਾਲ ਨਹਿਰੂ ਤੇ ਮੌਲਾਨਾ ਅਬੁਲ ਕਲਾਮ ਆਜ਼ਾਦ ਨੂੰ ਲਿਖ ਦਿੱਤਾ ਕਿ ਉਨ੍ਹਾਂ ਨੂੰ ਦੇਸ਼ ਦੀ ਆਜ਼ਾਦੀ ਚਾਹੀਦੀ ਹੈ ਹੋਰ ਕੁਝ ਨਹੀਂ।

ਆਪ ਜੀ ਨੂੰ ਦੇਸ਼ ਦੀ ਵੰਡ ਦੇ ਪਹਿਲਾਂ ਹੀ ਵੰਡ ਦੇ ਹਾਲਾਤ ਨਜ਼ਰ ਆਏ। ਆਪ ਨੇ 1947 ਈ. ਦੇ ਸ਼ੇਖੂਪਰ ਬੇਦਾਦ ਦੇ ਹੱਲੇ ਸਮੇਂ ਸਿੱਖਾਂ ਨੂੰ ਰਾਵੀਓਂ ਪਾਰ ਹੋਣ ਦੀ ਆਗਿਆ ਕੀਤੀ। ਕਿਸੇ ਨੂੰ ਨਾ ਮਾਰਨ ਦਾ ਹੁਕਮ ਦਿੱਤਾ। ਆਪ ਨੇ ਵਰਤਮਾਨ ਸਤਿਗੁਰੂ ਜਗਜੀਤ ਸਿਘ ਜੀ ਨੂੰ ਕਈ ਪਿੰਡਾਂ ਵਿਚ ਸਿੱਖਾਂ ਨੂੰ ਪੱਛਮੀ ਪੰਜਾਬ ਛੱਡ ਆਉਣ ਲਈ ਸਮਝਾਉਣ ਲਈ ਭੇਜਿਆ। ਆਪ ਨੇ ਨਾਮਧਾਰੀ ਸਿੱਖਾਂ ਨੂੰ ਵਸਾਉਣ ਲਈ ਚਰਾਲ ਦੇ ਇਲਾਕੇ ਜ਼ਿਲ੍ਹਾ ਹਿਸਾਰ ਵਿਚ 12,430 ਏਕੜ ਜ਼ਮੀਨ ਵੀ ਖ਼ਰੀਦ ਲਈ ਸੀ।

ਦੇਸ਼ ਦੀ ਵੰਡ ਹੋਈ। ਭਾਰਤ ਵਿਚੋਂ ਮੁਸਲਮਾਨ ਪਾਕਿਸਤਾਨ ਜਾਣ ਲੱਗੇ। ਉਨ੍ਹਾਂ ਵਿਚੋਂ ਕਿਸੇ ਨੂੰ ਕਿਸੇ ਨਾਮਧਾਰੀ ਨੇ ਜਾਨੀ ਜਾਂ ਮਾਲੀ ਨੁਕਸਾਨ ਨਹੀਂ ਪਹੁੰਚਾਇਆ।

ਸਤਿਗੁਰੂ ਜੀ ਦੇ ਦਿੱਤੇ ਬਲ, ਬੁਧੀ, ਅਸ਼ੀਰਵਾਦ,ਆਸਰੇ ਨਾਲ ਨਾਮਧਾਰੀ ਸਿੱਖ ਛੇਤੀ ਹੀ ਆਪਣੇ ਪੈਰਾਂ 'ਤੇ ਖੜ੍ਹੇ ਹੋ ਗਏ। ਵੰਡ ਸੰਬੰਧੀ ਸਤਿਗੁਰੂ ਜੀ ਦੇ ਹੁਕਮ ਬਾਰੇ ਕੈਰੋਂ ਨੇ ਇਕ ਸਮੇਂ ਕਿਹਾ ਸੀ "ਤੁਸੀਂ ਸੱਚੇ। ਤੁਸੀਂ ਸੱਚੇ। ਤੁਹਾਡਾ ਗੁਰੂ ਸੱਚਾ!"

ਆਪਣੇ ਪੈਰਾਂ ਉੱਤੇ ਖੜ੍ਹੇ ਹੋ ਕੇ ਸਿੱਖ ਦੇਸ਼ ਦੀ ਆਰਥਿਕ ਵਿਕਾਸ ਵਿਚ ਆਪਣਾ ਹਿੱਸਾ ਪਾਉਣ ਲਗੇ। ਉਹ ਆਪਣੀ ਸੁਚ ਸੋਧ ਨਾਮ ਬਾਣੀ ਦੀ ਸੁੱਚੀ ਪਰੰਪਰਾ ਨਾਲ ਆਤਮਕ ਸ਼ਕਤੀ ਗ੍ਰਹਿਣ ਕਰਕੇ ਸੰਸਾਰ ਅਮਨ ਲਹਿਰ ਨਾਲ ਜੁੜੇ। ਉਨ੍ਹਾਂ ਪਸ਼ੂ ਧਨ ਦੀ ਸੰਭਾਲ ਕੀਤੀ। ਵਿਦਿਆ ਦੇ ਪ੍ਰਚਾਰ ਪਸਾਰ ਵਿਚ ਹਿੱਸਾ ਪਾਇਆ। ਸਮਾਜਕ ਫ਼ਜ਼ੂਲ ਖਰਚੀ ਨੂੰ ਠੱਲ੍ਹ ਪਾਈ। ਸੁੱਚੀਆਂ ਕਦਰਾਂ ਕੀਮਤਾਂ ਨੂੰ ਅਪਣਾਉਂਦਿਆਂ ਹੋਇਆਂ ਪੰਜਾਂ ਮਹਾਂਦੀਪਾਂ ਵਿਚ ਆਪਣੀ ਪਛਾਣ ਪੈਦਾ ਕੀਤੀ।

ਅੱਜ ਸਿੱਧੀ ਦਸਤਾਰ, ਸਫ਼ੈਦ ਬਾਣੇ ਵਾਲਾ, ਨਾਮ ਜਪਣ, ਬਾਣੀ ਪੜ੍ਹਨ ਤੇ ਜੀਵ ਮਾਤਰ ਦਾ ਭਲਾ ਸੋਚਣ ਵਾਲਾ ਨਾਮਧਾਰੀ ਆਪਣੇ ਸਿਦਕ ਭਰੋਸੇ, ਸਿਹਤ, ਮਿਹਨਤ ਸਾਦਗੀ ਤੇ ਚੜ੍ਹਦੀ ਕਲਾ ਕਰਕੇ ਆਦਰ ਪਾ ਰਿਹਾ ਹੈ। ਉਹ ਸ਼ਾਕਾਹਾਰੀ ਹੈ, ਨਸ਼ਿਆਂ ਤੋਂ ਬਚਿਆ ਹੋਇਆ, ਉੱਚਾ ਸੁੱਚਾ ਗੁਰਸਿੱਖ ਹੈ।

ਗੁਰਸਿੱਖ ਸ਼ਬਦ ਦੇ ਗੁਰੂ ਬਿਨਾ ਅਰਥ ਹੀ ਸੰਭਵ ਨਹੀਂ ਹਨ। ਇਹ ਗੁਰਸਿੱਖ, ਸਤਿਗੁਰੂ ਜਗਜੀਤ ਸਿਘ ਦੇ ਚਰਨਾਂ ਦਾ ਭੌਰਾ ਹੈ। ਜੇ ਕੋਈ ਆਪਣੀ ਅਮੀਰ ਪਰੰਪਰਾ ਤੋਂ ਮੂੰਹ ਮੋੜਨ ਲਗਦਾ ਹੈ, ਭਟਕਣ ਲਗਦਾ ਹੈ, ਤਾਂ ਸਤਿਗੁਰੂ ਜੀ ਉਸ ਨੂੰ ਸੰਭਾਲ ਲੈਂਦੇ ਹਨ। ਨਾਮਧਾਰੀ ਸਿੱਖ ਨੂੰ ਆਪਣੀ ਅਮੀਰ ਪਰੰਪਰਾ ਦਾ ਮਾਣ ਹੈ ਅਤੇ ਸਤਿਗੁਰੂ ਦਾ ਸਿੱਖ ਹੋਣ ਵਿਚ ਉਹ ਆਪਣਾ ਜਨਮ ਸਫਲ ਸਮਝਦਾ ਹੈ।

*(ਪ੍ਰੀਤ ਲੜੀ ਦੇ ਇਸ ਅੰਕ ਲਈ ਖਾਸ)*



Sri Satguru Jagjit Singh Ji Elibrary NamdhariElibrary@gmail.com

*ਸਤਿਗੁਰੂ ਜੀ ਦੇ ਖਿਆਲਾਂ ਅਨੁਸਾਰ ਹਿੰਦੂ ਧਰਮ ਇਕ ਬੋਹੜ ਦੇ ਬ੍ਰਿਛ ਵਾਂਗੂੰ ਹੈ, ਜਿਸਦੀਆਂ ਜੈਨੀ, ਬੋਧੀ ਅਤੇ ਸਿੱਖ ਸ਼ਾਖਾਂ ਹਨ।*

*ਆਪ 1947 ਉਪ੍ਰੰਤ ਭਾਸ਼ਾ ਦੇ ਆਧਾਰ ਦੇ ਝਗੜਿਆਂ ਨੂੰ ਪਸੰਦ ਨਹੀਂ ਕਰਦੇ ਸਨ ਤੇ ਆਖਦੇ ਸਨ–ਮੈਂ ਬਹੁਤ ਚਿਰ ਤੋਂ ਅਰਜ਼ ਕਰ ਰਿਹਾ ਹਾਂ, ਕਿ ਹਿੰਦੂ ਸਿੱਖਾਂ ਨੂੰ ਦੋ ਜਗ੍ਹਾ ਨਹੀਂ ਹੋਣਾ ਚਾਹੀਦਾ, ਨਹੀਂ ਇਹ ਮਾਰੇ ਜਾਣਗੇ। ਕਾਨਫ਼ਰੰਸਾਂ ਬੁਲਾਈਆਂ, ਸਭ ਕੁਝ ਕੀਤਾ, ਅਜੇ ਵੀ ਉਹ ਅੰਗ੍ਰੇਜ਼ ਜਿਹੜੀ ਵਿਉਹ ਸਿਟ ਗਿਆ ਏ ਨਾ, ਉਹ ਅਜੇ ਵੀ ਹੈ ਭਾਈ ਕਿਸੇ ਤਰ੍ਹਾਂ ਨਾਲ।*

**ਸੱਚਾ ਦਰਬਾਰ**

ਸਤਿਗੁਰੂ ਜੀ ਤਕਰੀਬਨ ਹਰ ਰੋਜ਼ ਕਿਸੇ ਵੇਲੇ ਸਾਧ ਸੰਗਤ ਦੇ ਝਗੜੇ ਨਿਬੇੜਨ ਬੈਠਦੇ। ਉਸ ਸਾਦਗੀ ਦੀ ਮੂਰਤ ਦੇ ਚਿਹਰੇ ਦਾ ਜਲਾਲ ਝਲਿਆ ਨਹੀਂ ਸੀ ਜਾਂਦਾ। ਉਸ ਅਦਾਲਤ ਵਿਚ ਚੁਗ਼ੀਆ ਮਾਰਨ ਵੇਲੇ, ਲਹਿਣੇ ਦੇਣੇ ਦੇ ਝਗੜਿਆਂ ਵਾਲੇ, ਵੈਲਾਂ ਨੂੰ ਖੱਸੀ ਕਰਨ ਵਾਲੇ ਆਪ ਹੀ ਉਠ ਉਠ ਆਪਣੇ ਗੁਨਾਹ ਕਬੂਲਦੇ। ਨਾ ਕੋਈ ਵਕੀਲ, ਨਾ ਗਵਾਹ। ਸੱਚੇ ਪਾਤਸ਼ਾਹ ਵੀ ਕਿਸੇ ਨੂੰ ਪਾਠ ਕਿਸੇ ਨੂੰ ਅਖੰਡ ਪਾਠ, ਕਿਸੇ ਨੂੰ ਭਜਨ ਦੀ ਮਾਲਾ ਦਾ ਡੰਨ ਲਾ ਖਿਮਾ ਕਰ ਦੇਂਦੇ। ਇਕ ਸਮੇਂ ਕਿਸੇ ਸਰਕਾਰੀ ਕਰਮਚਾਰੀ ਨੇ ਪੁੱਛਿਆ, ਮਹਾਰਾਜ ਜੀ! ਪੁਲੀਸ ਦੋਸ਼ੀਆਂ ਨੂੰ ਕੁੱਟ ਕੁੱਟ ਥਾਕੇ ਹੈ ਜਾਂਦੀ ਹੈ, ਉਹ ਮੰਨਦੇ ਨਹੀਂ, ਤੁਹਾਡੇ ਕੋਲ ਮੁਜਰਮ ਆਪ ਹੀ ਇਕਬਾਲੇ ਜੁਰਮ ਕਰੀ ਜਾਂਦੇ ਹਨ। ਸੱਚੇ ਪਾਤਸ਼ਾਹ ਕਿਹਾ, ਸਾਧ ਸੰਗਤ 'ਚ ਆ ਉਨ੍ਹਾਂ ਦੇ ਮਨ ਨਿਰਮਲ ਹੋ ਜਾਂਦੇ ਹਨ। ਅੱਗੋਂ ਤੋਂ ਉਹ ਪਾਪ ਕਰਨ ਜੋਗੇ ਨਹੀਂ ਰਹਿੰਦੇ। ਤੁਹਾਡੇ ਵਕੀਲ ਝੂਠੇ ਬਿਆਨ ਲਈ ਕਹਿੰਦੇ ਹਨ। ਉਹ ਉਸੇ ਰਾਹ ਤੁਰ ਪੈਂਦੇ ਹਨ। ਇਸੇ ਵਾਸਤੇ ਝਗੜੇ ਲਮਕਦੇ ਹਨ।

ਜਿਦ੍ਹਾ ਕੋਈ ਤੁਹਾਡੇ ਨਾਲ ਤਅਲੱਕ ਨਹੀਂ, ਜਿਸਨੂੰ ਕੋਈ ਨਹੀਂ ਜਾਣਦਾ, ਕੋਈ ਨਹੀਂ ਪੁਛਦਾ, ਉਸ ਦੀ ਸੇਵਾ ਕਰੋ। ਨਾ ਮਜ਼੍ਹਬ ਦੇਖੋ ਨਾ ਧਰਮ ਦੇਖੋ।

*–ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ*

## ਸਤਿਗੁਰੂ ਪ੍ਰਤਾਪ ਸਿੰਘ

**ਡਾ. ਸਰਿੰਦਰ ਸਿੰਘ ਉੱਪਲ :**

(1934 ਵਿਚ ਸਤਿਗੁਰੂ ਪ੍ਰਤਾਪ ਸਿੰਘ ਵਲੋਂ ਕਰਵਾਈ ਗਈ ਗੁਰ ਨਾਨਕ ਸਰਬ ਸੰਪ੍ਰਦਾਇ ਕਾਨਫ਼ਰੰਸ ਸੰਬੰਧੀ) ਪੰਜਾਬੀ ਦੇ ਪ੍ਰਸਿੱਧ ਲੇਖਕ ਅਤੇ ਪ੍ਰੀਤ-ਲੜੀ ਦੇ ਪ੍ਰਮੁੱਖ ਮੁਦੱਈ ਸ: ਗੁਰਬਖਸ਼ ਸਿੰਘ (ਪ੍ਰੀਤਲੜੀ) ਨੇ ਉਸ ਅਦੁੱਤੀ, ਨਾਜਵਾਬ ਤੇ ਇਤਿਹਾਸਕ ਮਹਾਨਤਾ ਵਾਲੀ ਕਾਨਫ਼ਰੰਸ ਬਾਰੇ ਲਿਖਿਆ ਸੀ ਕਿ "ਇਸ ਦੇ ਉਪਰੰਤ ਇਸ ਪੁਸ਼ਪਹਾਰ ਦੀ ਹੋਂਦ ਤੇ ਸੋਭਾ ਮਹਾਰਾਜ ਪ੍ਰਤਾਪ ਸਿੰਘ ਜੀ ਦੀ ਨਿਰਮਾਨਤਾ, ਸਾਫ਼ਦਿਲੀ, ਡੁਲ੍ਹਦੇ ਪਿਆਰ, ਸੁੱਚੀ ਨੀਅਤ ਤੇ ਖੇੜ੍ਹ ਸੁਭਾਅ ਦਾ ਸਿੱਟਾ ਹੈ। ਕੀ ਅਕਾਲੀ ਅਤੇ ਕੀ ਚੀਫ਼ ਖਾਲਸਾ ਦੀਵਾਨ ਤੇ ਕੀ ਹੋਰ ਸਾਰੇ, ਇਸ ਜਾਦੂ ਅਸਰੀ ਨਾਲ ਮੋਹਿਤ ਮਲੂਮ ਹੁੰਦੇ ਸਨ। ਬਿਨਾ ਸੰਕੋਚ ਤੋਂ 'ਮਹਾਰਾਜ' ਦਾ ਸ਼ਬਦ ਵਰਤਿਆ ਜਾਂਦਾ ਸੀ ਤੇ ਚਰਨੀਂ ਹੱਥ ਲਗਾਏ ਜਾਂਦੇ ਸਨ। ਜਿਹਨਾਂ ਨੇ ਕਦੇ ਕਿਸੇ ਦੇ ਪੈਰੀਂ ਹੱਥ ਨਹੀਂ ਸੀ ਲਾਇਆ, ਉਨ੍ਹਾਂ ਨੂੰ ਮੈਂ ਮਹਾਰਾਜ ਪ੍ਰਤਾਪ ਸਿੰਘ ਜੀ ਦੇ ਚਰਨ ਛੋਹੰਦਿਆਂ ਵੇਖਿਆ ਹੈ।

***ਪੰਜਾਬੀ ਤੇ ਅਨੰਦ ਕਾਰਜ***

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹੁਕਮ ਕੀਤਾ ਸੀ ਕਿ ਪੰਜਾਬੀ ਜ਼ਰੂਰ ਪੜ੍ਹੋ। ਜਿਨ੍ਹਾਂ ਚਿਰ ਮੁੰਡਾ ਕੁੜੀ ਨਹੀਂ ਸੀ ਪੜ੍ਹਿਆ ਹੁੰਦਾ ਉਸ ਦਾ ਅਨੰਦ ਕਾਰਜ ਨਹੀਂ ਸੀ ਹੁੰਦਾ। 1954 ਈ. ਵਿੱਚ ਬੀਬੀ ਦਰਸ਼ਨਾਂ ਦਾ ਅਨੰਦ ਸੀ। ਉਹ ਪੰਜਾਬੀ ਪੜ੍ਹੀ ਹੋਈ ਸੀ। ਪ੍ਰਬੰਧਕਾਂ ਨੇ, ਇਹ ਸੋਚ ਕੇ ਕਿ ਸ੍ਰ. ਇੰਦਰ ਸਿੰਘ, ਜਿਸ ਨਾਲ ਅਨੰਦ ਕਰਨਾ ਸੀ, ਵੀ ਪੰਜਾਬੀ ਪੜ੍ਹਿਆ ਹੋਵੇਗਾ, ਦੋਹਾਂ ਨੂੰ ਫੇਰਿਆਂ ਤੇ ਬਿਠਾ ਦਿੱਤਾ। ਉਸ ਨੂੰ ਪੰਜਾਬੀ ਨਹੀਂ ਸੀ ਆਉਂਦੀ। ਸੱਚੇ ਪਾਤਸ਼ਾਹ ਜੀ ਨੂੰ ਸਹੀ ਸਥਿਤੀ ਦੱਸੀ ਗੱਈ ਤਾਂ ਆਪ ਨੇ ਹੁਕਮ ਕੀਤਾ, "ਅਨੰਦ ਕਾਰਜ ਤਾਂ ਕਰ ਦਿਉ ਪਰ ਕੁੜੀ ਓਦੋਂ ਤੋਰਿਓ ਜਦ ਮੁੰਡਾ ਪੰਜਾਬੀ ਪੜ੍ਹ ਕੇ ਸੁਣਾ ਦੇਵੇ।" ਸ੍ਰ. ਇੰਦਰ ਸਿੰਘ ਨੇ ਸਤਿਗੁਰੂ ਜੀ ਦੇ ਹੁਕਮ ਦੀ ਪਾਲਣਾ ਕੀਤੀ ਤੇ ਇਕ ਮਹੀਨੇ ਵਿਚ ਹੀ ਪੰਜਾਬੀ ਪੜ੍ਹਨੀ ਸਿੱਖ ਲਈ।

## ਪ੍ਰਿੰ. ਤੇਜਾ ਸਿੰਘ ਨਾਲ ਇਕ ਦਿਲਚਸਪ ਸੰਵਾਦ

*ਤੁਸੀਂ "ਗੁਰੂ" ਕਿਉਂ ਅਖਵਾਉਂਦੇ ਹੋ? ਪ੍ਰਿੰ. ਤੇਜਾ ਸਿੰਘ ਨੇ ਮਹਾਰਾਜ ਜੀ ਨੂੰ ਟੋਕ ਕੇ ਕਿਹਾ।*

*"ਮੈਂ ਨਹੀਂ ਅਖਵਾਉਂਦਾ।" ਮਹਾਰਾਜ ਪ੍ਰਤਾਪ ਸਿੰਘ ਹੱਸਦੇ ਹੱਸਦੇ ਕਹਿਣ ਲਗੇ।*

*"ਤਾਂ ਫਿਰ ਇਹ ਜਿਹੜੇ ਬਾਹਰ ਤੁਹਾਡੇ ਨਾਮਧਾਰੀ ਖਲੋਤੇ ਨੇ ਉਨ੍ਹਾਂ ਨੂੰ ਤੁਸੀਂ ਕਹਿੰਦੇ ਕਿਉਂ ਨਹੀਂ?" ਤੇਜਾ ਸਿੰਘ ਵਿਚ ਦਾ ਉਸਤਾਦ ਹੁੱਜਤ ਕਰ ਰਿਹਾ ਸੀ।*

*"ਮੈਂ ਤਿਆਰ ਹਾਂ।" ਮਹਾਰਾਜ ਪ੍ਰਤਾਪ ਸਿੰਘ ਜੀ ਨੇ ਹੁਣ ਸੰਜੀਦਾ ਹੋ ਕੇ ਕਿਹਾ।*

*"ਇਨ੍ਹਾਂ ਨੂੰ ਬੁਲਾ ਕੇ ਮੇਰੇ ਸਾਹਮਣੇ ਕਹਿ ਦਿਉ।" ਤੇਜਾ ਸਿੰਘ ਆਪਣੇ ਤਰਕ ਤੇ ਕਾਇਮ ਸੀ।*

*"ਬੇਸ਼ਕ।" ਮਹਾਰਾਜ ਜੀ ਨਿੱਠ ਕੇ ਬਹਿ ਗਏ।*

*ਤੇਜਾ ਸਿੰਘ ਨੇ ਬਾਹਰ ਉਡੀਕ ਰਹੇ ਮਹਾਰਾਜ ਪ੍ਰਤਾਪ ਸਿੰਘ ਜੀ ਦੇ ਸ਼ਰਧਾਲੂਆਂ ਨੂੰ ਅੰਦਰ ਸੱਦ ਲਿਆ। ਉਹ ਤੱਕ ਸਾਹਮਣੇ ਦਰੀ ਤੇ ਬਹਿ ਗਏ। ਮਹਾਰਾਜ ਜੀ ਖ਼ੁਦ ਤੇ ਤੇਜਾ ਸਿੰਘ ਸਿਰ੍ਹਿਆਂ ਤੇ ਬੈਠੇ ਹੋਏ ਸਨ।*

*ਤੇਜਾ ਸਿੰਘ ਨੇ ਉਨ੍ਹਾਂ ਨੂੰ ਹੁਣੇ ਹੁਣੇ ਹੋਈ ਬਹਿਸ ਬਾਰੇ ਜਾਣੂ ਕਰਵਾਇਆ, ਤੇ ਫੇਰ ਮਹਾਰਾਜ ਪ੍ਰਤਾਪ ਸਿੰਘ ਜੀ ਆਪਣੇ ਮੁਖਾਰਬਿੰਦ ਤੋਂ ਫ਼ਰਮਾਣ ਲਗੇ:*

*"ਕਈ ਮੈਂ ਤੁਹਾਨੂੰ, ਆਪਣੇ ਮਿੱਤਰ ਤੇਜਾ ਸਿੰਘ ਹੋਰਾਂ ਦੇ ਸਾਹਮਣੇ ਕਹਿੰਦਾ ਹਾਂ–ਮੈਂ ਗੁਰੂ ਨਹੀਂ। ਮੈਂ ਸਾਧਾਰਨ ਇਨਸਾਨ ਹਾਂ, ਤੁਹਾਡੇ ਵਰਗਾ। ਮੈਨੂੰ ਗੁਰੂ ਨਾ ਬੁਲਾਇਆ ਕਰੋ। ਮੈਂ ਗੁਰੂ ਨਹੀਂ। ਮੈਂ ਗੁਰੂ ਨਹੀਂ। ਮੈਂ ਗੁਰੂ ਨਹੀਂ..."*

*ਮਹਾਰਾਜ ਜੀ ਮੁੜ ਮੁੜ ਇਸ ਪ੍ਰਕਾਰ ਕੋ ਕਹਿ ਰਹੇ ਸਨ ਕਿ ਸੰਤ ਇੰਦਰ ਸਿੰਘ ਚਕ੍ਰਵਰਤੀ ਆਪਣੀ ਥਾਂ ਤੋਂ ਉਠੇ ਤੇ ਮਹਾਰਾਜ ਦੇ ਚਰਨਾਂ ਵਿਚ ਸੀਸ ਰਖਕੇ, ਫਲ ਫਲ ਅੱਖੀਆਂ ਵਿਚੋਂ ਹੰਝੂ ਵਹਿ ਰਹੇ, ਕਹਿਣ ਲਗੇ, "ਉਹ ਗੁਰੂਆ, ਤੈਨੂੰ ਕੀ ਪਤਾ, ਤੂੰ ਕੌਣ ਏਂ?" ਮੁੜ ਮੁੜ ਇਹ ਕਹਿ ਰਹੇ ਸਨ ਤੇ ਮਹਾਰਾਜ ਪ੍ਰਤਾਪ ਸਿੰਘ ਹੋਰਾਂ ਦੇ ਚਰਨਾਂ ਨੂੰ ਆਪਣੇ ਅਥਰੂਆਂ ਦੀ ਫੁਲਾਰ ਨਾਲ ਧੋ ਰਹੇ ਸਨ।*

*ਸੰਤ ਇੰਦਰ ਸਿੰਘ ਚਕ੍ਰਵਰਤੀ ਵਰਗੇ ਵਿਦਵਾਨ ਤੇ ਸਿਰਜਨਾਤਮਕ ਲੇਖਕ ਦਾ ਇਹ ਹਾਲ ਵੇਖ ਕੇ ਤੇਜਾ ਸਿੰਘ ਵਿਚ ਦਾ ਬੁਧੀਜੀਵੀ, ਕਾਲਜ ਦਾ ਪ੍ਰੋਫੈਸਰ, ਆਪਣੇ ਗਿਰੇਬਾਨ ਵਿਚ ਝਾਕਣ ਲੱਗ ਪਿਆ।*

*(ਕ.ਸ.ਦੁੱਗਲ ਦੀ ਲਿਖਤ ਵਿਚੋਂ)*



Sri Satguru Jagjit Singh Ji Elibrary NamdhariElibrary@gmail.com

# ਸਤਿਗੁਰੂ ਜਗਜੀਤ ਸਿੰਘ ਜੀ

● ਅਮਰ ਭਾਰਤੀ



ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਜੀਵਨ ਦੇ 78ਵੇਂ ਸਾਲ ਵਿਚ ਪ੍ਰਵੇਸ਼ ਕਰ ਚੁੱਕੇ ਹਨ। ਭਾਰਤ ਵਿਚ ਮਹਾਂਪੁਰਸ਼ਾਂ ਦਾ ਪੰਝੱਤਰਵਾਂ ਸਾਲ ਵਿਅਕਤੀਗਤ ਅਤੇ ਸਮਾਜਿਕ ਪੱਖ ਤੋਂ ਭਰਪੂਰਤਾ ਤੇ ਪਰੀਪੂਰਨ ਪ੍ਰੌੜ੍ਹਤਾ ਦਾ ਸੂਚਕ ਮੰਨਿਆ ਜਾਂਦਾ ਹੈ।

ਅਨੇਕਾਂ ਉਤਾਰਾਂ-ਚੜ੍ਹਾਵਾਂ, ਸੰਘਰਸ਼ਾਂ, ਹਾਨਾਂ-ਲਾਭਾਂ ਅਤੇ ਅਨੁਭਵਾਂ ਦੇ ਲੰਮੇ ਦੌਰ ਵਿਚੋਂ ਲੰਘ ਕੇ ਜੀਵਨ ਇਕ ਸ਼ਾਂਤ ਗੰਭੀਰ ਸਹਿਜ ਭਾਓ ਬਣ ਜਾਂਦਾ ਹੈ। ਇਹ ਸਹਿਜ ਭਾਓ ਇਕ ਅਜਿਹੇ ਅੰਮ੍ਰਿਤਮਈ ਸੋਮੇ ਦਾ ਰੂਪ ਧਾਰ ਜਾਂਦਾ ਹੈ ਜੋ ਆਪਣੀ ਛੋਹ ਨਾਲ ਕਿਸੇ ਦੇ ਵੀ ਕਿਲਵਿਖ ਕੱਟਣ ਵਿਚ ਸਮਰਥ ਹੁੰਦਾ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਨੂੰ ਇਸ ਸਾਲ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲਦਿਆਂ 38 ਸਾਲ ਹੋ ਗਏ ਨੇ। ਇਨ੍ਹਾਂ 38 ਸਾਲਾਂ ਵਿਚ ਆਪ ਨੇ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਸ਼ੁਰੂ ਕੀਤੇ ਅਧਿਆਤਮਕ ਤਰੱਕੀ, ਦੇਸ਼ ਸੇਵਾ, ਸਮਾਜ ਸੁਧਾਰ ਤੇ ਮਾਨਵ ਕਲਿਆਣ ਦੇ ਕਾਰਜਾਂ ਨੂੰ ਨਿਪੁੰਨਤਾ ਨਾਲ ਅਗਾਂਹ ਵਧਾਇਆ ਹੈ। ਇਥੇ ਆਪ ਦੇ ਜੀਵਨ ਉਪਰ ਇਕ ਸੰਖੇਪ ਜਿਹੀ ਝਾਤ ਪਾਉਣ ਦਾ ਜਤਨ ਅਗਲੀਆਂ ਪੰਗਤੀਆਂ ਵਿਚ ਕੀਤਾ ਜਾ ਰਿਹਾ ਹੈ।

ਵੀਹ ਨਵੰਬਰ ਉਨੀ ਸੌ ਵੀਹ ਨੂੰ ਪਿਤਾ ਸਤਿਗੁਰੂ ਪਰਤਾਪ ਸਿੰਘ ਜੀ ਤੇ ਮਾਤਾ ਭੁਪਿੰਦਰ ਕੌਰ ਜੀ ਦੀ ਪ੍ਰਥਮ ਸੰਤਾਨ ਦੇ ਰੂਪ ਵਿਚ ਸ੍ਰੀ ਭੈਣੀ ਸਾਹਿਬ ਜ਼ਿਲ੍ਹਾ ਲੁਧਿਆਣਾ ਪੰਜਾਬ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਕਾਸ਼ ਹੋਇਆ।

## ਵਿਦਿਆ

ਸੰਨ 1857 ਤੋਂ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਚਲਾਈ ਅੰਗ੍ਰੇਜ਼ੀ ਸਕੂਲਾਂ ਤੇ ਬਦੇਸ਼ੀ ਕਪੜੇ ਦੇ ਬਾਈਕਾਟ ਦੀ ਲਹਿਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਆਗਮਨ ਤੱਕ ਅਜੇ ਚੱਲ ਹੀ ਰਹੀ ਸੀ। ਇਸ ਲਈ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੁਦੇਸ਼ੀ ਵਿੱਦਿਆ ਦਾ ਬੰਦੋਬਸਤ ਸ੍ਰੀ ਭੈਣੀ ਸਾਹਿਬ ਵਿਚ ਹੀ ਕੀਤਾ ਗਿਆ। ਆਪ ਦੀ ਸ਼ਿਖਸ਼ਾ ਪ੍ਰਾਪਤੀ ਨੂੰ ਧਿਆਨ ਵਿਚ ਰੱਖਦਿਆਂ ਹੋਇਆ ਪਿਤਾ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਵਿਚ ਇਕ ਵਿਦਿਆਲੇ ਦੀ ਸਥਾਪਨਾ ਕੀਤੀ ਜੋ ਪ੍ਰਾਚੀਨ ਬ੍ਰਹਮ ਚਰਜ ਆਸ਼ਰਮਾਂ ਦੇ ਪੂਰਨਿਆਂ ਉਪਰ ਚਲਾਇਆ ਗਿਆ। ਇਸ ਵਿਦਿਆਲੇ ਵਿਚ ਗੁਰਮੁਖੀ ਅੱਖਰਾਂ ਰਾਹੀਂ ਸ਼ਿਖਸ਼ਾ ਦੀ ਵਿਵਸਥਾ ਸੀ। ਸ਼ਿਖਸ਼ਾ ਲਈ ਆਮ ਪਰਚੱਲਤ ਵਿਸ਼ਿਆਂ ਦੇ ਨਾਲ ਨਾਲ ਗੁਰਮੁਖੀ ਜੀਵਨ, ਸ਼ਾਸਤ੍ਰੀ ਸੰਗੀਤ ਤੇ ਗੁਰਬਾਣੀ ਦੇ ਸ਼ੁੱਧ ਪਾਠ ਲਾਜ਼ਮੀ ਵਿਸ਼ੇ ਸਨ।

## ਅਨੁਸ਼ਾਸਨ ਦੀ ਸਿੱਖਿਆ

ਆਪ ਦੇ ਸਹਿਪਾਠੀਆਂ ਨੂੰ ਕਿਸੇ ਗੱਲ ਵਿਚ ਕੋਈ ਖੁਲ੍ਹ ਭਾਵੇਂ ਮਿਲ ਜਾਂਦੀ ਪਰ ਆਪ ਨੂੰ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਪੁੱਤਰ ਹੋਣ ਕਾਰਨ ਬੜੇ ਹੀ ਕਰੜੇ ਅਨੁਸ਼ਾਸਨ ਵਿਚ ਰਹਿਣਾ ਪੈਂਦਾ। ਤੜਕੇ ਅੰਮ੍ਰਿਤ ਵੇਲੇ ਉਠ ਕੇ ਨਿਤ ਕ੍ਰਿਆ ਤੋਂ ਇਲਾਵਾ ਸਣਕੇਸੀ ਇਸ਼ਨਾਨ ਨਾਲ ਸਿਮਰਨ, ਬਾਣੀ ਦੇ ਪਾਠ ਤੇ ਕੀਰਤਨ ਦਾ ਅਜਿਹਾ ਨੇਮ ਸੀ ਜਿਸ ਨੇ ਆਪ ਨੂੰ ਜੀਵਨ ਭਰ ਲਈ ਇਨ੍ਹਾਂ ਕਰਮਾਂ ਦਾ ਪੱਕਾ ਨੇਮੀ ਬਣਾ ਦਿੱਤਾ। ਆਦਿ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਸਾਹਿਬ ਦੀ ਅਰਥਾਂ ਸਮੇਤ ਵਿਧੀ ਵਤ ਪਾਠ ਦੀ ਸ਼ਿਖਸ਼ਾ ਦਾ ਅਭਿਆਸ ਆਪ ਨੂੰ ਨਿਤਨੇਮ ਨਾਲ ਕਰਨਾ ਪੈਂਦਾ। ਇਸ ਤੋਂ ਇਲਾਵਾ ਸ਼ਾਸਤ੍ਰੀ ਸੰਗੀਤ ਦੀ ਸ਼ਿਖਸ਼ਾ, ਗੁਰਮਤ ਅਨੁਸਾਰ ਸੁੱਚ ਸੋਧ ਤੇ ਸੰਜਮ ਵਿਚ ਰਹਿੰਦਿਆਂ ਬ੍ਰਹਮ ਚਰਜ ਦੀ ਪਾਲਨਾ, ਸਰੀਰ ਦੀ ਸਾਧਨਾ, ਕਸਰਤ, ਕੁਸ਼ਤੀ, ਕਬੱਡੀ, ਦੌੜ, ਘੁੜ ਸਵਾਰੀ ਤੇ ਖੂਹ ਗੇੜਨ ਦਾ ਅਭਿਆਸ ਹੁੰਦਾ। ਭੁੱਖ ਤ੍ਰੇਹ, ਗਰਮੀ-ਸਰਦੀ ਨੂੰ ਸਹਿਣ ਤੋਂ ਇਲਾਵਾ ਆਪਣੇ ਕੰਮ ਆਪ ਕਰਨ, ਭੋਜਨ ਬਣਾਉਣ ਤੇ ਸਾਧ ਸੰਗਤ ਦੀ ਸੇਵਾ ਵਾਲੇ ਜੀਵਨ ਦੀ ਤਿਆਰੀ ਸ਼ੁਰੂ ਤੋਂ ਹੀ ਕਰਵਾ ਦਿੱਤੀ ਗਈ।

## ਵਿਆਹ

ਆਪ ਜੀ ਦੇ ਦੋ ਅਨੰਦ ਕਾਰਜ ਹੋਏ। ਆਪ ਦੀ ਪਹਿਲੀ ਪਤਨੀ ਰਾਜਿੰਦਰ ਕੌਰ ਜੀ ਦਾ ਥੋੜ੍ਹੇ ਚਿਰ ਬਾਅਦ ਹੀ ਪਰਲੋਕ ਵਾਸ ਹੋ ਗਿਆ। ਉਸ ਤੋਂ ਬਾਅਦ ਪੰਜ ਭਾਦਰੋਂ ਸੰਮਤ 2016 ਬਿਕ੍ਰਮੀ-ਅਗਸਤ 1945 ਵਿਚ ਦੁਬਾਰਾ ਅਨੰਦ ਕਾਰਜ ਜਿਨ੍ਹਾਂ ਨਾਲ ਹੋਇਆ ਉਹ ਅੱਜ ਕਲ ਮਾਤਾ ਚੰਦ ਕੌਰ ਜੀ ਦੇ ਨਾਮ ਨਾਲ ਜਾਣੇ ਜਾਂਦੇ ਹਨ।

## ਸੰਤਾਨ

ਆਪ ਦੀ ਸੰਤਾਨ ਵਜੋਂ ਇਕ ਸਪੁਤਰੀ ਨੇ ਜਨਮ ਲਿਆ, ਜਿਨ੍ਹਾਂ ਦਾ ਨਾਮ ਬੀਬਾ ਸਾਹਿਬ ਕੌਰ ਜੀ ਹੈ।

## ਗੁਰ ਗੱਦੀ

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ 21 ਅਗਸਤ 1959 ਵਿਚ ਜੋਤੀ ਜੋਤ ਸਮਾਣ ਤੋਂ ਬਾਅਦ 22 ਅਗਸਤ 1959 ਨੂੰ ਬਾਬਾ ਜਗਜੀਤ ਸਿੰਘ ਜੀ ਨੂੰ, ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਗੁਰਗੱਦੀ ਦਾ ਵਾਰਸ ਮੰਨ ਕੇ ਛੋਟੇ ਵੀਰ ਬਾਬਾ ਬੀਰ ਸਿੰਘ ਜੀ ਨੇ ਆਪ ਲਈ ਆਸਣ ਵਿਛਾਇਆ ਤੇ ਬਾਬਾ ਜਗਜੀਤ ਸਿੰਘ ਜੀ ਸਤਿਗੁਰੂ ਰੂਪ ਵਿਚ ਉਸ ਆਸਣ ਉਪਰ ਸੁਸ਼ੋਭਤ ਹੋਏ। ਬਾਬਾ ਬੀਰ ਸਿੰਘ ਜੀ, ਮਹਾਰਾਜ ਜੰਗ ਸਿੰਘ ਜੀ, ਮਹਾਰਾਜ ਨਿਹਾਲ ਸਿੰਘ ਜੀ ਤੇ ਹੋਰ ਸੰਗਤਾਂ ਨੇ ਆਪ ਦੇ ਸਿੱਖ ਹੋਣ ਤੇ ਰੂਪ ਵਿਚ ਮੱਥਾ ਟੇਕਿਆ।

## ਸਤਕਾਰਾਂ

ਦਸ ਸਤੰਬਰ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਭੋਗ ਸਮੇਂ ਭੈਣੀ ਸਾਹਿਬ ਵਿਚ ਜੋ ਸਮਾਰੋਹ ਹੋਇਆ ਉਸ ਵਿਚ ਸਭ ਧਰਮਾਂ ਦੇ ਅਤੇ ਸਭ ਸਮਾਜਕ ਤੇ ਰਾਜਨੀਤਕ ਸੰਸਥਾਵਾਂ ਦੇ ਮੁਖੀ



Sri Satguru Jagjit Singh Ji Elibrary NamdhariElibrary@gmail.com

ਉਪਸਥਿਤ ਸਨ। ਸਤਿਗੁਰੂ ਪਰਤਾਪ ਸਿੰਘ ਜੀ ਦੇ ਅਨਿੰਨ ਭਗਤ ਤੇ ਨਿਕਟਵਰਤੀ ਸੰਤ ਭਾਈ ਵਜ਼ੀਰ ਸਿੰਘ ਜੀ ਨੇ ਪੰਥ ਵਲੋਂ ਆਪ ਜੀ ਨੂੰ ਦਸਤਾਰ ਭੇਟ ਕੀਤੀ। ਉਪਰੰਤ ਸਭ ਸੰਸਥਾਵਾਂ ਦੇ ਮੁਖੀਆਂ ਨੇ ਦਸਤਾਰਾਂ ਭੇਟ ਕੀਤੀਆਂ ਤੇ ਸੰਗਤਾਂ ਨੇ ਮੱਥਾ ਟੇਕਿਆ।

**ਸਵਾ ਸਵਾ ਲੱਖ ਪਾਠ**

ਸਤਿਗੁਰੂ ਪਰਤਾਪ ਸਿੰਘ ਜੀ ਨੇ ਅੰਤਿਮ ਸਮੇਂ ਬਾਬਾ ਜਗਜੀਤ ਸਿੰਘ ਜੀ ਨੂੰ ਹੁਕਮ ਕੀਤਾ ਸੀ ਕਿ "ਭਾਵੇਂ ਕੋਠਿਆਂ ਦੀਆਂ ਕੜੀਆਂ ਵਿਕ ਜਾਣ"-ਪਰ ਸ਼ੁਰੂ ਕੀਤੇ ਹੋਏ ਆਦਿ ਗ੍ਰੰਥ ਸਾਹਿਬ ਜੀ ਦੇ ਸਵਾ ਲੱਖ ਪਾਠ ਜ਼ਰੂਰ ਸੰਪੂਰਨ ਕਰਨੇ।

ਸੋ ਬਾਬਾ ਜਗਜੀਤ ਸਿੰਘ ਜੀ ਨੇ ਸਤਿਗੁਰੂ ਰੂਪ ਵਿਚ ਗੱਦੀ ਸੰਭਾਲਦਿਆਂ ਹੀ ਪਹਿਲੇ ਕੰਮ ਵਜੋਂ ਸਵਾ ਲੱਖ ਪਾਠਾਂ ਨੂੰ ਸੰਪੂਰਨ ਕਰਵਾ ਕੇ ਉਨ੍ਹਾਂ ਦਾ ਭੋਗ ਪਵਾਇਆ। ਉਸ ਤੋਂ ਬਾਅਦ ਆਪ ਨੇ ਹੋਰ ਸਵਾ ਲੱਖ ਪਾਠ ਆਪਣੇ ਵੱਲੋਂ ਕਰਵਾ ਕੇ ਉਨ੍ਹਾਂ ਦੇ ਭੋਗ ਪਾਏ ਅਤੇ ਇਸ ਵੇਲੇ ਆਪ ਜੀ ਵੱਲੋਂ ਤੀਸਰੀ ਵਾਰ ਸਵਾ ਲੱਖ ਪਾਠਾਂ ਦੀ ਲੜੀ ਚਲ ਰਹੀ ਹੈ।

ਇਸ ਤੋਂ ਇਲਾਵਾ ਆਪ ਜੀ ਨੇ ਸਵਾ ਲੱਖ ਪਾਠ ਚੰਡੀ ਦੀ ਵਾਰ ਦੇ ਵੀ ਕਰਵਾਏ।

**ਆਪਦੇ ਖਾਸ ਗੁਣ**

ਸ਼ਬਦਾਂ ਵਿਚ ਨਿਮਰਤਾ, ਸੁਭਾਅ ਵਿਚ ਨਿਆਂਸ਼ੀਲਤਾ, ਵਿਵੇਕ ਬੁੱਧੀ ਅਤੇ ਚਰਿਤ੍ਰ ਦੀ ਦ੍ਰਿੜ੍ਹਤਾ ਕਾਰਨ ਆਪ ਨੇ ਗੁਰਗੱਦੀ ਸੰਭਾਲਦਿਆਂ ਹੀ ਘਰ ਅੰਦਰ ਤੇ ਬਾਹਰ ਆਪਣੀ ਪਛਾਣ ਬਣਾ ਲਈ। ਰੁੱਸਿਆਂ ਹੋਇਆਂ ਨੂੰ ਮਨਾ ਲਿਆ, ਵਿਰੋਧੀਆਂ ਨੂੰ ਦੋਸਤ ਬਣਾਇਆ, ਤੇ ਹੰਕਾਰਿਆਂ ਹੋਇਆਂ ਨੂੰ ਨਿਮਰਤਾ ਨਾਲ ਜਿੱਤ ਲਿਆ।

ਆਪ ਦੇ ਸੁਭਾਅ ਵਿਚ ਇਕ ਇਹੋ ਜਿਹਾ ਸਾਂਵਾਂਪਨ ਅਤੇ ਮਿਲਾਪੜਾਪਨ ਹੈ ਕਿ ਆਪ ਲਈ ਕੋਈ ਧਰਮ, ਕੋਈ ਸਮਾਜਕ ਸੰਸਥਾ, ਕੋਈ ਰਾਜਨੀਤਕ ਦਲ ਪਰਾਇਆ ਨਹੀਂ। ਇਸ ਲਈ ਹਰ ਸੰਸਥਾ ਤੇ ਹਰ ਅੰਦੋਲਣ ਵਾਲੇ ਆਪ ਨੂੰ ਆਪਣਾ ਸਮਝ ਕੇ ਬੁਲਾਉਂਦੇ ਤੇ ਆਪਣੇ ਆਪ ਨੂੰ ਜਾਂ ਅੰਦੋਲਣ ਨੂੰ ਸਾਰਥਕ ਸਮਝਦੇ ਹਨ।

ਜਦੋਂ ਆਪ ਨੇ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲੀ ਉਨ੍ਹਾਂ ਦਿਨਾਂ ਵਿਚ ਵਿਸ਼ਵ ਸ਼ਾਂਤੀ ਅੰਦੋਲਣ ਚੱਲ ਰਿਹਾ ਸੀ। ਏਥੇ ਉਸ ਦੀ ਮੁਖ ਸੰਚਾਲਕ-ਧਿਰ ਭਾਰਤ ਦੀ ਕੰਮਿਊਨਿਸਟ ਪਾਰਟੀ ਸੀ। ਸਤਿਗੁਰੂ ਜਗਜੀਤ ਸਿੰਘ ਜੀ ਕੂਕਾ ਅੰਦੋਲਣ ਦੇ ਸੁਭਾਅ, ਚਰਿਤ੍ਰ ਤੇ ਇਤਿਹਾਸ ਪੱਖੋਂ ਕਾਂਗਰਸ ਦੇ ਨੇੜੇ ਸਨ। ਤਾਂ ਵੀ ਆਪ ਨੇ ਵਿਸ਼ਵ-ਸ਼ਾਂਤੀ ਅੰਦੋਲਣ ਨੂੰ ਆਪਣਾ ਭਰਪੂਰ ਸਹਿਯੋਗ ਦਿੱਤਾ ਤੇ ਉਸ ਦੀਆਂ ਮੁਖੀ ਜ਼ਿੰਮੇਵਾਰੀਆਂ ਸੰਭਾਲੀਆਂ।

ਉਸ ਤੋਂ ਬਾਅਦ ਗਊ ਰਖਸ਼ਾ ਅੰਦੋਲਣ ਸ਼ੁਰੂ ਹੋਇਆ। ਉਸ ਦੀ ਸੰਚਾਲਕ ਮੁਖੀ ਧਿਰ ਆਰ. ਐਸ. ਐਸ. ਜਾਂ ਜਨ ਸੰਘ ਸੀ। ਸਤਿਗੁਰੂ ਜਗਜੀਤ ਸਿੰਘ ਜੀ ਨੇ ਉਸ ਅੰਦੋਲਣ ਵਿਚ ਵੀ ਵਧ ਚੜ੍ਹ ਕੇ ਹਿੱਸਾ ਲਿਆ। ਗਊ ਵੰਸ਼ ਦੀ ਸੇਵਾ ਲਈ ਸਥਾਪਤ ਗੋ ਸੰਵਰਧਨ ਸਮਿਤੀ ਵੱਲੋਂ ਸਤਿਗੁਰੂ ਜਗਜੀਤ ਸਿੰਘ ਜੀ ਨੂੰ 'ਗੋਪਾਲ ਰਤਨ' ਦਾ ਸਨਮਾਨ ਭੇਟ ਕੀਤਾ ਗਿਆ।

ਉਸੇ ਦੌਰਾਨ ਵਿਸ਼ਵ-ਧਰਮ ਦੀ ਸਾਂਝ ਤੇ ਏਕਤਾ ਲਈ ਵਿਸ਼ਵ-ਧਰਮ ਅੰਦੋਲਣ ਚੱਲ ਰਿਹਾ ਸੀ—ਜਿਸ ਦੇ ਪ੍ਰੇਰਕ ਮਹਾਰਾਜ ਕਿਰਪਾਲ ਸਿੰਘ ਜੀ ਰਾਧਾ ਸਵਾਮੀ ਅਤੇ ਮੁਨੀ ਸੁਸ਼ੀਲ ਕੁਮਾਰ ਜੈਨ ਮਤ ਵਾਲੇ ਸਨ। ਸਤਿਗੁਰੂ ਜਗਜੀਤ ਸਿੰਘ ਜੀ ਨੇ ਏਸ ਅੰਦੋਲਣ ਵਿਚ ਵੀ ਪੂਰਾ ਹਿੱਸਾ ਲਿਆ।

ਇਸ ਦੇ ਨਾਲ ਨਾਲ ਹੀ ਉਸ ਸਮੇਂ ਵਿਸ਼ਵ ਸ਼ਾਕਾਹਾਰ ਅੰਦੋਲਣ ਚਲ ਰਿਹਾ ਸੀ। ਸਾਰੇ ਮੁਲਕਾਂ ਦੇ ਸ਼ਾਕਾਹਾਰੀ ਇਕ ਮੰਚ ਉਪਰ ਇਕੱਠੇ ਹੋ ਰਹੇ ਸਨ। ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਅੰਦੋਲਣ ਨੂੰ ਵੀ ਆਪਣਾ ਸੰਪੂਰਨ ਯੋਗਦਾਨ ਦਿੱਤਾ।

ਇਸ ਸਾਰੇ ਯੋਗਦਾਨ ਤੇ ਇਨ੍ਹਾਂ ਅੰਦੋਲਣਾਂ ਨਾਲ ਆਪਣੀ ਸਾਂਝ ਜਤਾਣ ਦਾ ਇੱਕੋ ਕਾਰਨ ਸੀ—ਕਿ ਵੱਖ ਵੱਖ ਨਾਵਾਂ, ਵੱਖ ਵੱਖ ਝੰਡਿਆਂ ਤੇ ਵੱਖ ਵੱਖ ਵਿਅਕਤੀਆਂ ਜਾਂ ਸੰਸਥਾਵਾਂ ਵੱਲੋਂ ਚੱਲਣ ਵਾਲੇ ਇਹ ਸਾਰੇ ਅੰਦੋਲਣ ਬੁਨਿਆਦੀ ਰੂਪ ਵਿਚ 'ਲੋਕ ਕਲਿਆਣ' ਦਾ ਸੁਨੇਹਾ ਦੇਂਦੇ ਸਨ, ਅਮਨ-ਅਹਿੰਸਾ ਤੇ ਅਧਿਆਤਮਕ ਜੀਵਨ ਲਈ ਜਤਨਸ਼ੀਲ ਸਨ।

**ਮਾਤ ਭਾਸ਼ਾ ਤੇ ਨਾਮਧਾਰੀ**

1857 ਵਿਚ ਆਜ਼ਾਦੀ ਦਾ ਅੰਦੋਲਣ ਸ਼ੁਰੂ ਕਰਨ ਵੇਲੇ ਸਤਿਗੁਰੂ ਰਾਮ ਸਿੰਘ ਜੀ ਨੇ ਅੰਗ੍ਰੇਜ਼ੀ ਵਿੱਦਿਆ ਤੇ ਬਦੇਸ਼ੀ ਵਸਤਾਂ ਦੇ ਬਾਈਕਾਟ ਦਾ ਰਾਹ ਅਪਣਾਇਆ ਸੀ। ਹਿੰਦੁਸਤਾਨ ਭਰ ਵਿਚ ਅੰਗ੍ਰੇਜ਼ਾਂ ਦੇ ਖ਼ਿਲਾਫ਼ ਜਿੰਨੀਆਂ ਵੀ ਲਹਿਰਾਂ ਚੱਲੀਆਂ-ਹਿੰਦੁਸਤਾਨ ਦੇ ਜਿਨ੍ਹਾਂ ਸੂਬਿਆਂ ਵਿਚ ਵੀ ਚੱਲੀਆਂ-ਉਨ੍ਹਾਂ ਨਾਲੋਂ ਕੂਕਾ ਲਹਿਰ ਇਸ ਪੱਖ ਤੋਂ ਵਿਲੱਖਣ ਤੇ ਆਪਣੇ ਆਪ ਵਿਚ ਇਕੱਲੀ ਲਹਿਰ ਸੀ-ਜਿਸ ਨੇ ਮੁੱਢ ਵਿਚ ਹੀ ਅੰਗ੍ਰੇਜ਼ੀ ਤਾਲੀਮ ਦਾ ਬਾਈਕਾਟ ਕੀਤਾ ਤੇ ਮਾਤ ਭਾਸ਼ਾ ਨੂੰ ਅਪਨਾਉਣ ਦਾ ਜਤਨ ਕੀਤਾ।

ਹਿੰਦੁਸਤਾਨ ਦੇ ਬਾਕੀ ਸਾਰੇ ਹਿੱਸਿਆਂ ਵਿੱਚ ਅੰਗ੍ਰੇਜ਼ ਦੇ ਖਿਲਾਫ਼ ਜਿਹੜੀਆਂ ਮੁੱਢਲੀਆਂ ਲੜਾਈਆਂ ਹੋਈਆਂ-ਉਨ੍ਹਾਂ ਵਿਚ ਅੰਗ੍ਰੇਜ਼ੀ ਤਾਲੀਮ ਦੀ ਹਮਾਇਤ ਜਾਂ ਵਿਰੋਧ ਦਾ ਓਦੋਂ ਤਕ ਕੋਈ ਸਵਾਲ ਹੀ ਨਹੀਂ ਸੀ। ਹਿੰਦੁਸਤਾਨ ਦੀਆਂ ਰਿਆਸਤਾਂ ਦੇ ਰਾਜੇ ਅੰਗ੍ਰੇਜ਼ਾਂ ਦੀ ਈਸਟ ਇੰਡੀਆ ਕੰਪਨੀ ਦੇ ਹਮਲਿਆਂ ਦੇ ਖ਼ਿਲਾਫ਼ ਲੜਦੇ ਰਹੇ ਤੇ ਹਾਰਦੇ ਰਹੇ। ਅਤੇ ਜਿਉਂ ਜਿਉਂ ਈਸਟ ਇੰਡੀਆ ਕੰਪਨੀ ਜਾਂ ਬਾਅਦ ਵਿਚ ਸਿੱਧੀ ਇੰਗਲਿਸਤਾਨ ਦੀ ਮਲਿਕਾ ਦੀ ਸਰਕਾਰ ਸਥਾਪਤ ਹੁੰਦੀ ਗਈ ਤਿਉਂ ਤਿਉਂ ਹਰ ਸੂਬੇ ਹਰ ਰਿਆਸਤ ਦੇ ਮੋਹਰੀਆਂ ਨੇ ਸਭ ਤੋਂ ਪਹਿਲਾਂ ਅੰਗ੍ਰੇਜ਼ੀ ਤਾਲੀਮ ਨੂੰ ਖ਼ੁਸ਼ੀ ਖ਼ੁਸ਼ੀ ਅਪਣਾਇਆ। ਉਨ੍ਹਾਂ ਸਾਰੇ ਇਲਾਕਿਆਂ ਵਿਚ ਵੀਹਵੀਂ ਸਦੀ ਦੇ ਅਰੰਭ ਵਿਚ ਜਾ ਕੇ ਓਥੋਂ ਦੇ ਸਿਆਣਿਆਂ ਨੇ ਅੰਗ੍ਰੇਜ਼ੀ ਤਾਲੀਮ ਦੀ ਥਾਂ ਮਾਤ ਭਾਸ਼ਾ ਵਿਚ ਤਾਲੀਮ ਦੀ ਗੱਲ ਸੋਚੀ। ਇਸ ਦੌਰ ਵਿਚ ਬੰਗਾਲ ਨੇ ਗੁਰੁਦੇਵ ਰਵੀਂਦ੍ਰ ਨਾਥ ਟੈਗੋਰ ਦੀ ਅਗਵਾਈ ਵਿਚ ਪਹਿਲਾ ਜਤਨ ਅਰੰਭਿਆ। ਪਰ ਸਤਿਗੁਰੂ ਰਾਮ ਸਿੰਘ ਜੀ ਦੇ ਕੂਕਾ ਅੰਦੋਲਣ ਦਾ ਸ੍ਰੀ ਗਣੇਸ਼ ਹੀ ਅੰਗ੍ਰੇਜ਼ੀ ਤਾਲੀਮ ਦੇ ਬਾਈਕਾਟ ਅਤੇ ਪੰਜਾਬੀ ਭਾਸ਼ਾ ਵਿਚ ਵਿੱਦਿਆ ਹਾਸਿਲ ਕਰਨ ਦੀ ਪ੍ਰੇਰਨਾ ਨਾਲ ਹੋਇਆ।

**ਭਾਸ਼ਾ ਧਰਮ ਨਹੀਂ ਹੁੰਦੀ**

ਆਜ਼ਾਦੀ ਤੋਂ ਬਾਅਦ ਜਿਹੜੀ



Sri Satguru Jagjit Singh Ji Elibrary NamdhariElibrary@gmail.com

ਸਰਕਾਰ ਬਣੀ ਉਸ ਨੇ ਵੀ ਅੰਗ੍ਰੇਜ਼ਾਂ ਨੂੰ ਤਾਂ ਵਿਦਾ ਕਰ ਦਿੱਤਾ ਪਰ ਅੰਗ੍ਰੇਜ਼ੀ ਭਾਸ਼ਾ ਨੂੰ ਹਿੱਕ ਨਾਲ ਲਾ ਲਿਆ। ਨਤੀਜਾ ਇਹ ਹੋਇਆ ਕਿ ਅੰਗ੍ਰੇਜ਼ਾਂ ਦੇ ਜਾਣ ਦੇ ਬਾਅਦ ਆਜ਼ਾਦ ਹਿੰਦੁਸਤਾਨ ਵਿਚ ਵੀ ਸਭ ਸੁਖ-ਸਹੂਲਤਾਂ ਤੇ ਉਚੇ ਅਹੁਦੇ ਅੰਗ੍ਰੇਜ਼ੀ ਪੜ੍ਹਿਆਂ ਲਈ ਰਾਖਵੇਂ ਹੋ ਗਏ ਤੇ ਉਨ੍ਹਾਂ ਦਾ ਪਰਤਾਪ-ਪ੍ਰਭਾਵ ਜ਼ਿੰਦਗੀ ਦੇ ਹਰ ਖੇਤਰ ਵਿਚ ਵਧਦਾ ਹੀ ਗਿਆ।

ਹੌਲੀ ਹੌਲੀ ਸਥਿਤੀ ਇਹ ਬਣ ਗਈ ਕਿ ਅੰਗ੍ਰੇਜ਼ੀ ਭਾਸ਼ਾ ਬਦੇਸ਼ੀ ਨਹੀਂ ਸਗੋਂ ਹਿੰਦੁਸਤਾਨ ਦੀ ਆਪਣੀ ਭਾਸ਼ਾ ਬਣੀ ਹੈ। ਇਸ ਹਾਲਤ ਵਿਚ ਨਾਮਧਾਰੀਆਂ ਨੂੰ ਵੀ ਸੋਚਣਾ ਪਿਆ ਤੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਿਰਣਾ ਕੀਤਾ ਕਿ ਆਜ਼ਾਦ ਹਿੰਦੁਸਤਾਨ ਵਿਚ ਆਪਣੇ ਆਪ ਨੂੰ ਅੰਗ੍ਰੇਜ਼ੀ ਤਾਲੀਮ ਦੇ ਵਿਰੋਧ ਵਿਚ ਖੜ੍ਹਿਆਂ ਰੱਖਣ ਦਾ ਹੁਣ ਕੋਈ ਕਾਰਨ ਨਹੀਂ। ਅੰਗ੍ਰੇਜ਼ ਜਾ ਚੁੱਕੇ ਹਨ ਪਰ ਅੰਗ੍ਰੇਜ਼ੀ ਮੋਹਰੀ ਭਾਸ਼ਾ ਦੇ ਰੂਪ ਵਿਚ ਕਾਇਮ ਹੈ—ਠੀਕ ਓਵੇਂ ਹੀ ਜਿਵੇਂ ਅੰਗ੍ਰੇਜ਼ਾਂ ਤੋਂ ਪਹਿਲਾਂ ਫ਼ਾਰਸੀ ਦਰਬਾਰੀ ਜਾਂ ਸਰਕਾਰੀ ਭਾਸ਼ਾ ਸੀ!

ਅਜੋਕੇ ਹਾਲਾਤ ਵਿਚ ਕੂਕਿਆਂ ਨੂੰ ਸਰਕਾਰੀ ਨੌਕਰੀਆਂ ਤੋਂ ਵਿਰਵਿਆਂ ਰੱਖਣ, ਜਾਂ ਭਾਰਤ ਦੀ ਆਰਥਿਕ, ਵਿਗਿਆਨਕ ਤੇ ਤਕਨੀਕੀ ਤਰੱਕੀ ਤੋਂ ਆਪਣੇ ਆਪ ਨੂੰ ਬੇਸਰੋਕਾਰ ਰੱਖਣ ਦਾ ਅਰਥ ਇਹ ਹੋਵੇਗਾ ਕਿ ਕੂਕੇ ਹਿੰਦੁਸਤਾਨ ਦੀ ਸਮੁੱਚੀ ਤਰੱਕੀ ਤੇ ਖ਼ੁਸ਼ਹਾਲੀ ਦੀ ਧਾਰਾ ਤੋਂ ਛੁਟਕ ਜਾਣ। ਇਹ ਕਿਸੇ ਵੀ ਪੱਖ ਤੋਂ ਮੁਨਾਸਿਬ ਨਹੀਂ। ਖਾਸ ਕਰਕੇ ਇਹ ਸਮਝ ਦੇ ਹੁੰਦਿਆਂ ਹੋਇਆ ਕਿ ਕੋਈ ਵੀ ਭਾਸ਼ਾ ਆਪਣੀ ਹੋਂਦ ਦੇ ਕੇਵਲ ਇਸ ਸੁਭਾਅ ਕਾਰਨ ਵਧਦੀ ਫੁਲਦੀ ਹੈ ਕਿ ਉਹ ਆਪਸੀ ਬੋਲ ਚਾਲ ਦਾ ਮਾਧਿਅਮ ਭਰ ਹੈ। ਉਹ ਕੋਈ ਧਰਮ ਨਹੀਂ। ਭਾਸ਼ਾ ਲੋੜ ਅਨੁਸਾਰ ਆਉਂਦੀਆਂ ਜਾਂਦੀਆਂ ਹਨ। ਅੰਗ੍ਰੇਜ਼ਾਂ ਵੇਲੇ ਅੰਗ੍ਰੇਜ਼ੀ ਦਾ ਵਿਰੋਧ ਇਸ ਲਈ ਜ਼ਰੂਰੀ ਸੀ ਕਿ ਇਹ ਅੰਗ੍ਰੇਜ਼ਾਂ ਦੇ ਰਾਜ ਨੂੰ ਭਾਰਤ ਵਿਚ ਜਮਾਉਣ ਦਾ ਸਭ ਤੋਂ ਵੱਡਾ ਸਾਧਨ ਬਣ ਰਹੀ ਸੀ।

ਸੋ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਸਮਾਜ ਨੂੰ ਉੱਨਤ ਕਰਨ ਲਈ ਤੇ ਦੂਜੇ ਸਮਾਜਾਂ ਦੇ ਬਰਾਬਰ ਲਿਆਉਣ ਲਈ ਸ੍ਰੀ ਭੈਣੀ ਸਾਹਿਬ ਅਤੇ ਦਿੱਲੀ ਦੇ ਨਾਮਧਾਰੀ ਵਿਦਿਆਲਿਆਂ ਵਿਚ ਅੰਗ੍ਰੇਜ਼ੀ ਭਾਸ਼ਾ ਨੂੰ ਤਾਲੀਮ ਦਾ ਮਾਧਿਅਮ ਬਣਾਉਣਾ ਮਨਜ਼ੂਰ ਕਰ ਲਿਆ ਹੈ। ਸ੍ਰੀ ਜੀਵਨ ਨਗਰ ਡਿਗਰੀ ਕਾਲਜ ਬਣਾ ਦਿੱਤਾ ਗਿਆ ਹੈ ਤੇ ਸਤਿਗੁਰੂ ਨਾਮਧਾਰੀਆਂ ਨੂੰ ਉੱਚੀ ਤੋਂ ਉੱਚੀ ਤਾਲੀਮ ਹਾਸਿਲ ਕਰਨ ਦੀ ਪ੍ਰੇਰਨਾ ਦੇ ਰਹੇ ਹਨ।

## ਆਤਮ ਵਿਸ਼ਵਾਸ ਨਾਲ ਤਰੱਕੀ ਕਰੋ

ਸਤਿਗੁਰੂ ਜਗਜੀਤ ਸਿੰਘ ਜੀ ਨੇ ਜੋ ਇਕ ਚਮਤਕਾਰ ਪੂਰਨ ਕੰਮ ਕੀਤਾ ਹੈ ਉਹ ਹੈ ਨਾਮਧਾਰੀ ਸਮਾਜ ਵਿਚ ਜ਼ਿੰਦਗੀ ਦੇ ਪ੍ਰਤੀ ਆਤਮ ਵਿਸ਼ਵਾਸ ਜਗਾਉਣਾ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਜਿੱਥੇ ਵੀ ਕੋਈ ਨਾਮਧਾਰੀ ਰਹਿੰਦਾ ਹੈ ਉਥੇ ਹੀ ਉਸ ਨੂੰ ਆਪਣਾ ਕਾਰੋਬਾਰ ਜਮਾਉਣ ਤੇ ਵਧਾਉਣ ਲਈ ਉਤਸ਼ਾਹਿਤ ਕੀਤਾ ਹੈ ਉਸਦੀ ਹਰ ਲੋੜੀਂਦੀ ਸਹਾਇਤਾ ਕੀਤੀ ਹੈ। ਇਸ ਵਿਸ਼ਵਾਸ ਨਾਲ ਸੋਹਣੇ-ਸੁਥਰੇ ਘਰ ਬਣਾਉਣ ਲਈ ਪ੍ਰੇਰਤ ਕੀਤਾ ਹੈ ਕਿ ਇਹ ਘਰ ਅੱਜ ਤੁਹਾਡੇ ਅਤੇ ਕੱਲ ਤੁਹਾਡੀ ਸੰਤਾਨ ਦੇ ਰਹਿਣ ਲਈ ਹਨ।

## ਉੱਨਤ ਖੇਤੀ, ਬਾਗਬਾਨੀ

ਸਤਿਗੁਰੂ ਜਗਜੀਤ ਸਿੰਘ ਜੀ ਨੇ ਸ੍ਰੀ ਜੀਵਨ ਨਗਰ ਜ਼ਿਲ੍ਹਾ ਸਿਰਸਾ ਦੇ ਇਲਾਕੇ ਵਿਚ ਇਕੱਠੇ ਵਸਦੇ ਪੰਝੀ ਤੀਹ ਪਿੰਡਾਂ ਦੇ ਨਾਮਧਾਰੀਆਂ ਨੂੰ ਉੱਨਤ ਖੇਤੀ ਦੀ ਪ੍ਰੇਰਨਾ ਦੇ ਕੇ ਉਨ੍ਹਾਂ ਦੀ ਆਮਦਨ ਤੇ ਜੀਵਨ ਪੱਧਰ ਵਿਚ ਭਾਰੀ ਵਾਧਾ ਕੀਤਾ ਹੈ। ਉਥੇ ਪਹਿਲਾਂ ਕੇਵਲ ਅਨਾਜ ਤੇ ਕੁਝ ਹੋਰ ਫ਼ਸਲਾਂ ਦੀ ਉਪਜ ਹੀ ਹੁੰਦੀ ਸੀ। ਸਤਿਗੁਰਾਂ ਨੇ ਕਿਸਾਨਾਂ ਨੂੰ ਅਨਾਜ ਦੇ ਨਾਲ ਨਾਲ ਬਾਗਬਾਨੀ ਲਈ ਉਤਸ਼ਾਹਤ ਕੀਤਾ ਹੈ।

ਬਾਗਬਾਨੀ ਵਿਚ ਆਪ ਜੀ ਦੀ ਵਿਸ਼ੇਸ਼ ਰੁਚੀ ਰਹੀ ਹੈ। ਸ੍ਰੀ ਜੀਵਨ ਨਗਰ ਜੈਸੇ ਇਲਾਕੇ ਵਿਚ ਜਿਥੇ ਸਾਧਾਰਨ ਖੇਤੀ ਵੀ ਕਿਸੇ ਸਮੇਂ ਔਖੀ ਹੁੰਦੀ ਸੀ ਉਥੇ ਕੀਨੋਆਂ ਦੇ ਬਾਗ ਲਗਾਏ। ਸਰਕਾਰੀ ਭਾਈਚਾਰੇ ਦੇ ਵਿਚਾਰ ਸਨ ਕਿ ਇਸ ਧਰਤੀ ਵਿਚ <u>ਤਜਵਗਚਰ ਸਗਚਜਵ</u> ਦੀ ਖੇਤੀ ਹੋ ਹੀ ਨਹੀਂ ਸਕਦੀ। ਪਰੰਤੂ ਆਪ ਨੇ ਸਫ਼ਲਤਾ ਪੂਰਵਕ ਕੀਨੋਆਂ ਦੀ ਫਸਲ ਉਪਜਾ ਕੇ ਭਰਪੂਰ ਫਲ ਲਏ। ਇਸੇ ਤਰ੍ਹਾਂ ਇਲਾਕੇ ਵਿਚ ਅੰਗੂਰਾਂ ਦੇ ਬਹੁਤ ਸਾਰੇ ਬਾਗ ਲਗਵਾ ਕੇ ਕਿਸਾਨਾਂ ਦੀ ਆਮਦਨ ਵਿਚ ਵਾਧਾ ਕੀਤਾ। ਅੰਗੂਰਾਂ ਦੀ ਖੇਤੀ ਵਿਚ ਵਿਸ਼ੇਸ਼ ਪ੍ਰਯੋਗ ਕਰਵਾ ਕੇ 24% Sugr Contents ਤਕ ਦੇ ਅੰਗੂਰ ਪੈਦਾ ਕਰਵਾਏ ਹਨ।

ਨਾਮਧਾਰੀ ਫ਼ਾਰਮਸ ਬੰਗਲੌਰ ਵਿਚ ਠਾਕੁਰ ਉਦੇ ਸਿੰਘ ਨੂੰ ਭੇਜ ਬੀਜਾਂ ਦੀ ਉਪਜ ਕਰਵਾ ਕੇ ਵਿਦੇਸ਼ਾਂ ਨੂੰ ਭਾਰੀ ਮਾਤਰਾ ਵਿਚ epxport ਕਰਵਾ ਰਹੇ ਹਨ।

ਬੰਗਲੌਰ ਵਿਚ ਕਰੀਬ 40 ਤੋਂ ਵੱਧ ਕਿਸਮਾਂ ਦੇ ਅੰਬਾਂ, ਨਾਰੀਅਲ, ਅਨਾਨਾਸ, ਤਰਬੂਜ਼, ਖਰਬੂਜ਼ੇ, ਟਮਾਟਰ ਆਦਿ ਦੀ ਉਪਜ ਹੋ ਰਹੀ ਹੈ।

## ਸ੍ਰੀ ਭੈਣੀ ਸਾਹਿਬ ਦੀ ਉਸਾਰੀ

ਸ੍ਰੀ ਭੈਣੀ ਸਾਹਿਬ ਵਿਖੇ ਸਾਲਾਨਾ ਮੇਲਿਆਂ ਦੀ ਗੱਲ ਤਾਂ ਦੂਰ, ਆਮ ਦਿਨਾਂ ਵਿਚ ਵੀ ਦਸ-ਵੀਹ ਆਦਮੀਆਂ ਦੇ ਰਹਿਣ ਲਈ ਕੋਈ ਮੁਨਾਸਿਬ ਥਾਂ ਨਹੀਂ ਸੀ। ਸਤਿਗੁਰੂ ਜਗਜੀਤ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਅੰਦਰ ਵੱਡੀ ਗਿਣਤੀ ਵਿਚ ਆਧੁਨਿਕ ਸੁਖ-ਸਹੂਲਤਾਂ ਵਾਲੇ ਘਰ ਬਣਵਾ ਦਿਤੇ ਹਨ। ਇਨ੍ਹਾਂ ਘਰਾਂ ਤੋਂ ਇਲਾਵਾ ਆਪ ਨੇ ਸਤਿਗੁਰੂ ਪਰਤਾਪ ਸਿੰਘ ਸਿਮਰਤੀ ਮੰਦਿਰ ਬਣਵਾਇਆ ਹੈ—ਜੋ ਆਪਣੇ ਰੂਪ, ਦਿੱਖ ਤੇ ਆਕਾਰ ਪ੍ਰਕਾਰ ਵੱਲੋਂ ਸਾਰੇ ਏਸ਼ੀਆ ਵਿਚ ਨਿਵੇਕਲਾ ਸਥਾਨ ਰੱਖਦਾ ਹੈ। ਇਹ ਹਾਲ ਸੌ ਫੁਟ ਚੌੜਾ ਤੇ ਦੋ ਸੌ ਫੁਟ ਲੰਮਾ ਹੈ। ਇਸਦੀ ਖੂਬੀ ਇਹ ਹੈ ਕਿ ਇਹਦੀ ਛੱਤ ਰੋੜੀ ਬਜਰੀ ਤੇ ਸੀਮੇਂਟ ਦੀ ਹੋਣ ਦੇ ਬਾਵਜੂਦ ਇਹਦੇ ਹੇਠਾਂ ਕੋਈ ਥੰਮ੍ਹਾ (ਪਿਲਰ) ਨਹੀਂ ਹੈ।

ਇਹ ਸਤਿਗੁਰੂ ਜਗਜੀਤ ਸਿੰਘ ਜੀ ਦੇ ਚੁੰਬਕੀ ਵਿਅਕਤਿਤ੍ਵ ਦਾ ਹੀ ਨਤੀਜਾ ਹੈ ਕਿ ਪੰਜਾਬ ਸਰਕਾਰ ਵੱਲੋਂ ਸ੍ਰੀ ਭੈਣੀ ਸਾਹਿਬ ਦੇ ਵਿਕਾਸ ਲਈ ਯੋਜਨਾ ਬਣਾਈ ਗਈ ਹੈ ਅਤੇ ਉਥੇ ਹੀ ਹਿੰਦੁਸਤਾਨ ਦਾ ਇਕ ਸ੍ਰੇਸ਼ਟ ਖੇਡ ਸਟੇਡੀਅਮ ਬਣਾਨ ਬਾਰੇ ਵੀ ਸੋਚਿਆ ਜਾ ਰਿਹਾ ਹੈ।

ਸ੍ਰੀ ਭੈਣੀ ਸਾਹਿਬ ਵਿਚ ਇਕ ਸਰੋਵਰ ਹੈ—ਜੋ ਆਮ ਤੌਰ ਤੇ ਅਣਗੌਲਿਆ ਹੀ ਰਹਿੰਦਾ ਸੀ। ਉਸ ਰਾਮ ਸਰੋਵਰ ਨੂੰ ਆਧੁਨਿਕ ਤਕਨੀਕ ਨਾਲ ਐਸਾ ਦਰਸ਼ਨੀਯ ਤੇ ਪਵਿੱਤਰ ਰੂਪ



Sri Satguru Jagjit Singh Ji Elibrary NamdhariElibrary@gmail com

ਦਿੱਤਾ ਹੈ ਕਿ ਉਹ ਵੀ ਦਿੱਖ ਤੇ ਲੋੜ ਪੂਰਤੀ ਦੇ ਪੱਖੋਂ ਆਪਣੀ ਮਿਸਾਲ ਆਪ ਹੈ। ਇਸ ਸਰੋਵਰ ਦਾ ਡੀਜ਼ਾਇਨ ਇਸ ਤਰ੍ਹਾਂ ਬਣਾਇਆ ਗਿਆ ਹੈ ਕਿ ਇਹਦੇ ਵਿਚ ਬਾਹਰੋਂ ਜਲ ਨਾ ਲੈ ਕੇ ਧਰਤੀ ਦੇ ਹੇਠੋਂ ਹੀ ਸਿੱਧਾ ਪ੍ਰਾਪਤ ਕੀਤਾ ਜਾਂਦਾ ਹੈ। ਇਸ ਕੰਮ ਲਈ ਕਿਸੇ ਮਸ਼ੀਨ ਜਾਂ ਮੋਟਰ ਦੀ ਸਹਾਇਤਾ ਵੀ ਨਹੀਂ ਲਈ ਜਾਂਦੀ। ਏਸੇ ਤਰ੍ਹਾਂ ਸ੍ਰੀ ਭੈਣੀ ਸਾਹਿਬ ਦੇ ਛੱਪਰਨੁਮਾ ਗੋਲ ਮੰਦਿਰ ਨੂੰ ਅਨੂਪਮ ਰੂਪ ਦੇ ਦਿੱਤਾ ਗਿਆ ਹੈ। ਇੰਜ ਸਤਿਗੁਰੂ ਜਗਜੀਤ ਸਿੰਘ ਜੀ ਜਿਉਂ ਜਿਉਂ ਭੈਣੀ ਸਾਹਿਬ ਦੀ ਕਾਇਆ ਪਲਟਦੇ ਜਾ ਰਹੇ ਹਨ ਤਿਉਂ ਤਿਉਂ ਨਾਮਧਾਰੀ ਸਮਾਜ ਦੀ ਆਪਣੀਆਂ ਜੜ੍ਹਾਂ ਨਾਲ ਪਕੜ ਵਧਦੀ ਜਾ ਰਹੀ ਹੈ ਤੇ ਨਾਮਧਾਰੀਆਂ ਦੇ ਕਾਰੋਬਾਰ ਵਿਚ ਦਿਨ ਦੂਣੀ ਰਾਤ ਚੌਗੁਣੀ ਤਰੱਕੀ ਹੋ ਰਹੀ ਹੈ। ਅੱਜ ਇਹ ਗੱਲ ਮਾਨ ਨਾਲ ਆਖੀ ਜਾ ਸਕਦੀ ਹੈ ਕਿ ਨਾਮਧਾਰੀ ਸਮਾਜ ਦੇ ਲਗਭਗ ਸਾਰੇ ਪਰਿਵਾਰ ਧਨ ਧਾਮ ਤੇ ਵਿੱਦਿਆ ਬੁੱਧੀ ਵੱਲੋਂ ਭਰਪੂਰ ਅਤੇ ਹੋਣੀਆਂ ਭਰਪੂਰ ਜੀਵਨ ਜਿਉਂ ਰਹੇ ਹਨ।

## ਯਾਦਗਾਰਾਂ ਦੀ ਉਸਾਰੀ

ਸੰਨ 1872 ਵਿਚ ਗਊਆਂ ਦੀ ਰੱਖਿਆ ਖ਼ਾਤਰ ਜਿਨ੍ਹਾਂ ਕੂਕੇ ਸਿੰਘਾਂ ਨੇ ਸ੍ਰੀ ਅੰਮ੍ਰਿਤਸਰ, ਲੁਧਿਆਣੇ, ਰਾਏਕੋਟ ਅਤੇ ਮਲੇਰਕੋਟਲੇ ਵਿਚ ਸ਼ਹੀਦੀਆਂ ਪਾਈਆਂ ਉਨ੍ਹਾਂ ਸ਼ਹੀਦਾਂ ਦੀ ਯਾਦ ਕਾਇਮ ਰੱਖਣ ਵੱਲ ਦੇਰ ਚਿਰ ਨਾ ਪੰਜਾਬ ਦੀ ਕਿਸੇ ਸੰਸਥਾ ਨੇ ਧਿਆਨ ਦਿੱਤਾ ਨਾ ਸਰਕਾਰ ਨੇ। ਹਾਲਾਂ ਕਿ ਕੂਕਾ ਅੰਦੋਲਣ ਤੇ ਕੂਕੇ ਸਿੰਘਾਂ ਦੀਆਂ ਸ਼ਹੀਦੀਆਂ ਸਾਰੇ ਭਾਰਤ ਵਰਸ਼ ਵਿਚ ਅੰਗ੍ਰੇਜ਼ਾਂ ਵਿਰੁੱਧ ਚੱਲੇ ਕਿਸੇ ਵੀ ਤਰ੍ਹਾਂ ਦੇ ਅੰਦੋਲਣ ਜਾਂ ਸੰਘਰਸ਼ ਨਾਲੋਂ ਪਹਿਲਾਂ ਦੀਆਂ ਅਤੇ ਗੌਰਵ ਪੂਰਨ ਹਨ ਪਰ ਪੰਜਾਬ ਦੀ ਕਿਸੇ ਵੀ ਧਿਰ ਨੇ ਆਪਣੇ ਇਸ ਗੌਰਵ ਪੂਰਨ ਇਤਿਹਾਸ ਦੇ ਇਤਿਹਾਸਕ-ਪੁਰਸ਼ਾਂ ਨੂੰ ਉਹ ਸਨਮਾਨ ਨਾ ਦਿੱਤਾ ਜਿਨ੍ਹਾਂ ਨਾਲ ਸਾਰੇ ਭਾਰਤ ਵਿਚੋਂ ਪੰਜਾਬ ਦਾ ਸਿਰ ਉੱਚਾ ਦਿੱਸਦਾ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰਗੱਦੀ ਸੰਭਾਲਣ ਤੋਂ ਬਾਅਦ ਆਪਣੀ ਸੰਮੋਹਕ ਸ਼ਖ਼ਸੀਅਤ ਦੇ ਪ੍ਰਭਾਵ ਨਾਲ ਪਹਿਲਾਂ ਭਾਰਤ ਦੇ ਰੱਖਿਆ ਮੰਤ੍ਰੀ ਬਾਬੂ ਜਗਜੀਵਨ ਰਾਮ ਜੀ ਨੇ ਮਲੇਰ ਕੋਟਲਾ ਦੇ ਸ਼ਹੀਦੀ ਸਥਾਨ ਵਾਲੀ ਜ਼ਮੀਨ ਭੇਟ ਕੀਤੀ ਤੇ ਫਿਰ ਪੰਜਾਬ ਦੇ ਅਕਾਲੀ ਮੁਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਨੇ ਅੰਮ੍ਰਿਤਸਰ ਸ਼ਹੀਦਾਂ ਦੀ ਯਾਦਗਾਰ ਲਈ ਫਾਂਸੀਆਂ ਵਾਲੀ ਥਾਂ ਤੇ ਕੁਝ ਜ਼ਮੀਨ ਅਰਪਨ ਕੀਤੀ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਮਰਹੂਮ ਸ੍ਰੀ ਬੇਅੰਤ ਸਿੰਘ ਨੇ ਪੰਜਾਬ ਦੇ ਉਨ੍ਹਾਂ ਸ਼ਹੀਦ ਸਪੂਤਾਂ ਦੀ ਯਾਦਗਾਰ ਬਨਾਉਣ ਲਈ ਲੁਧਿਆਣੇ ਵਿਚ ਸ਼ਹੀਦੀ ਸਥਾਨ ਵਾਲੀ ਜ਼ਮੀਨ ਅਰਪਨ ਕੀਤੀ ਤੇ ਅੰਮ੍ਰਿਤਸਰ ਵਿਚ ਵੀ ਹੋਰ ਜ਼ਮੀਨ ਦਿੱਤੀ। ਇਸ ਤੋਂ ਇਲਾਵਾ ਸਮਾਰਕ ਬਨਾਉਣ ਲਈ ਸਰਕਾਰ ਵੱਲੋਂ ਮਾਇਕ ਸਹਾਇਤਾ ਵੀ ਭੇਟ ਕੀਤੀ।

## ਰਾਈਆਂ ਮੁੜ ਮਿਲਿਆ

ਪਿੰਡ ਰਾਈਆਂ—ਜੋ ਕਿ ਭੈਣੀ ਸਾਹਿਬ ਦੇ ਨਾਲ ਲੱਗਦਾ ਹੈ ਅਤੇ ਜਿੱਥੇ ਸਤਿਗੁਰੂ ਰਾਮ ਸਿੰਘ ਜੀ ਦਾ ਸੰਨ 1816 ਈਸਵੀ ਵਿਚ ਪ੍ਰਕਾਸ਼ ਹੋਇਆ ਸੀ—ਉਹ ਸਥਾਨ ਵੀ ਲੰਮੀ ਅਮਨ ਮਈ ਕੋਸ਼ਿਸ਼ ਬਾਦ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਨਾਮਧਾਰੀ ਪੰਥ ਨੂੰ ਮਿਲ ਗਿਆ ਹੈ ਤੇ ਹੁਣ ਉਹ ਤੀਰਥ ਸਥਲ ਦੇ ਰੂਪ ਵਿਚ ਵਿਕਸਿਤ ਹੋ ਰਿਹਾ ਹੈ।

## ਲੋੜਵੰਦਾਂ ਦੀ ਮਦਦ

ਸ੍ਰੀ ਭੈਣੀ ਸਾਹਿਬ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਕ ਬਿਰਧ ਸ਼ਾਲਾ ਬਣਾਈ ਹੈ-ਜਿਥੇ ਜੀਵਨ ਦੇ ਅੰਤਿਮ ਪਹਿਰ ਵਿਚ ਬਿਰਧ ਲੋਕ ਆਣ ਕੇ ਨਿਵਾਸ ਕਰਦੇ ਹਨ। ਉਨ੍ਹਾਂ ਦੀ ਸੇਵਾ ਹੁੰਦੀ ਹੈ, ਦਵਾ ਦਾਰੂ ਹੁੰਦਾ ਹੈ ਤੇ ਇਸ ਅਵਸਥਾ ਵਿਚ ਭਜਨ ਬੰਦਗੀ ਦਾ ਖੁੱਲ੍ਹਾ ਅਵਸਰ ਮਿਲਦਾ ਹੈ।

ਬਿਰਧਾਂ ਦੀ ਸੇਵਾ ਤੋਂ ਬਿਨਾਂ ਸਤਿਗੁਰੂ ਜੀ ਕਿਸੇ ਵੀ ਉਮਰ ਦੇ ਤੇ ਕਿਸੇ ਵੀ ਧਰਮ ਤੇ ਸੰਪਰਦਾਏ ਦੇ ਬੇਸਹਾਰਾ ਬੀਮਾਰਾਂ ਵੱਲ ਵੀ ਉਚੇਚਾ ਧਿਆਨ ਦੇਂਦੇ ਹਨ ਤੇ ਉਨ੍ਹਾਂ ਦੀ ਚੰਗੇ ਹਸਪਤਾਲਾਂ ਵਿਚ ਖਰਚ-ਖੇਚਲ ਕਰਕੇ ਇਲਾਜ ਦੀ ਵਿਵਸਥਾ ਕੀਤੀ ਜਾਂਦੀ ਹੈ।

## ਨਾਮ ਜਪਾਉਣਾ

ਅਧਿਆਤਮਕ ਪੱਖ ਤੋਂ ਸਤਿਗੁਰੂ ਦੇ ਜਿਸ ਇਕ ਮੁਖ ਕੰਮ ਦੀ ਪਰੰਪਰਾ ਚਲਦੀ ਆ ਰਹੀ ਏ ਉਹ ਕੰਮ ਹੈ ਨਾਮ ਜਪਣਾ ਤੇ ਜਪਾਉਣਾ। ਆਪ ਦਾ ਦਿਨ ਤੜਕੇ ਅੰਮ੍ਰਿਤ ਵੇਲੇ ਦੋ ਵਜੇ ਤੋਂ ਸ਼ੁਰੂ ਹੋ ਜਾਂਦਾ ਹੈ। ਨਿਤ ਕ੍ਰਿਯਾ, ਸ਼ੌਚ-ਇਸ਼ਨਾਨ, ਕਸਰਤ ਤੋਂ ਬਾਅਦ ਨਾਮ ਜਪਣਾ, ਬਾਣੀ ਪੜ੍ਹਨਾ ਤੇ ਫਿਰ ਆਸਾ ਦੀ ਵਾਰ ਕੀਰਤਨ ਰੂਪ ਵਿਚ ਸੁਣਨੀ ਨਿਤ ਦਾ ਕਾਰਜਕਰਮ ਹੈ। 'ਅਲਪ ਆਹਾਰ ਸੁਲਪ ਸੀ ਨਿਦ੍ਰਾ' ਗੁਰੂ ਵਾਕ ਅਨੁਸਾਰ ਆਪ ਕੇਵਲ ਤਿੰਨ ਕੁ ਘੰਟੇ ਸੌਂਦੇ, ਤੇ ਬਹੁਤ ਹਲਕਾ ਤੇ ਘੱਟ ਖਾਂਦੇ ਹਨ। ਸ਼ਾਮ ਨੂੰ ਆਪ ਜਿੱਥੇ ਵੀ ਹੋਣ ਸੰਗਤ ਨਾਲ ਰਲ ਕੇ ਇਕ ਘੰਟਾ ਨਾਮ ਸਿਮਰਨ ਕਰਦੇ ਤੇ ਕੀਰਤਨ ਦੀਵਾਨ ਵਿਚ ਸੰਗਤ ਨੂੰ ਦਰਸ਼ਨ ਦੇਂਦੇ ਹਨ। ਇਸ ਤੋਂ ਇਲਾਵਾ ਰੋਜ਼ ਸੈਂਕੜਿਆਂ ਲੋਕਾਂ ਨੂੰ ਦਰਸ਼ਨ ਦੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਸਮਾਧਾਨ ਕਰਦੇ ਹਨ। ਦੇਸ-ਦੇਸ ਦੀ ਸੰਗਤ ਨੂੰ ਨਾਮ ਜਪਾਉਣ ਦਾ ਜੋ ਇਕ ਹੋਰ ਵੱਡਾ ਸਿਲਸਿਲਾ ਸਤਿਗੁਰੂ ਜਗਜੀਤ ਸਿੰਘ ਜੀ ਨੇ ਸ਼ੁਰੂ ਕੀਤਾ ਹੈ ਉਹ ਸਿਲਸਿਲਾ ਹੈ ਅਖੰਡ ਵਰਨੀਆਂ ਦਾ। ਆਪ ਇਸ ਕੰਮ ਲਈ ਹੁਕਮ ਦੇਂਦੇ ਹਨ ਤੇ ਪ੍ਰੇਰਨਾ ਵੀ ਕਰਦੇ ਹਨ ਤੇ ਹਰ ਸ਼ਹਿਰ ਹਰ ਪਿੰਡ ਵਿਚ ਨਾਮ ਸਿਮਰਨ ਦੀਆਂ ਅਖੰਡ ਵਰਨੀਆਂ ਚਲ ਰਹੀਆਂ ਹਨ। ਨਾਮਧਾਰੀ ਸੰਗਤ ਆਪਣੀ ਆਦਮ ਗਿਣਤੀ ਅਨੁਸਾਰ ਰੌਲ ਦਾ ਸਮਾ ਨੀਯਤ ਕਰ ਲੈਂਦੀ ਹੈ। ਕਿਤੇ ਇਕ ਘੰਟੇ ਦੀ ਰੌਲ ਹਿੱਸੇ ਆਉਂਦੀ ਹੈ—ਕਿਤੇ ਦੋ ਘੰਟਿਆਂ ਦੀ ਤੇ ਕਿਤੇ ਇਸ ਤੋਂ ਵਧ ਵੀ।

ਕਈ ਥਾਈਂ ਤਾਂ ਛੇ ਤੋਂ ਅੱਠ ਘੰਟੇ ਰੋਜ਼ ਨਾਮ ਦਾ ਯੱਗ ਚੱਲ ਰਿਹਾ ਹੈ। ਉਨ੍ਹਾਂ ਵਰਨੀਆਂ ਦੇ ਆਸਰੇ ਹਰ ਨਾਮਧਾਰੀ ਮਾਈ ਭਾਈ ਬੁੱਚਾ ਬਾਲਾ ਇਸ ਨਾਮ-ਯੱਗ ਵਿਚ ਹਿੱਸਾ ਲੈਂਦਾ ਹੈ। ਵਰਨੀਆਂ ਦਾ ਸਿਲਸਿਲਾ ਬਦੇਸ਼ਾਂ ਵਿਚ ਵੱਸਦੇ ਨਾਮਧਾਰੀਆਂ ਵਿਚ ਵੀ ਆਪ ਨੇ ਸ਼ੁਰੂ ਕਰ ਦਿੱਤਾ ਹੈ। ਇਸ ਵੇਲੇ ਥਾਈਲੈਂਡ ਵਿਚ ਨਾਮ ਦੀ ਅਖੰਡ ਵਰਨੀ ਚਲ ਰਹੀ ਹੈ।

## ਵਿਦੇਸ਼ਾਂ ਵਿਚ

ਥਾਈਲੈਂਡ ਤੇ ਅਫ਼ਰੀਕੀ ਦੇਸ਼ਾਂ ਵਿਚ ਸਤਿਗੁਰੂ ਪਰਤਾਪ ਸਿੰਘ ਜੀ ਚਰਨ ਪਾਉਂਦੇ ਤੇ ਸੰਗਤ ਨੂੰ ਦਰਸ਼ਨ ਦੇਂਦੇ ਰਹਿੰਦੇ ਸਨ। ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਪਿਤਾ ਸਤਿਗੁਰੂ ਦੇ ਪੂਰਨਿਆਂ ਤੇ ਚੱਲਦਿਆਂ ਹੋਇਆਂ ਇਸ ਕਾਰਜ ਨੂੰ ਇੰਗਲੈਂਡ, ਕੈਨੇਡਾ ਤੇ ਅਮਰੀਕਾ ਤਕ ਵਧਾ ਲਿਆ ਹੈ। ਆਪ



Sri Satguru Jagjit Singh Ji Elibrary NamdhariElibrary@gmail.com

ਅਕਸਰ ਇਨ੍ਹਾਂ ਦੇਸ਼ਾਂ ਵਿਚ ਜਾਂਦੇ, ਸਿੱਖ-ਸੰਗਤਾਂ ਨੂੰ ਦਰਸ਼ਨ ਦੇਂਦੇ ਤੇ ਨਾਮ ਸਿਮਰਨ ਵਾਲੇ ਪਾਸੇ ਲਗਾਉਂਦੇ ਹਨ।

**ਵਿਦਿਅਕ ਜਥਾ**

ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਸਮੇਂ ਵਿਚ ਜੋ ਇਕ ਬਹੁਤ ਹੀ ਮਹੱਤਵਪੂਰਨ ਕਾਰਜ ਕੀਤਾ ਹੈ-ਉਹ ਹੈ ਨਵੀਂ ਪੀੜ੍ਹੀ ਨੂੰ ਗੁਰਮੁਖ ਜੀਵਨ ਜਿਉਣ ਵਾਲੇ ਪਾਸੇ ਲਗਾਉਣਾ। ਆਪ ਨੇ ਸੰਨ 1962 ਸਮੇਂ ਸ੍ਰੀ ਭੈਣੀ ਸਾਹਿਬ ਅੰਦਰ ਨਾਮਧਾਰੀ ਨੌਜਵਾਨਾਂ ਨੂੰ ਬੁਲਾ ਕੇ ਉਨ੍ਹਾਂ ਦਾ ਇਕ ਸੰਗਠਨ ਬਣਾਇਆ। ਉਸ ਸੰਗਠਨ ਦਾ ਨਾਮ ਰੱਖਿਆ 'ਨਾਮਧਾਰੀ ਵਿਦਿਅਕ ਜਥਾ।'

ਉਦੋਂ ਤੋਂ ਵਿਦਿਅਕ ਜਥੇ ਦੇ ਮੈਂਬਰ ਹਰ ਸਾਲ ਕਿਸੇ ਨਾ ਕਿਸੇ ਸਥਾਨ 'ਤੇ ਆਪਣਾ ਸੰਮੇਲਣ ਕਰਦੇ ਹਨ। ਸੰਮੇਲਣ ਵਿਚ ਨਾਮ ਸਿਮਰਨ ਤੇ ਕਥਾ ਕੀਰਤਨ ਤੋਂ ਇਲਾਵਾ ਕਈ ਤਰ੍ਹਾਂ ਦੇ ਕਾਰਜ ਕ੍ਰਮ ਰੱਖੇ ਜਾਂਦੇ ਹਨ। ਉਨ੍ਹਾਂ ਕਾਰਜ ਕ੍ਰਮਾਂ ਵਿਚ ਗੁਰਮਤ ਸੰਬੰਧੀ ਲੇਖ ਮੁਕਾਬਲੇ, ਭਾਸ਼ਨ ਮੁਕਾਬਲੇ, ਆਦਿ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਸਾਹਿਬ ਦੇ ਸ਼ੁੱਧ ਪਾਠ ਮੁਕਾਬਲੇ, ਵਾਦਨ ਤੇ ਕੰਠ ਸੰਗੀਤ ਦੇ ਮੁਕਾਬਲੇ ਅਤੇ ਖੇਡਾਂ ਦੇ ਮੁਕਾਬਲੇ ਹੁੰਦੇ ਹਨ। ਇਨ੍ਹਾਂ ਤੋਂ ਬਿਨਾ ਦਸਤਾਰ ਬੰਨ੍ਹਣ ਦੇ ਮੁਕਾਬਲੇ ਵੀ ਹੁੰਦੇ ਹਨ ਤੇ ਗੁਰਮਤ ਬਾਰੇ ਸਵਾਲ ਜਵਾਬ ਵੀ।

**ਸੰਗੀਤ**

ਸਤਿਗੁਰੂ ਜਗਜੀਤ ਸਿੰਘ ਜੀ ਨੂੰ ਬਚਪਨ ਤੋਂ ਹੀ ਆਪ ਦੇ ਪਿਤਾ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਸ਼ਾਸਤ੍ਰੀ ਸੰਗੀਤ ਦੀ ਸ਼ਿਕਸ਼ਾ ਦਿਵਾਈ ਸੀ। ਉਸ ਵੇਲੇ ਦੀ ਅਰੰਭਕ ਸੰਗੀਤ ਸ਼ਿਕਸ਼ਾ ਕਾਰਨ ਆਪ ਦੇ ਸੰਸਕਾਰਾਂ ਵਿਚ ਸੰਗੀਤ ਨੇ ਇਕ ਇਹੋ ਜਿਹਾ ਪ੍ਰਭਾਵ ਜਮਾਇਆ ਹੈ ਕਿ ਸੰਗੀਤ ਤੋਂ ਬਿਨਾ ਆਪ ਜੀਵਨ ਦੀ ਕਲਪਨਾ ਵੀ ਨਹੀਂ ਕਰ ਸਕਦੇ। ਸ਼ਾਸਤ੍ਰੀ ਸੰਗੀਤ ਦੇ ਰਾਗਾਂ, ਧੁਣਾਂ ਤੇ ਤਾਲਾਂ ਵਿਚ ਆਪ ਨੇ ਵਿਸ਼ੇਸ਼ ਪ੍ਰਕਾਰ ਦਾ ਦਖ਼ਲ ਹਾਸਿਲ ਕਰ ਲਿਆ ਹੈ। ਆਪ ਦੇ ਦਰਬਾਰ ਵਿਚ ਸਤਿਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਚੱਲੀਆਂ ਆ ਰਹੀਆਂ ਧੁਣਾਂ ਤੇ ਰੀਤਾਂ ਅਨੁਸਾਰ ਗੁਰਬਾਣੀ ਦਾ ਕੀਰਤਨ ਹੁੰਦਾ ਹੈ। ਆਪ ਗਾਉਂਦੇ ਤੇ ਸੁਣਦੇ ਨਾ ਸਿਰਫ਼ ਥਕਦੇ-ਅੱਕਦੇ ਨਹੀਂ ਬਲਕਿ ਆਪ ਇੰਜ ਮਹਿਸੂਸ ਕਰਦੇ ਹਨ ਕਿ ਆਪ ਦਾ ਥਕੇਵਾਂ ਤੇ ਛੋਟੇ ਮੋਟੇ ਸਰੀਰਕ ਕਸ਼ਟ ਵੀ ਸੰਗੀਤ ਦੇ ਮਾਹੌਲ ਵਿਚ ਹੀ ਦੂਰ ਹੁੰਦੇ ਹਨ। ਆਪ ਅਕਸਰ ਹਿੰਦੁਸਤਾਨ ਦੇ ਪ੍ਰਸਿੱਧ ਸੰਗੀਤਕਾਰਾਂ ਨੂੰ ਸੁਣਦੇ, ਤੇ ਆਪ ਗਾ ਕੇ ਸੁਣਾਉਂਦੇ ਹਨ। ਸੰਗੀਤ ਵਿਧਾ ਵਿਚ ਆਪ ਦਾ ਇਕ ਵਿਸ਼ੇਸ਼ ਸ਼ੌਂਕ ਵੀ ਹੈ ਅਤੇ ਦਖ਼ਲ ਵੀ। ਆਪ ਦੀ ਸ਼ਾਸਤ੍ਰੀ ਸੰਗੀਤ ਪ੍ਰਤੀ ਲਗਨ ਇਸ ਹੱਦ ਤੱਕ ਪੁਜ ਗਈ ਹੈ ਕਿ ਆਪ ਸ਼ਬਦਾਂ ਦੀਆਂ ਧੁਣਾਂ ਦੀ ਖ਼ੁਦ ਸਿਰਜਣਾ ਕਰਦੇ, ਵੱਖ ਵੱਖ ਰਾਗਾਂ ਵਿਚ ਪ੍ਰਚੱਲਤ ਤਾਲ ਤੇ ਮਾਤ੍ਰਾਵਾਂ ਤੋਂ ਅਲੱਗ ਹਟ ਕੇ ਘੱਟ ਜਾਂ ਵੱਧ ਮਾਤ੍ਰਾਵਾਂ ਵਿਚ ਧੁਣਾਂ ਬਣਾਉਂਦੇ ਹਨ। ਜਿਵੇਂ ਕਿ ਪ੍ਰਚੱਲਤ ਬਾਰਾਂ ਜਾਂ ਚੌਦਾਂ ਮਾਤ੍ਰਾਂ ਦੀ ਥਾਂ ਆਪ ਪੌਣੇ ਬਾਰਾਂ ਜਾਂ ਸਵਾ ਬਾਰਾਂ, ਪੌਣੇ ਚੌਦਾਂ ਅਥਵਾ ਸਵਾ ਚੌਦਾਂ ਮਾਤ੍ਰਾਂ ਵਿਚ ਧੁਣਾਂ ਦੀ ਸਿਰਜਨਾ ਕਰਕੇ ਤਾਲ ਮਿਲਾਉਂਦੇ, ਪ੍ਰਸਿੱਧ ਸੰਗੀਤਕਾਰਾਂ ਨੂੰ ਸੁਣਾਉਂਦੇ ਅਤੇ ਨਾਮਧਾਰੀ ਸੰਗੀਤ ਸਿਖਿਆਰਥੀਆਂ ਨੂੰ ਸਿਖਾਉਂਦੇ ਹਨ।

ਆਪ ਨੇ ਅਨੇਕਾਂ ਨਾਮਧਾਰੀ ਬੱਚਿਆਂ ਨੂੰ ਹਿੰਦੁਸਤਾਨ ਦੇ ਸਭ ਤੋਂ ਪ੍ਰਸਿੱਧ ਸੰਗੀਤ ਗੁਰੂਆਂ ਵੱਲੋਂ ਸੰਗੀਤ ਸਿਖਿਆ ਦਿਵਾਉਣ ਦੀ ਵਿਵਸਥਾ ਕੀਤੀ ਹੈ ਜਿਸ ਲਈ ਆਪ ਲੱਖਾਂ ਰੁਪਏ ਖ਼ਰਚ ਕਰਦੇ ਹਨ। ਸ੍ਰੀ ਭੈਣੀ ਸਾਹਿਬ ਵਿਚ ਵੀ ਬੱਚਿਆਂ-ਬੱਚੀਆਂ ਨੂੰ ਸੰਗੀਤ ਸਿਖਾਇਆ ਜਾਂਦਾ ਹੈ। ਉਨ੍ਹਾਂ ਨੂੰ ਉਸਤਾਦ ਹਰਭਜਨ ਸਿੰਘ ਤੇ ਉਸਤਾਦ ਮਹਿੰਦਰ ਸਿੰਘ ਅੰਮ੍ਰਿਤਸਰ ਵਾਲੇ ਸੰਗੀਤ ਸਿਖਿਆ ਦੇ ਰਹੇ ਹਨ। ਇੰਝ ਸਤਿਗੁਰੂ ਜਗਜੀਤ ਸਿੰਘ ਜੀ ਨੇ ਸ਼ਾਸਤ੍ਰੀ ਤੰਤ ਸਾਜ਼ ਸੰਗੀਤ ਤੇ ਕੰਠ ਸੰਗੀਤ ਵਾਲੇ ਕਈ ਗਰੁਪ ਤਿਆਰ ਕਰਵਾ ਦਿੱਤੇ ਹਨ ਜੋ ਗੁਰਬਾਣੀ ਦਾ ਕੀਰਤਨ ਵੀ ਕਰਦੇ ਹਨ ਤੇ ਵਾਦਯ ਯੰਤ੍ਰਾਂ ਰਾਹੀਂ ਆਪਣੀ ਕਲਾ ਦਾ ਪ੍ਰਦਰਸ਼ਨ ਵੀ। ਬਦੇਸ਼ਾਂ ਵਿਚ ਬੱਚਿਆਂ ਨੂੰ ਸੰਗੀਤ ਸਿਖਾਉਣ ਦੀ ਅਤੇ ਗੁਰਮਤ-ਸੰਗੀਤ ਦੇ ਗਾਉਣ ਦੀ ਵਿਵਸਥਾ ਕੀਤੀ ਹੈ।

**ਜਥੇਦਾਰਾਂ-ਪਰਚਾਰਕਾਂ ਦੀ ਤਿਆਰੀ**

ਅੱਜ ਕਲ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਕ ਹੋਰ ਕਾਰਜ ਕ੍ਰਮ ਸ਼ੁਰੂ ਕੀਤਾ ਹੈ। ਉਹ ਕਾਰਜ ਕ੍ਰਮ ਹੈ ਨਾਮਧਾਰੀ ਜਥੇਦਾਰਾਂ ਤੇ ਪ੍ਰਚਾਰਕਾਂ ਨੂੰ ਸਿਖਿਅਤ ਕਰਨ ਦਾ। ਜਥੇਦਾਰ ਸਾਹਿਬਾਨ ਜਦੋਂ ਸਿਖ ਸੰਗਤ ਵਿਚ ਜਾਣ ਤਾਂ ਕੀ ਬੋਲਣ, ਕੀ ਸੁਣਾਨ ਅਤੇ ਕਿਵੇਂ ਸੁਣਾਨ। ਕੀਰਤਨ ਦੀਆਂ ਧਾਰਨਾਂ ਕਿਹੋ ਜਿਹੀਆਂ ਹੋਣ, ਉਨ੍ਹਾਂ ਨਾਲ ਗੁਰਬਾਣੀ ਦੇ ਪਰਮਾਣ ਕਿਵੇਂ ਦਿੱਤੇ ਜਾਣ ਜੋ ਸੰਗਤ ਨੂੰ ਗੁਰਮਤ ਨਾਲ ਜੋੜ ਸਕਣ, ਗੁਰਮਤ ਦੀ ਸਮਝ ਤੇ ਗੁਰਬਾਣੀ ਜੀਵਨ ਲਈ ਪ੍ਰੇਰਨਾ ਦਾਇਕ ਹੋ ਸਕਣ।

**ਖੇਡਾਂ**

ਪਿਛਲੇ ਦੋ ਦਹਾਕਿਆਂ ਤੋਂ ਸਤਿਗੁਰੂ ਜੀ ਨਾਮਧਾਰੀ ਨੌਜਵਾਨਾਂ ਉਪਰ ਇਕ ਪ੍ਰਯੋਗ ਕਰ ਰਹੇ ਹਨ। ਉਨ੍ਹਾਂ ਨੂੰ ਖੇਡਣ ਦੀ ਪ੍ਰੇਰਨਾ ਦੇਣੀ, ਚੰਗੇ ਉਸਤਾਦ ਖਿਡਾਰੀਆਂ ਕੋਲੋਂ ਹਾਕੀ, ਬੈਡਮਿੰਟਨ ਤੇ ਕਬੱਡੀ ਆਦਿ ਦੀ ਸਿਖਿਆ ਦਿਵਾਉਣੀ। ਇਸ ਪਰਯੋਗ ਦੇ ਨਤੀਜੇ ਵਜੋਂ ਨਾਮਧਾਰੀ ਹਾਕੀ ਟੀਮ ਨੇ ਭਾਰਤ ਅਤੇ ਭਾਰਤ ਤੋਂ ਬਾਹਰ ਆਪਣੀ ਖੇਡ-ਕਲਾ ਦੇ ਜੌਹਰ ਵਿਖਾ ਕੇ ਨਾਮਣਾ ਖੱਟਿਆ ਹੈ। ਨਾਮਧਾਰੀ ਹਾਕੀ ਟੀਮ ਭਾਰਤ ਤੇ ਦੁਨੀਆਂ ਦੀ ਕਿਸੇ ਵੀ ਚੰਗੀ ਤੋਂ ਚੰਗੀ ਟੀਮ ਦੇ ਮੁਕਾਬਲੇ ਵਿਚ ਖੇਡਦੀ ਹੈ ਅਤੇ ਜਿੱਤਾਂ ਹਾਸਿਲ ਕਰਦੀ ਹੈ। ਨਾਮਧਾਰੀ ਹਾਕੀ ਟੀਮ ਦੇ ਖਿਡਾਰੀ ਓਲੰਪਿਕ ਟੀਮ ਵਿਚ ਵੀ ਗਏ ਹਨ ਤੇ ਉਨ੍ਹਾਂ ਨੇ ਨਾਮ ਰੌਸ਼ਨ ਕੀਤਾ ਹੈ। ਇਸ ਨਾਮਧਾਰੀ ਟੀਮ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਇਹ ਆਪਣੇ ਗੁਰਮੁਖੀ ਬਾਣੇ ਵਿਚ ਹੀ ਮੈਚ ਖੇਡਦੀ ਹੈ। ਸਿੱਧੀ ਦਸਤਾਰ, ਬੁਨਿਆਨ ਤੇ ਲੱਕ ਗੁਰਸਿੱਖਾਂ ਵਾਲੇ ਕਛਹਿਰੇ ਨਾਲ। ਪੂਰਨ ਸ਼ਾਕਾਹਾਰੀ ਤੇ ਗੁਰਮੁਖੀ ਸਫ਼ੇਦ ਬਾਣੇ ਵਾਲੀ ਇਹ ਟੀਮ ਜਦੋਂ ਮੈਦਾਨ ਵਿਚ ਉਤਰਦੀ ਹੈ ਤਾਂ ਇਸ ਦੀ ਦਿਖ ਸਭ ਟੀਮਾਂ ਨਾਲੋਂ ਨਿਆਰੀ ਹੁੰਦੀ ਹੈ।

**ਸਾਹਿਤ**

ਸਤਿਗੁਰੂ ਜਗਜੀਤ ਸਿੰਘ ਜੀ ਨੇ ਗੁਰਮਤ ਸਾਹਿਤ ਵੱਲ ਉਚੇਚਾ ਧਿਆਨ ਦਿੱਤਾ ਹੈ। ਗੁਰਬਾਣੀ, ਗੁਰਮਤ,



Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਸਾਹਿਬਾਨ ਤੇ ਸੰਤਾਂ ਦੇ ਜੀਵਨ ਨਾਲ ਸੰਬੰਧਤ ਕਈ ਸਾਗੀਆਂ ਪੰਜਾਬੀ, ਹਿੰਦੀ, ਅੰਗ੍ਰੇਜ਼ੀ ਪੁਸਤਾਂ ਆਪ ਦੇ ਸਮੇਂ ਵਿਚ ਹੀ ਲਿਖੀਆਂ ਗਈਆਂ ਤੇ ਛਪ ਕੇ ਪਾਠਕਾਂ ਦੇ ਹੱਥਾਂ ਵਿਚ ਪੁਜੀਆਂ ਹਨ। ਨਾਮਧਾਰੀ ਮਤ ਅਨੁਸਾਰ ਛਪਣ ਵਾਲੇ ਪੱਤਰਾਂ, ਜਿਵੇਂ ਮਾਸਿਕ 'ਵਰਿਆਮ', ਸਪਤਾਹਕ 'ਵਰਤਮਾਨ ਹਿਦੁਸਤਾਨ' ਆਦਿ ਦੀ ਆਪ ਸਹਾਇਤਾ ਕਰਦੇ ਹਨ। ਨਾਮਧਾਰੀ ਪੰਥ ਦੇ ਨਿਜੀ ਸਪਤਾਹਕ 'ਸਤਿਜੁਗ' ਨੂੰ ਆਪ ਨੇ ਦਿੱਲੀ ਤੋਂ ਪ੍ਰਕਾਸ਼ਿਤ ਕਰਵਾਣਾ ਸ਼ੁਰੂ ਕੀਤਾ ਹੈ।

**ਵਿਸ਼ਵ ਪੰਜਾਬੀ ਕਾਨਫ਼ਰੰਸ** ਦਾ ਤੀਸਰਾ ਸਮਾਗਮ ਜੋ ਕਿ 1983 ਵਿਚ ਬੈਂਕੋਕ ਥਾਈਲੈਂਡ ਵਿਖੇ ਹੋਇਆ ਸੀ ਅਤੇ ਵਿਸ਼ਵ ਪੰਜਾਬੀ ਕਾਨਫਰੰਸ ਦਾ ਚੌਥਾ ਸਮਾਗਮ ਜੋ 1993 ਨੂੰ ਨਵੀਂ ਦਿੱਲੀ ਵਿਖੇ ਸੰਪੰਨ ਹੋਇਆ—ਇਹ ਦੋਵੇਂ ਸਮਾਗਮ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਰਪਰਸਤੀ ਹੇਠ ਹੀ ਹੋਏ। ਇਨ੍ਹਾਂ ਸਮਾਗਮਾਂ ਰਾਹੀਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਅਰੰਭ ਕੀਤੇ ਪੰਜਾਬੀ ਬੋਲੀ, ਪੰਜਾਬੀ ਸਾਹਿਤ ਤੇ ਪੰਜਾਬੀ ਸਭਿਆਚਾਰ ਦੀ ਉੱਨਤੀ ਵਾਲੇ ਕਾਰਜ ਨੂੰ ਅਗਾਂਹ ਵਧਾਉਣ ਦਾ ਕੰਮ ਕੀਤਾ ਹੈ। ਪੰਜਾਬੀ ਸਾਹਿਤ ਦੇ ਅਨੇਕਾਂ ਰਚਨਾਕਾਰਾਂ ਨੂੰ—ਭਾਵੇਂ ਉਹ ਨਾਮਧਾਰੀ ਹਨ ਜਾਂ ਕਿਸੇ ਵੀ ਮੱਤ ਦੇ—ਸਤਿਗੁਰੂ ਜਗਜੀਤ ਸਿੰਘ ਜੀ ਦਾ ਆਸ਼ੀਰਵਾਦ, ਪ੍ਰੇਰਨਾ ਤੇ ਸਹਾਇਤਾ ਹਾਸਿਲ ਰਹਿੰਦੀ ਹੈ। ਇਸ ਨਾਲ ਸਤਿਗੁਰੂ ਸਾਹਿਬਾਨ ਦੀ ਬਾਣੀ ਅਨੁਸਾਰ ਸਰਬ ਸਾਂਝੀ ਲੋਕ ਕਲਿਆਣ ਦੀ ਭਾਵਨਾ ਦਾ ਵਿਕਾਸ ਹੁੰਦਾ ਹੈ ਤੇ ਲੇਖਕ ਸੌੜੀ ਰਾਜਨੀਤੀ ਤੋਂ ਉਪਰ ਉਠਣ ਦੀ ਕੋਸ਼ਿਸ਼ ਕਰਦੇ ਹਨ।

**<u>ਅਨੰਦ ਸ਼ਤਾਬਦੀ</u>**

ਸਤਿਗੁਰੂ ਰਾਮ ਸਿੰਘ ਜੀ ਨੇ ਸੰਨ 1863 ਵਿਚ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਪਿੰਡ ਖੋਟੇ ਵਿਚ ਇਕ ਬੁਨਿਆਦੀ ਸਮਾਜ ਸੁਧਾਰ ਦਾ ਅਰੰਭ ਕੀਤਾ ਸੀ। ਉਸ ਵੇਲੇ ਤੱਕ ਪੂਰੇ ਸਿੱਖ ਸਮਾਜ ਵਿਚ ਵਿਆਹ ਬ੍ਰਾਹਮਣ ਪੰਡਿਤ ਹੀ ਕਰਵਾਇਆ ਕਰਦੇ ਸਨ। ਸਤਿਗੁਰੂ ਰਾਮ ਸਿੰਘ ਜੀ ਨੇ ਗੁਰਸਿੱਖਾਂ ਨੂੰ ਉਸ ਰੀਤ ਦੇ ਔਖੇ ਸੰਸਕ੍ਰਿਤ ਮਤ੍ਰਾਂ ਤੋਂ ਮੁਕਤ ਕਰਾਇਆ ਅਤੇ ਪੰਡਿਤਾਂ ਦੀ ਸਮਾਜਿਕ ਤੇ ਧਾਰਮਕ ਰਹੁਰੀਤਾਂ ਵਿਚ ਅਜਾਰੇਦਾਰੀ ਅੱਗੇ ਪ੍ਰਸ਼ਨ ਚਿੰਨ੍ਹ ਲਗਾ ਦਿੱਤਾ ਸੀ। ਆਪ ਨੇ ਗੁਰਮਤ ਅਨੁਸਾਰ ਅਨੰਦ ਕਾਰਜ ਦੀ ਰੀਤ ਚਲਾਈ। ਆਦਿ ਸ੍ਰੀ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ ਲਾਵਾਂ ਫੇਰਿਆਂ ਦੀ ਬਾਣੀ ਨਾਲ ਛੇ ਜੋੜਿਆਂ ਦੇ ਅਨੰਦ ਕਾਰਜ ਕੀਤੇ। ਵਿਆਹਾਂ ਦੀ ਇਸ ਅਨੰਦ ਕਾਰਜ ਰੂਪੀ ਨਵੀਂ ਰੀਤ ਨਾਲ ਬਹੁਤ ਖਰਚ-ਖੇਚਲ ਤੋਂ ਸਿੱਖਾਂ ਨੂੰ ਮੁਕਤੀ ਮਿਲੀ। ਇਸ ਰੀਤ ਅਨੁਸਾਰ ਅਨੰਦ ਕਾਰਜ ਪੜ੍ਹਵਾਉਣ ਦਾ ਕਾਰਜ ਕੋਈ ਵੀ ਪਾਠੀ ਸਿੱਖ ਕਰ ਸਕਣ ਦੇ ਯੋਗ ਬਣਾ ਦਿੱਤਾ ਗਿਆ। ਅਨੰਦ ਕਾਰਜ ਦੀ ਇਹ ਰੀਤ ਗੁਰਸਿੱਖਾਂ ਵਿਚ ਚਲਦੀ ਨੂੰ ਜਦੋਂ ਪੂਰੇ ਸੌ ਸਾਲ ਹੋ ਗਏ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਨ 1963 ਵਿਚ ਖੋਟੇ ਪਿੰਡ 'ਚ ਜਾ ਕੇ ਹੀ ਵਿਆਹਾਂ ਦੀ 'ਅਨੰਦ ਸ਼ਤਾਬਦੀ' ਮਣਾਈ। ਇਕ ਸੌ ਇਕਵੰਜਾ ਸਮੂਹਕ ਅਨੰਦ ਕਾਰਜ ਹੋਏ। ਸਤਿਗੁਰੂ ਜਗਜੀਤ ਸਿੰਘ ਜੀ ਨੇ ਏਸੇ ਰੀਤ ਅਨੁਸਾਰ ਸਮੂਹਿਕ ਵਿਆਹਾਂ ਦੇ ਚਲਣ ਨੂੰ ਵੱਧ ਤੋਂ ਵੱਧ ਪਰਚੱਲਤ ਕੀਤਾ ਅਤੇ ਇਹ ਗੱਲ ਪੱਕੀ ਤਰ੍ਹਾਂ ਲਾਗੂ ਕਰ ਦਿੱਤੀ ਹੈ ਕਿ ਅਨੰਦ ਕਾਰਜ ਮੇਲਿਆਂ ਵਿਚ ਹੀ ਹੋਣ ਜਾਂ ਸੰਗਤ ਵਿਚ ਹੀ। ਕੋਈ ਜੰਵ-ਬਰਾਤ ਨਾ ਜਾਵੇ। ਕੋਈ ਵਿਆਹ-ਪਾਰਟੀ ਨਾ ਹੋਵੇ। ਨਾ ਕੋਈ ਦਾਜ ਲਵੇ ਨਾ ਦੇਵੇ। ਇੰਜ ਕਰਨ ਨਾਲ ਸਧਾਰਨ ਆਮਦਨ ਵਾਲੇ ਸਿੱਖ ਅਤੇ ਅਮੀਰ ਸਿੱਖ ਨੂੰ ਵਿਆਹ ਦੇ ਸਮਾਜਕ ਵਿਖਾਲੇ ਤੋਂ ਆਪ ਨੇ ਬਰਾਬਰੀ ਦਾ ਦਰਜਾ ਦੇ ਦਿੱਤਾ ਹੈ। ਜਿਨ੍ਹਾਂ ਕੋਲ ਬਹੁਤਾ ਧਨ ਹੈ ਉਨ੍ਹਾਂ ਨੂੰ ਹੰਕਾਰ ਭਰੇ ਵਿਖਾਵੇ ਤੋਂ ਬਚਾਉਂਦੇ ਹਨ, ਤੇ ਜਿਨ੍ਹਾਂ ਕੋਲ ਬਹੁਤ ਧਨ ਨਹੀਂ ਹੈ—ਉਨ੍ਹਾਂ ਨੂੰ ਛੋਟੇ ਹੋਣ ਦੇ ਅਹਿਸਾਸ ਤੋਂ ਬਚਾਇਆ ਹੈ।

**<u>ਜਾਤਪਾਤ ਦਾ ਖ਼ਾਤਮਾ</u>**

ਸਤਿਗੁਰੂ ਜਗਜੀਤ ਸਿੰਘ ਜੀ ਨੇ ਗੁਰਸਿੱਖਾਂ ਨੂੰ ਇਸ ਜਾਤੀ ਭਾਵਨਾ ਤੋਂ ਵੀ ਵੱਧ ਤੋਂ ਮੁਕਤ ਕੀਤਾ ਹੈ ਜਿਸ ਅਨੁਸਾਰ ਅਰੋੜੇ ਖੱਤਰੀ, ਅਰੋੜੇ ਖੱਤਰੀ ਨਾਲ ਹੀ ਕੁੜਮਾਚਾਰੀ ਦੇ ਸਬੰਧ ਬਣਾਉਂਦੇ ਸਨ, ਜੱਟ ਜੱਟ ਘਰਾਣੇ ਨਾਲ, ਛੀਂਬੇ ਛੀਂਬਿਆਂ ਨਾਲ, ਰਾਮਗੜ੍ਹੀਏ ਰਾਮਗੜ੍ਹੀਆਂ ਨਾਲ, ਸੁਨਿਆਰੇ ਸੁਨਿਆਰਿਆਂ ਨਾਲ, ਘੁਮਿਆਰ ਘੁਮਿਆਰਾਂ ਨਾਲ ਤੇ ਬ੍ਰਾਹਮਣ ਬ੍ਰਾਹਮਣਾਂ ਨਾਲ। ਆਪ ਨੇ ਕਿਸੇ ਵੀ ਜਾਤ ਦੇ ਲੜਕੇ ਜਾਂ ਲੜਕੀ ਨੂੰ ਕਿਸੇ ਵੀ ਹੋਰ ਜਾਤ ਦੀ ਲੜਕੀ ਜਾਂ ਲੜਕੇ ਨਾਲ ਵਿਆਹ ਦੇਣ ਦਾ ਵੱਧ ਤੋਂ ਵੱਧ ਸਿਲਸਿਲਾ ਚਲਾ ਦਿੱਤਾ ਹੈ।

**<u>ਨੌਜਵਾਨਾਂ ਨਾਲ ਸਿੱਧੀ ਗੱਲ</u>**

ਇੰਜ ਆਪ ਨੇ ਸਮਾਜ ਦੀ ਸਭ ਤੋਂ ਵੱਧ ਜ਼ਰੂਰੀ ਰਸਮ ਅਤੇ ਲੋੜ (ਵਿਆਹ) ਨੂੰ ਅਤਿ ਸੌਖਿਆਂ ਕਰ ਕੇ ਸਮਾਜ ਵਿਚ ਸੁਧਾਰ ਦਾ ਇਕ ਵੱਡਾ ਕਾਰਜ ਕੀਤਾ ਹੈ। ਅਜ ਕਲ੍ਹ ਆਪ ਦੀ ਹਜ਼ੂਰੀ ਵਿਚ ਹੋਣ ਵਾਲੇ ਮੇਲਿਆਂ ਅੰਦਰ ਵੀਹ, ਤੀਹ ਜਾਂ ਪੰਜਾਹ-ਸੱਠ ਵਿਆਹ ਸਮੂਹਕ ਰੂਪ ਵਿਚ ਹੁੰਦੇ ਆਮ ਵੇਖੇ ਜਾ ਸਕਦੇ ਹਨ ਅਤੇ ਇਹ ਵਿਆਹ ਕੁੜੀ-ਮੁੰਡੇ ਵਾਲੀਆਂ ਦੋਹਾਂ ਧਿਰਾਂ ਦੇ ਇਸ ਇਕਰਾਰ ਨਾਲ ਹੁੰਦੇ ਹਨ ਕਿ ਉਹ ਕੋਈ ਦਾਜ ਨਹੀਂ ਲੈਣ-ਦੇਣਗੇ, ਘਰ ਜਾ ਕੇ ਵਿਆਹ ਪਾਰਟੀ ਨਹੀਂ ਕਰਨਗੇ, ਤੇ ਬਾਰਾਤ ਵਰਗੀ ਕੋਈ ਰਸਮ ਨਹੀਂ ਕਰਨਗੇ। ਕਈ ਮਾਪਿਆਂ ਵਿਚ ਅਜੇ ਵੀ ਦਾਜ ਦਹੇਜ ਤੇ ਜੰਵ ਪਾਰਟੀਆਂ ਦੇ ਸਿਸਕਾਰ, ਗੈਰ ਨਾਮਧਾਰੀਆਂ ਨੂੰ ਵੇਖ ਕੇ ਜਾਗ ਪੈਂਦੇ ਹਨ। ਇਸ ਅਮੋੜ ਮਨੋਬਿਰਤੀ ਨੂੰ ਧਿਆਨ ਵਿਚ ਰੱਖ ਕੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਿੱਧਿਆਂ ਵਰ-ਕੰਨਿਆਂ ਨੂੰ ਇਸ ਗੱਲ ਲਈ ਸਿਖਿਅਤ ਤੇ ਉਤਸਾਹਤ ਕਰਨਾ ਸ਼ੁਰੂ ਕਰ ਦਿੱਤਾ ਹੈ ਕਿ ਉਹ ਜੰਵ-ਪਾਰਟੀ, ਦਾਜ ਆਦਿ ਤੋਂ ਬਚਣ। ਨੌਜਵਾਨ ਲੜਕੇ-ਲੜਕੀਆਂ ਦੇ ਮਨ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀ ਇਹ ਪਿਆਰ ਭਰੀ ਸਿਖਿਆ ਅਪੀਲ ਕਰ ਰਹੀ ਹੈ ਤੇ ਉਹ ਆਪਣੇ ਮਾਪਿਆਂ ਨੂੰ ਮਜਬੂਰ ਕਰਦੇ ਵੇਖੇ ਜਾ ਰਹੇ ਨੇ ਕਿ ਇਹੋ ਜਿਹੀ ਰਸਮਾਂ ਨਾ ਕੀਤੀਆਂ ਜਾਣ।

**<u>ਜਨਮ ਦਿਨ ਪਾਰਟੀਆਂ ਨਹੀਂ</u>**

ਸਤਿਗੁਰੂ ਜਗਜੀਤ ਸਿੰਘ ਜੀ ਵਿਆਹਾਂ ਦੀਆਂ ਖਰਚੀਲੀਆਂ ਰਸਮਾਂ ਤੋਂ ਸਮਾਜ ਨੂੰ ਮੁਕਤ ਕਰਨ ਦੇ ਨਾਲ ਨਾਲ ਹੀ ਇਹ ਉਪਦੇਸ਼ ਵੀ ਦ੍ਰਿੜ੍ਹਾਉਂਦੇ ਹਨ ਕਿ ਜਨਮ ਦਿਨਾਂ ਦੀਆਂ ਪਾਰਟੀਆਂ ਵੀ



Sri Satguru Jagjit Singh Ji Elibrary NamdhariElibrary@gmail.com

ਨਾ ਕੀਤੀਆਂ ਜਾਣ। ਦੂਜੇ ਲੋਕਾਂ ਵਿਚ ਇਹੋ ਜਿਹੀਆਂ ਪਾਰਟੀਆਂ ਦਾ ਰਿਵਾਜ ਦਿਨੋਂ ਦਿਨ ਵਧਦਾ ਜਾਂਦਾ ਹੈ—ਜਿਸ ਨੂੰ ਕੇ ਕਈ ਨਾਮਧਾਰੀ ਪਰਿਵਾਰਾਂ ਦਾ ਵੀ ਜੀ ਕਰ ਆਉਂਦਾ ਹੈ ਕਿ ਉਹ ਵੀ ਇਹ ਵਿਖਾਲੇ ਕਰਨ। ਇਸ ਨਾਲ ਧਨ ਦਾ ਬਹੁਤ ਉਜਾੜਾ ਵੀ ਹੁੰਦਾ ਹੈ ਤੇ ਰਿਸ਼ਤੇ ਦਾਰਾਂ ਮਿਤਰਾਂ ਨੂੰ ਚੋਖੀ ਸਾਰੀ ਖੇਚਲ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਸਤਿਗੁਰੂ ਜੀ ਦੀ ਕੋਸ਼ਿਸ਼ ਹੈ ਕਿ ਸਿੱਖ ਸਮਾਜ ਇਸ ਖਰਚ-ਖੇਚਲ ਤੇ ਅਹੰਕਾਰ ਦੇ ਵਿਖਾਵੇ ਤੋਂ ਬਚ ਕੇ ਸਿੱਧਾ ਸਾਦਾ ਜੀਵਨ ਜੀਵੇ।

**ਨਸ਼ਿਆਂ ਤੋਂ ਮੁਕਤੀ**

ਸਤਿਗੁਰੂ ਜਗਜੀਤ ਸਿੰਘ ਜੀ ਸਮਾਜ ਨੂੰ ਕਿਸੇ ਵੀ ਤਰ੍ਹਾਂ ਦੇ ਨਸ਼ੇ ਤੋਂ ਮੁਕਤ ਰੱਖਣ ਲਈ ਆਪਣਾ ਪੂਰਾ ਜਤਨ ਕਰਦੇ ਹਨ। ਚਾਹ, ਕਾਫ਼ੀ, ਭੰਗ, ਅਫੀਮ ਅਤੇ ਖਾਸ ਕਰਕੇ ਸ਼ਰਾਬ ਤੋਂ ਦੂਰ ਰਹਿਣ ਲਈ ਆਪ ਹਰ ਸਿੱਖ ਨੂੰ ਪ੍ਰੇਰਦੇ ਹਨ। ਸ਼ਰਾਬ ਦੇ ਨਸ਼ੇ ਤੋਂ ਤਾਂ ਆਪ ਏਨੀ ਸਖ਼ਤੀ ਨਾਲ ਵਰਜਦੇ ਹਨ ਕਿ ਸ਼ਰਾਬ ਪੀਣ ਵਾਲੇ ਨੂੰ ਆਪ ਨਾਮਧਾਰੀ ਸਮਾਜ ਦਾ ਅੰਗ ਮੰਨਣ ਤੋਂ ਇਨਕਾਰ ਕਰਦੇ ਹਨ।

**ਸਿੱਖੀ ਸਰੂਪ**

ਗੁਰਸਿੱਖ ਦੇ ਸਰੂਪ ਬਾਰੇ ਆਪ ਦੀ ਹਮੇਸ਼ਾ ਇਹ ਕੋਸ਼ਿਸ਼ ਰਹਿੰਦੀ ਹੈ ਕਿ ਉਹ ਸਾਬਤ ਸੂਰਤ ਹੋਵੇ। ਰੋਮਾਂ ਨੂੰ ਕੱਟ ਕੇ ਉਨ੍ਹਾਂ ਦਾ ਨਿਰਾਦਰ ਨਾ ਕਰੇ। ਦਾਹੜਾ ਖੁੱਲ੍ਹਾ ਰੱਖੇ ਤੇ ਕੇਸਾਂ ਨੂੰ ਰੰਗੇ ਵੀ ਨਾ। ਕੱਛ, ਕੜਾ, ਕੇਸ, ਕਿਰਪਾਨ ਤੇ ਕੰਘੇ ਦਾ ਧਾਰਨੀ ਹੋਵੇ। ਗੁਰਮੁਖੀ ਪਹਿਰਾਵੇ, ਸਿੱਧੀ ਗੁਰਮੁਖੀ ਦਸਤਾਰ, ਕਲੀਆਂ ਵਾਲਾ ਕੁੜਤਾ,ਚੂੜੀਦਾਰ ਪਜਾਮਾ, ਗੁਰਸਿੱਖਾਂ ਵਾਲਾ ਰੇਬ ਕਛਹਿਰਾ, ਜਿਸਦਾ ਇਕ ਪਹੁੰਚਾ ਰੱਖ ਕੇ ਦੂਜਾ ਪਹੁੰਚਾ ਪਾਉਂਦਾ, ਸੁੱਧ ਸੋਧ ਸੰਜਮ ਵਾਲਾ ਸਿੱਖ ਆਪ ਨੂੰ ਭਾਉਂਦਾ ਹੈ। ਪੈਂਟ, ਨੋਕਦਾਰ ਦਸਤਾਰ, ਕਮੀਜ਼, ਬੁਸ਼ਰਟ ਆਦਿ ਨੂੰ ਆਪ ਸਿੱਖੀ ਮਰਯਾਦਾ ਦੇ ਵਿਰੁੱਧ ਮੰਨਦੇ ਹਨ। ਏਸੇ ਤਰ੍ਹਾਂ ਇਸਤ੍ਰੀਆਂ ਲਈ ਵੀ ਕਲੀਆਂ ਵਾਲਾ ਕੁੜਤਾ, ਤੇ ਚੂੜੀਦਾਰ ਸੁੱਥਣ, ਪੂਰੇ ਸਿਰ ਨੂੰ ਢਕਦੇ ਸਿਰ ਦੇ ਲੀੜੇ ਵਾਲੀਆਂ ਇਸਤ੍ਰੀਆਂ (ਆਦਰਸ਼) ਮੰਨਦੇ ਹਨ। ਸੁਰਖੀ ਪਾਊਡਰ ਤੇ ਗਹਿਣਿਆਂ ਨਾਲ ਸ਼ਿੰਗਾਰੀਆਂ ਇਸਤ੍ਰੀਆਂ ਨੂੰ ਆਪ ਗੁਰਸਿੱਖੀ ਦੇ ਅਨੁਕੂਲ ਨਹੀਂ ਮੰਨਦੇ।

**ਆਪਦਾ ਆਦਰਸ਼ ਸਿੱਖ**

ਸਤਿਗੁਰੂ ਜਗਜੀਤ ਸਿੰਘ ਜੀ ਦਾ ਉਪਦੇਸ਼ ਹੈ ਕਿ ਸਿੱਖ ਸਮਾਜ ਦਾ ਹਰੇਕ ਇਸਤ੍ਰੀ-ਪੁਰਸ਼ ਨਿਤਨੇਮ ਨਾਲ ਘੱਟੋ ਘਟ ਇਕ ਘੰਟਾ ਰੋਜ਼ ਨਾਮ ਜ਼ਰੂਰ ਜਪੇ। ਪੰਜਾਂ ਬਾਣੀਆਂ ਦਾ ਪਾਠ ਜ਼ਰੂਰ ਕਰੇ, ਹਰ ਪਰਿਵਾਰ ਮਹੀਨੇ ਵਿਚ ਇਕ ਪਾਠ ਸ੍ਰੀ ਆਦਿ ਗ੍ਰੰਥ ਸਾਹਿਬ ਦਾ ਜਾਂ ਸ੍ਰੀ ਦਸਮ ਗ੍ਰੰਥ ਸਾਹਿਬ ਦਾ ਜ਼ਰੂਰ ਕਰੇ। ਗੁਰਬਾਣੀ ਦਾ ਅਦਬ ਕਰੇ, ਸ੍ਰੀ ਆਦਿ ਗ੍ਰੰਥ ਸਾਹਿਬ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਦੀ ਬੀੜ ਲਿਆਉਣ ਤੇ ਲਿਜਾਣ ਵੇਲੇ ਸਤਿਕਾਰ ਨਾਲ ਉਠ ਕੇ ਖਲੋਵੇ। ਏਸੇ ਤਰ੍ਹਾਂ ਕੜਾਹ ਪ੍ਰਸਾਦ ਦੇ ਲਿਆਂਦੇ ਜਾਣ ਸਮੇਂ ਵੀ ਸਤਿਕਾਰ ਨਾਲ ਉਠ ਕੇ ਖਲੋਵੇ। ਸਤਿਗੁਰੂ ਨਾਨਕ ਪਰੰਪਰਾ ਦੀ ਸਤਿਗੁਰੂ ਪੀੜ੍ਹੀ ਵਿਚ ਵਿਸ਼ਵਾਸ ਰੱਖੇ। ਆਪਣੇ ਮਤ ਦੇ ਧਰਮ ਵਿਚ ਦ੍ਰਿੜ੍ਹ ਰਹਿੰਦਾ ਹੋਇਆ ਦੂਜੇ ਮਤਾਂ ਤੇ ਧਰਮਾਂ ਦੇ ਪ੍ਰਤੀ ਪੂਰਾ ਆਦਰ ਭਾਵ ਰੱਖੇ। ਕਿਸੇ ਨੂੰ ਮਾੜਾ ਨਾ ਆਖੇ ਤੇ ਆਪਣੇ ਆਪ ਨੂੰ ਚੰਗਾ ਨਾ ਸਮਝੇ। ਅੰਮ੍ਰਿਤ ਵੇਲੇ ਉਠ ਕੇ ਸਨਕੇਸੀ ਇਸ਼ਨਾਨ ਕਰਕੇ ਭਜਨ ਕਰਦਾ, ਬਾਣੀ ਪੜ੍ਹਦਾ, ਅਰਦਾਸ ਕਰਦਾ, ਨਿਰਹੰਕਾਰ, ਜੀਵ ਮਾਤ੍ਰ ਦਾ ਭਲਾ ਲੋੜਦਾ, ਲੋੜਵੰਦਾਂ ਤੇ ਮਾੜਿਆਂ ਦੀ ਸਹਾਇਤਾ ਕਰਦਾ ਸੇਵਾ ਵਿਚ ਲੀਣ ਅਹਿੰਸਕ ਸਿੱਖ ਹੀ ਆਪਦੀ ਪਸੰਦ ਦਾ ਗੁਰਸਿੱਖ ਹੈ।

ਆਪਣੇ ਹੱਕ ਦਾ ਕੁਝ ਦਾਨ ਕਰਨ ਵਾਲਾ ਅਤੇ ਦੂਸਰੇ ਦੇ ਹੱਕਾਂ ਦੀ ਰਾਖੀ ਕਰਨ ਵਾਲਾ ਵਿਅਕਤੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਭਾਉਂਦਾ ਹੈ।

### ਕੇਸਾਂ ਦੇ ਸਤਿਕਾਰ ਦੀ ਅਦੁਤੀ ਮਿਸਾਲ

*ਜਗਜੀਤ ਸਿੰਘ ਜੀ ਦਾ 16 ਜੁਲਾਈ 1991 ਨੂੰ ਆਸਟਰੇਲੀਆ ਦੇਸ਼ ਦੇ ਐਡਲੇਡ ਸ਼ਹਿਰ ਵਿਚ ਬਾਈ ਪਾਸ ਸਰਜਰੀ ਦਾ ਉਪਰੇਸ਼ਨ ਹੋਇਆ ਜਿਸ ਬਾਰੇ ਕਈ ਮਹੱਤਵਪੂਰਨ ਤੱਥ ਆਸਟਰੇਲੀਆ ਤੇ ਭਾਰਤ ਦੀਆਂ ਉਘੀਆਂ ਅਖਬਾਰਾਂ ਵਿਚ ਛਪੇ। 71 ਸਾਲਾ ਸਤਿਗੁਰੂ ਜੀ ਕੁਝ ਸ਼ਰਤਾਂ ਤੇ ਇਹ ਉਪਰੇਸ਼ਨ ਕਰਵਾਣ ਲਈ ਸਹਿਮਤ ਹੋ ਗਏ ਜਿਨ੍ਹਾਂ ਵਿਚੋਂ ਪਰਮੁਖ ਇਹ ਸੀ ਕਿ ਉਹ ਚੀਰ ਫਾੜ ਸਮੇਂ ਆਪਣੀ ਛਾਤੀ ਦੇ ਰੋਮਾਂ ਨੂੰ ਕਦਾਚਿਤ ਨਹੀਂ ਕਟਵਾਉਣਗੇ ਅਤੇ ਉਪਰੇਸ਼ਨ ਸਮੇਂ ਉਨ੍ਹਾਂ ਦੀ ਦਸਤਾਰ ਹਰ ਹਾਲਤ ਵਿਚ ਉਨ੍ਹਾਂ ਦੇ ਕੇਸਾਂ ਨੂੰ ਢਕੀ ਰਖਣ ਲਈ ਸਿਰ 'ਤੇ ਬਣੀ ਰਹੇਗੀ। ਕੁਝ ਹੋਰ ਧਾਰਮਿਕ ਸ਼ਰਤਾਂ ਵੀ ਬੜੀਆਂ ਕਠਨ ਸਨ ਜਿਵੇਂ ਉਨ੍ਹਾਂ ਨੂੰ ਖੂਨ ਨਹੀਂ ਚੜ੍ਹਾਇਆ ਜਾਵੇਗਾ ਅਤੇ ਕਛਹਿਰਾ ਨਹੀਂ ਉਤਾਰਿਆ ਜਾਵੇਗਾ। ਉਪਰੇਸ਼ਨ ਸਮੇਂ ਉਨ੍ਹਾਂ ਨੂੰ ਸ਼ਰਾਬ-ਵਰਗਾ ਨਸ਼ਾ ਪੈਦਾ ਕਰਨ ਵਾਲੀ ਬੇਹੋਸ਼ੀ ਦੀ ਦਵਾਈ ਨਹੀਂ ਦਿੱਤੀ ਜਾਵੇਗੀ ਤੇ ਨਾ ਹੀ ਉਨ੍ਹਾਂ ਦੇ ਜ਼ਖ਼ਮਾਂ ਤੇ ਲਗਾਈ ਜਾਵੇਗੀ। ਇਨ੍ਹਾਂ ਸਖਤ ਸ਼ਰਤਾਂ ਦੀ ਹਦਬੰਦੀ ਵਿਚ ਰਹਿੰਦਿਆਂ ਹੋਇਆਂ ਉਪਰੇਸ਼ਨ ਕਰਨ ਲਈ ਕਈ ਦੇਸ਼ਾਂ ਦੇ ਉਘੇ ਸਰਜਨਾਂ ਨਾਲ ਸੰਪਰਕ ਸਥਾਪਤ ਕੀਤਾ ਗਿਆ। ਭਾਰਤ ਸਮੇਤ ਸਾਰੇ ਨਾਮਵਰ ਸਰਜਨਾਂ ਨੇ ਦੱਸੀਆਂ ਸ਼ਰਤਾਂ 'ਤੇ ਉਪਰੇਸ਼ਨ ਕਰਨ ਤੋ ਅਸਮਰੱਥਾ ਪ੍ਰਗਟਾਈ। ਇਤਨੇ ਵਿਚ ਅਸਟਰੇਲੀਆ ਦੇ ਰਾਇਲ ਐਡਲੇਡ ਹਸਪਤਾਲ ਦੇ ਸਰਜਨ ਡਾ. ਰਾਸ ਨੇ ਇਨ੍ਹਾਂ ਸ਼ਰਤਾਂ ਦੀ ਇੰਨ ਬਿੰਨ ਪਾਲਣਾ ਕਰਕੇ ਉਪਰੇਸ਼ਨ ਕਰਨ ਲਈ ਆਪਣੀ ਸਹਿਮਤੀ ਪ੍ਰਗਟ ਕਰ ਦਿੱਤੀ। 16 ਜੁਲਾਈ ਨੂੰ ਉਪਰੇਸ਼ਨ ਹੋਇਆ ਸੀ ਕਿ ਸਫ਼ਲ ਹੋਇਆ। ਆਸਟਰੇਲੀਆਈ ਅਖਬਾਰਾਂ "ਟੈਲੀਗਰਾਫ਼", "ਮਿਰਰ" ਅਤੇ "ਦੀ ਨਿਊਜ਼" ਅਨੁਸਾਰ ਦੁਨੀਆਂ ਦੇ ਬਹੁਤ ਸਾਰੇ ਨਾਮਾਨਗਾਰਾਂ ਨੇ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਪੁਛਿਆ ਕਿ ਇਨ੍ਹਾਂ ਸ਼ਰਤਾਂ ਕਾਰਨ ਉਨ੍ਹਾਂ ਦੇ ਬਚਣ ਦੇ ਚਾਂਸਿਜ਼ ਬਹੁਤ ਘਟ ਗਏ ਸਨ, ਕੀ ਉਨ੍ਹਾਂ ਨੂੰ ਇਸ ਗੱਲ ਨਾਲ ਕੋਈ ਪ੍ਰੇਸ਼ਾਨੀ ਨਹੀਂ ਹੋਈ? ਤਾਂ ਉਨ੍ਹਾਂ ਉਤਰ ਦਿੱਤਾ ਕਿ ਗੁਰੂ ਦੇ ਸਿੱਖ ਨੂੰ ਆਪਣੀ ਜਾਨ ਨਾਲੋਂ ਅਸੂਲ ਵਧੇਰੇ ਪਿਆਰੇ ਹੁੰਦੇ ਹਨ। ਰੋਮਾਂ ਦੀ ਬੇਅਦਬੀ ਨਾ ਹੋਣ ਦੇਣ ਕਾਰਨ ਇਤਨੀ ਵੱਡੀ ਹਸਤੀ ਵਲੋਂ ਆਪਣੀ ਜਾਨ ਖਤਰੇ ਵਿਚ ਪਾ ਲੈਣਾ ਅਜੋਕੇ ਸਮੇਂ ਵਿਚ ਰੋਮਾਂ ਦੇ ਸਤਿਕਾਰ ਦੀ ਅਦੁਤੀ ਮਿਸਾਲ ਵਜੋਂ ਇਤਿਹਾਸ ਦੇ ਪੰਨਿਆਂ ਵਿਚ ਅੰਕਤ ਹੋਇਆ ਹੈ।*



Sri Satguru Jagjit Singh Ji Elibrary NamdhariElibrary@gmail.com

## ਆਮ ਸਿੱਖ ਅੰਗ੍ਰੇਜ਼ ਭਗਤ ਨਹੀਂ ਸੀ

*ਜਿਸ ਸਮੇਂ ਅੰਗ੍ਰੇਜ਼ ਸਰਕਾਰਾਂ ਨੇ ਦਮਨ ਜਾਂ ਜਾਗੀਰਾਂ ਦੁਆਰਾ ਸਾਸਹੀਣ ਬਣਾ ਦਿਤਾ ਸੀ ਤੇ ਰਾਜਸੀ ਤਾਕਤ ਖੁਸਣ ਉਪਰੰਤ ਸਿਖਾਂ ਦੀ ਹਾਲਤ ਦਿਨੋ ਦਿਨ ਨਿਘਰਦੀ ਜਾਂਦੀ ਸੀ, ਉਸ ਔਖੇ ਸਮੇਂ ਬਾਬਾ ਰਾਮ ਸਿੰਘ ਜੀ ਦੀ ਸੁਚੱਜੀ ਤੇ ਸਿਆਣੀ ਅਗਵਾਈ ਨੇ ਦਰਮਿਆਨੀ ਸ਼੍ਰੇਣੀ ਦੇ ਹੇਠਲੇ ਤਬਕੇ ਵਿਚੋਂ ਇਕ ਕ੍ਰਾਂਤੀਕਾਰੀ ਲਹਿਰ ਚਲਾਈ ਜਿਸਨੇ ਸਾਬਤ ਕੀਤਾ ਕਿ ਸਿੱਖ ਦਬਾਈ ਜਾਣ ਵਾਲੀ ਕੌਮ ਨਹੀਂ ਹੈ। ਜੇ ਅੰਗ੍ਰੇਜ਼ਾਂ ਨੇ ਇਹ ਸਬਕ ਕੂਕਾ ਲਹਿਰ ਤੋਂ ਨਾ ਸਿਖਿਆ ਹੁੰਦਾ ਤਾਂ ਉਹ ਕਦੇ ਵੀ ਸਿੰਘ ਸਭਾ ਲਹਿਰ ਵਿਚ ਇੰਨੀ ਦਿਲਚਸਪੀ ਨਾ ਦਿਖਾਉਂਦੇ।*

*ਕੂਕਾ ਲਹਿਰ ਦੀ ਇਕ ਹੋਰ ਮਹੱਤਤਾ ਇਹ ਹੈ ਕਿ ਇਸ ਤੋਂ ਸਾਬਤ ਹੁੰਦਾ ਹੈ ਕਿ ਜੋ ਲੋਕ ਸਿਖਾਂ ਤੇ ਦੋਸ਼ ਲਗਾਉਂਦੇ ਹਨ ਕਿ ਉਨ੍ਹਾਂ ਨੇ 1857 ਦੇ ਵਿਦਰੋਹ ਵਿਚ ਹਿੰਦੁਸਤਾਨੀ ਬਾਗੀਆਂ ਦੇ ਵਿਰੁਧ ਅੰਗ੍ਰੇਜ਼ਾਂ ਦਾ ਸਾਥ ਦਿਤਾ, ਉਹ ਗਲਤ ਹਨ। 1857 ਵਿਚ ਜੋ ਮਦਦ ਸਿਖਾਂ ਵਲੋਂ ਅੰਗ੍ਰੇਜ਼ਾਂ ਨੂੰ ਦਿਤੀ ਗਈ ਉਹ ਸਿਖ ਰਾਜਿਆਂ ਤੇ ਵੱਡੇ ਵੱਡੇ ਜਗੀਰਦਾਰਾਂ ਜਾਂ ਰਈਸਾਂ ਵਲੋਂ ਸੀ। ਆਮ ਲੋਕ ਉਸ ਵੇਲੇ ਵੀ ਅੰਗ੍ਰੇਜ਼ਾਂ ਦੇ ਵਿਰੁੱਧ ਸਨ ਤੇ ਕਈ ਥਾਵਾਂ ਤੇ ਰੌਲਾ ਮਚਾਇਆ। ਉਹ ਅਜੇ ਢੁਕਵੇਂ ਸਮੇਂ ਦੀ ਇੰਤਜ਼ਾਰ ਹੀ ਕਰ ਰਹੇ ਸਨ ਕਿ ਦਿੱਲੀ ਮੁੜ ਅੰਗ੍ਰੇਜ਼ਾਂ ਦੇ ਕਬਜ਼ੇ ਵਿਚ ਆ ਗਈ। ਦਿਲੀ ਦੀ ਇਹ ਫਤਹ ਨੇ ਉਨ੍ਹਾਂ ਦੇ ਹੌਸਲੇ ਢਾਹ ਦਿਤੇ ਉਨ੍ਹਾਂ ਦੇ ਦਿਲਾਂ ਦੀਆ ਦਿਲਾਂ ਵਿਚ ਰਹਿ ਗਈਆਂ। ਉਸੇ ਸਾਲ ਹੀ ਕੂਕਾ ਲਹਿਰ ਨੇ ਜਨਮ ਲਿਆ ਅਤੇ ਥੋੜ੍ਹੇ ਚਿਰ ਵਿਚ ਹੀ ਆਮ ਜਨਤਾ ਵਿਚ ਫੈਲ ਗਈ। ਇਹ ਸਫਲਤਾ ਕਦੀ ਵੀ ਸੰਭਵ ਨਹੀਂ ਸੀ ਹੋ ਸਕਦੀ ਜੇ ਆਮ ਸਿਖ ਜਨਮਾ ਵਿਚ ਸਰਕਾਰ ਦੀ ਵਿਰੋਧਤਾ ਦੀ ਭਾਵਨਾ ਨਾ ਹੁੰਦੀ। ਉਸ ਭਾਵਨਾ ਨੂੰ ਪ੍ਰਗਟਾਉਣ ਦਾ ਸਿਹਰਾ ਬਾਬਾ ਰਾਮ ਸਿੰਘ ਜੀ ਦੇ ਸਿਰ ਹੈ। ਇਸ ਲਈ ਉਨ੍ਹਾਂ ਦੀ ਦੇਣ ਸਦਾ ਸ਼ੁਕਰੀਏ ਸਹਿਤ ਯਾਦ ਰਖੀ ਜਾਏਗੀ।*

## ਪਿਆਰਾ ਸਿੰਘ ਸਹਿਰਾਈ :

1857 ਦੀ ਬਗ਼ਾਵਤ ਦੀ ਅਸਫ਼ਲਤਾ ਤੋਂ ਪਿਛੋਂ, ਕੂਕਾ ਅਰਥਾਤ ਨਾਮਧਾਰੀ ਲਹਿਰ ਨੇ ਹੀ ਦੇਸ਼ ਦੀ ਆਜ਼ਾਦੀ ਦਾ ਡੰਕਾ ਵਜਾਇਆ, ਨਗਾਰੇ ਤੇ ਚੋਟ ਲਾਈ, ਅਤੇ ਸੁਤੰਤਰਤਾ-ਪ੍ਰਾਪਤੀ ਦੇ ਸਿਲਸਿਲੇ ਵਿਚ ਵੱਡੀਆਂ ਕੁਰਬਾਨੀਆਂ ਦਿੱਤੀਆਂ ਜੋ ਕਈ ਪੱਖਾਂ ਤੋਂ ਬੇਮਿਸਾਲ ਹਨ।...

ਕੂਕਾ ਲਹਿਰ ਭਾਵੇਂ ਪੰਜਾਬ ਦੀ ਜੰਮ-ਪਲ ਹੈ, ਪਰ ਇਹ ਆਪਣੇ ਤੱਤ ਤੇ ਆਪਣੇ ਸਾਰ ਤੋਂ ਦੇਸ਼ ਨੂੰ ਵਿਦੇਸ਼ੀ, ਗੋਰੀ ਗੁਲਾਮੀ ਤੋਂ ਆਜ਼ਾਦ ਕਰਵਾਉਣ ਲਈ, ਸਮਾਜਕ ਤੇ ਆਤਮਕ ਮੁਕਤੀ ਲਈ ਚਲਾਈ ਗਈ ਇਕ ਰਾਸ਼ਟਰ-ਵਿਆਪੀ ਲਹਿਰ ਸੀ, ਅਤੇ ਉੱਚੇ-ਸੁੱਚੇ ਕਿਰਦਾਰ ਦੀ ਪ੍ਰਾਪਤੀ ਲਈ ਇਕ ਸਾਧਨ ਸੀ।...

ਸਹਿਨਸ਼ੀਲਤਾ ਤੇ ਰਵਾਦਾਰੀ (ਟਾਲਰੇਂਸ) ਕੂਕਾ ਲਹਿਰ ਦਾ ਇਕ ਉਚੇਚਾ ਗੁਣ ਰਿਹਾ ਹੈ, ਇਥੋਂ ਤਕ ਕਿ ਮਹਾਰਾਜ ਪ੍ਰਤਾਪ ਸਿੰਘ ਜੀ ਤੇ (ਵਰਤਮਾਨ ਸਤਿਗੁਰੂ) ਮਹਾਰਾਜ ਜਗਜੀਤ ਸਿੰਘ ਜੀ ਨਾਸਤਿਕਾਂ ਨੂੰ ਵੀ ਨਿਵਾਜਦੇ ਰਹੇ ਹਨ। ਇਹ ਗੁਣ ਮਹਾਰਾਜ ਪ੍ਰਤਾਪ ਸਿੰਘ ਜੀ ਦੀ ਦੇਣ ਹੈ, ਉਨ੍ਹਾਂ ਨੇ ਜਾਣ-ਸਮਝ ਲਿਆ ਸੀ ਕਿ ਦੇਸ਼ ਦੀ ਆਜ਼ਾਦੀ ਲਈ ਕਮਿਊਨਿਸਟ ਅੱਗੇ ਵੱਧ ਕੇ ਜੂਝਦੇ ਹਨ ਅਤੇ ਮੂਲ-ਮਨੁੱਖੀ ਕਦਰਾਂ ਦੇ ਝੰਡਾ ਬਰਦਾਰ ਹਨ। ਉਨ੍ਹਾਂ ਨੇ ਅੱਖੀਂ ਡਿੱਠਾ ਸੀ ਕਿ 1947 ਦੇ ਫ਼ਿਰਕੂ ਫ਼ਸਾਦਾਂ ਵਿਚ ਕੇਵਲ ਨਾਮਧਾਰੀਏ ਤੇ ਕਮਿਊਨਿਸਟ ਫ਼ਿਰਕੂ ਜ਼ਹਿਰ ਪੀਣੋਂ ਬਚੇ ਰਹੇ ਸਨ ਅਤੇ ਮਨੁੱਖ ਜਾਤੀ ਦੀ ਸੇਵਾ ਵਿਚ ਪੂਰੇ ਉਤਰੇ ਸਨ। ਮਹਾਰਾਜ ਪ੍ਰਤਾਪ ਸਿੰਘ ਸੁਤੰਤਰਤਾ ਸੰਗਰਾਮੀਏ ਸਨ, ਅਤੇ ਮਨੁੱਖ ਜਾਤੀ ਨੂੰ 'ਏਕ ਪਿਤਾ ਏਕਸ ਕੇ ਬਾਰਕ' ਸਮਝਦੇ ਤੇ ਸਭਨਾਂ ਮਤਾਂ ਨੂੰ ਹੀ ਸਤਿਕਾਰਦੇ ਸਨ, ਤੇ ਇਹਦੇ ਨਾਲ ਹੀ ਉਹ ਅਮਨ ਤੇ ਸ਼ਾਂਤੀ ਕਾਇਮ ਰੱਖਣ ਦੇ ਚਾਹਵਾਨ ਸਨ। ਇਸ ਗੱਲ ਨੇ ਵੀ ਉਨ੍ਹਾਂ ਨੂੰ ਕਮਿਊਨਿਸਟਾਂ ਦੇ ਨੇੜੇ ਲਿਆਂਦਾ ਜਿਹੜੇ ਅਮਨ ਦੀ ਸਥਾਪਤੀ ਅਤੇ ਜੰਗ ਨੂੰ ਟਾਲਣ ਲਈ ਘੁਲੇ ਜਾਂਦੇ ਘੋਲ ਵਿਚ ਮੋਹਰੀ ਸਨ।...

ਕਾਰਲ ਮਾਰਕਸ ਦਾ ਕਥਨ ਹੈ ਕਿ ਪੀੜਾ ਦੀ "ਧਾਰਮਕ ਵਿਆਖਿਆ ਇਹਦੇ ਨਾਲ ਹੀ ਅਸਲੀ ਪੀੜਾ ਦਾ 'ਪ੍ਰਗਟਾਉ' ਹੈ ਅਤੇ ਅਸਲੀ ਪੀੜਾ ਵਿਰੁਧ 'ਰੋਸ' ਵੀ ਹੈ। ਮਜ਼ਹਬ ਤਾਂ ਪੀੜਿਤ ਜੀਵ ਦਾ ਹਉਕਾ ਹੈ, ਦਿਲ-ਰਹਿਤ ਦੁਨੀਆ ਦਾ ਦਿਲ ਹੈ, ਜਿਵੇਂ ਕਿ ਇਹ ਰੂਹ-ਹੀਣ ਹਾਲਤਾਂ ਦੀ ਰੂਹ ਹੈ। ਇਹ ਲੋਕਾਂ ਦੀ 'ਅਫ਼ੀਮ' ਹੈ।"

ਕਾਰਲ ਮਾਰਕਸ ਇਹ ਵੀ ਲਿਖਦਾ ਹੈ ਕਿ "ਮਜ਼ਹਬ ਦੀ ਪੜਚੋਲ ਇਸੇ ਲਈ ਹੀ 'ਭਰੂਣ ਰੂਪ ਵਿਚ ਅੱਥਰੂਆਂ ਦੀ ਵਾਦੀ ਦੀ ਹੀ ਪੜਚੋਲ ਹੈ' ਜਿਸ ਦਾ ਪ੍ਰਭਾ-ਮੰਡਲ ਮਜ਼ਹਬ ਹੈ।"

*ਸ੍ਰੀ ਭੈਣੀ ਸਾਹਿਬ ਜ਼ਿਲ੍ਹਾ ਲੁਧਿਆਣਾ ਵਿਖੇ ਕੁਦਰਤੀ ਇਲਾਜ ਕੇਂਦਰ ਖੋਲ੍ਹਿਆ ਗਿਆ ਹੈ। ਇਸ ਕੇਂਦਰ ਵਿਚ ਮੋਟਾਪੇ, ਗਠੀਆ, ਜੋੜਾਂ ਦੇ ਦਰਦ, ਬਲੱਡ ਪ੍ਰੈਸ਼, ਮਾਨਸਿਕ ਤਨਾਵ ਤੇ ਹੋਰ ਹਰ ਪ੍ਰਕਾਰ ਦੇ, ਇਸਤਰੀ ਪੁਰਸ਼ਾਂ ਦੇ ਅਸਾਧ ਰੋਗਾਂ ਦਾ ਇਲਾਜ ਮੁਫ਼ਤ ਕੀਤਾ ਜਾਂਦਾ ਹੈ। ਇਲਾਜ ਲਈ ਕਿਸੇ ਦੁਆ ਦਾਰੂ ਦੀ ਵਰਤੋਂ ਦੀ ਥਾਂ ਯੋਗ ਆਕੂਪ੍ਰੈਸ਼ਰ, ਚੁੰਬਕ ਚਕਿਤਸਾ, ਮਿੱਟੀ-ਪੱਟੀ, ਟਬ-ਬਾਥ, ਕਸਰਤ ਆਦਿ ਨਾਲ ਹੀ ਰੋਗੀਆਂ ਨੂੰ ਅਰੋਗ ਕੀਤਾ ਜਾਂਦਾ ਹੈ। ਐਸੀ ਜੀਵਨ ਜਾਚ ਦੱਸੀ ਜਾਂਦੀ ਹੈ ਕਿ ਅਗੋਂ ਲਈ ਵੀ ਮਨੁੱਖ ਰੋਗ ਮੁਕਤ ਰਹਿੰਦਾ ਹੈ। ਪੁਰਸ਼ਾਂ ਦਾ ਇਲਾਜ ਸਵੇਰੇ ਤੇ ਔਰਤਾਂ ਦਾ ਦੁਪਹਿਰ ਬਾਅਦ ਕੀਤਾ ਜਾਂਦਾ ਹੈ।*

*ਸ੍ਰੀ ਸਤਿਗੁਰੂ ਜੀ ਨੇ ਮੁਖ ਚਕਿਤਸਕ ਦੀ ਜ਼ੁੰਮੇਵਾਰੀ ਅਨੁਭਵੀ ਡਾਕਟਰ ਇਕਬਾਲ ਸਿੰਘ ਨੂੰ ਸੌਂਪੀ ਹੈ ਜਿਨ੍ਹਾਂ ਦੇ ਗੁਣਾਂ ਦੀ ਬੜੀ ਚਰਚਾ ਰਹੀ ਹੈ। ਪਤਾ ਲੱਗਾ ਹੈ ਦੂਰੋਂ ਨੇੜਿਓਂ ਮਰੀਜ਼ ਇਸ ਕੇਂਦਰ ਵਿਚ ਇਲਾਜ ਲਈ ਆਉਂਦੇ ਹਨ।*



Sri Satguru Jagjit Singh Ji Elibrary NamdhariElibrary@gmail.com

# "ਅਕਾਲ ਪੁਰਖ ਦੀ ਮਹਾਨ ਕਿਰਪਾਲਤਾ ਨਾਲ ਅੰਗ੍ਰੇਜ਼ ਆਏ!"

*ਸ: ਮੁਨਸ਼ਾ ਸਿੰਘ 'ਦੁਖੀ', ਭਾਈ ਮੋਹਨ ਸਿੰਘ ਵੈਦ ਜੀ ਦੀ ਜੀਵਨੀ ਦੇ ਪੰਨਾ 92 ਤੋਂ ਲਿਖਦੇ ਹਨ—*

*"ਜੋ ਉਸ ਵੇਲੇ ਵਧ ਚੜ੍ਹ ਕੇ ਕੰਮ ਕਰ ਰਹੇ ਸਨ, ਜਿਨ੍ਹਾਂ ਨੇ ਸਿੰਘ ਸਭਾ ਲਹਿਰ ਦੀ ਬੁਨਿਆਦ ਰੱਖੀ, ਜਿਨ੍ਹਾਂ ਨੇ ਖ਼ਾਲਸਾ ਦੀਵਾਨ ਕਾਇਮ ਕੀਤਾ, ਜਿਸ ਦੀ ਨੀਂਹ ਉਪਰ ਪਿੱਛੋਂ ਅੱਜ ਕਲ ਦੇ 'ਚੀਫ਼ ਖ਼ਾਲਸਾ ਦੀਵਾਨ' ਦੀ ਉਸਾਰੀ ਹੋਈ, ਜਿਨ੍ਹਾਂ ਮਾਨਯੋਗ ਆਗੂਆਂ ਨੇ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਨੀਂਹ ਰੱਖੀ, ਜਿਨ੍ਹਾਂ ਨੂੰ ਅਸੀਂ ਉਸ ਵੇਲੇ ਦੇ ਦੇਸ਼ਭਗਤ ਕੌਮ ਪੁਜ ਉਚੇ ਸਿੱਖ ਤੇ ਮਹਾਤਮਾ ਕਹਿ ਸਕਦੇ ਹਾਂ-ਦਾ ਇਕ ਜੱਥਾ ਜੋ ਉਸ ਸਮੇਂ ਦੇ ਲਾਟ ਸਾਹਿਬ ਤੇ ਵਾਇਸਰਾਏ ਪਾਸ ਡੈਪੂਟੇਸ਼ਨ ਬਣ ਕੇ ਸਿੱਖਾਂ ਦੀ ਹਾਲਤ ਦੱਸਣ ਗਿਆ। ਸਿੱਖ ਪੰਥ ਦੇ ਫ਼ਾਇਦੇ ਖ਼ਾਤਰ ਗਿਆ। ਉਸ ਨੇ ਜੋ ਐਡਰੇਸ ਵਾਇਸਰਾਇ ਲਾਰਡ ਡੱਫ਼ਰਿਨ ਜੋਗ 16-11-1888 ਨੂੰ ਪੇਸ਼ ਕੀਤੇ।' ਉਸ ਵਿਚ ਜੋ ਜੋ ਗੱਲਾਂ ਸਿੱਖਾਂ ਬਾਬਤ, ਸਿੱਖ ਰਿਆਸਤਾਂ ਬਾਬਤ ਤੇ ਅੰਗ੍ਰੇਜ਼ੀ ਰਾਜ ਬਾਬਤ ਕਹੀਆਂ ਹਨ, ਉਨ੍ਹਾਂ ਨੂੰ ਪੜ੍ਹ ਕੇ ਅਜ ਕਲ੍ਹ ਦੇ ਨੌਜਵਾਨ ਦੀ ਸੀਨੇ ਵਿਚ ਗੁੱਸੇ, ਗੈਰਤ ਤੇ ਗੁਮਰਾਹ-ਪਨ ਦੀ ਅੱਗ ਭੜਕੇ ਬਿਨਾਂ ਨਹੀਂ ਰਹਿ ਸਕਦੀ। ਅਸੀਂ ਉਸ ਵਿਚੋਂ ਕੁਝ ਸਤਰਾਂ ਏਥੇ ਦਰਜ ਕਰਦੇ ਹਾਂ:-*

*. . ਬੜਾ ਖ਼ਤਰਾ ਸੀ ਕਿ ਪੰਥ ਬਰਬਾਦ ਹੋ ਜਾਏਗਾ। ਪਰ ਅਕਾਲ ਪੁਰਖ ਨੇ ਮਹਾਨ ਕਿਰਪਾਲਤਾ ਕੀਤੀ, ਪੂਰਬ ਵੱਲੋਂ ਸੱਭਯਤਾ ਦਾ ਚਾਨਣ ਭੇਜ ਦਿੱਤਾ।*

"ਪੱਛਮੀ ਸੱਭਯਤਾ ਦਾ ਚਾਨਣ, ਜੋ ਭਾਰਤ ਵਰਸ਼ ਵਿੱਚ ਸੂਰਜ ਵਾਂਗ ਪੂਰਬ ਵੱਲ ਉਦਯ ਹੋਇਆ, ਪੰਜਾਹ ਕੁ ਸਾਲਾਂ ਵਿਚ ਖਾੜੀ ਬੰਗਾਲ ਤੋਂ ਚੱਲ ਕੇ ਜਮੁਨਾ ਦੇ ਪੱਛਮੀ ਕੰਢੇ ਤੱਕ ਪੁੱਜ ਚੁੱਕਾ ਸੀ। ਅਰ ਅਗਲੇ ਪੰਜਾਹ ਸਾਲਾਂ ਵਿਚ ਅਟਕ ਦੇ ਕੰਢਿਆਂ ਤੱਕ ਆ ਗਿਆ। ਜਿਉਂ ਜਿਉਂ ਪੂਰਬ ਵੱਲੋਂ ਪੱਛਮ ਨੂੰ ਚੱਲਦਾ ਆਇਆ ਇਸ ਨੇ ਜਾਦੂ ਵਾਂਗ ਅਸਰ ਕੀਤਾ। ਅਗਿਆਨਤਾ ਦੇ ਅਨ੍ਹੇਰੇ ਵਿੱਚ ਸੁੱਤਿਆਂ ਨੂੰ ਜਗਾ ਕੇ ਨਵਾਂ ਜੀਵਨ ਪ੍ਰਦਾਨ ਕਰਦਾ ਆਇਆ। ਵਾਹਿਗੁਰੂ ਨੂੰ ਮਨਜ਼ੂਰ ਸੀ ਕਿ ਸਿੱਖ ਵੀ ਇਸ ਤੋਂ ਵਿਰਵੇ ਨਾ ਰਹਿਣ ਅਰ ਸੱਭਯ ਕੌਮ ਬਣਨ।

"ਸਿੱਖਾਂ ਦੇ ਦੋ ਹਿੱਸੇ ਮੰਨੇ ਆਏ ਹਨ—ਸਤਿਲੁਜ ਦੇ ਉੱਤਰ ਵੱਲ ਰਹਿਣ ਵਾਲੇ ਅਰ ਇਸ ਦੇ ਦੱਖਣ ਵੱਲ ਵੱਸਣ ਵਾਲੇ। ਪਹਿਲਾਂ ਉੱਤਰੀ ਹਿੱਸੇ ਦੇ ਸਿੱਖ ਸਨ ਜੋ ਵਾਹਿਗੁਰੂ ਦੀ ਮੇਹਰ ਦਵਾਰਾ ਇਸ ਦੀਆਂ ਪ੍ਰਤਾਪਵਾਨ ਅਰ ਜੀਵਨ-ਦਾਤਾ ਕਿਰਨਾਂ ਦੀ ਛਤਰ ਛਾਇਆ ਹੇਠ ਆਏ। ਇਸ ਦੇ ਠੀਕ 40 ਸਾਲ ਪਿਛੋਂ ਦੱਖਣੀ ਹਿੱਸਾ ਵੀ ਇਸ ਮਹਾਨ ਉਜਾਲੇ ਨਾਲ ਪ੍ਰਕਾਸ਼ਵਾਨ ਹੋ ਗਿਆ।

"...ਬਦਕਿਸਮਤੀ ਇਹ ਸੀ, ਕਿ ਸਿੱਖਾਂ ਨੂੰ ਦੋ ਵੱਡੀਆਂ ਤਾਕਤਾਂ ਢਾਹ ਲਾ ਰਹੀਆਂ ਸਨ:-ਇਹੋ ਜਿਹੇ ਗੁਰੂ ਯਾਰ੍ਹਾਂਵਾਂ, ਬਾਰ੍ਹਵਾਂ, ਤੇਰ੍ਹਵਾਂ ਆਦਿਕ ਗਿਣੇ ਜਾਂਦੇ ਸਨ। ਸਿਖ ਫੁਟ ਦਾ ਸ਼ਿਕਾਰ ਹੋਏ ਹੋਏ ਅਰ ਆਪਸ ਵਿਚ ਲੜਾਈ ਝਗੜੇ ਕਾਰਨ ਨਾ ਕੇਵਲ ਧਰਮ ਦਾ ਅਪਮਾਨ ਹੀ ਹੋਇਆ, ਸਗੋਂ ਪੰਥ ਵਿਚ ਇਕ ਦੂਜੇ ਲਈ ਨਫਰਤ ਅਤੇ ਈਰਖਾ ਦ੍ਵੈਖ ਉੱਠ ਖਲੋਤੇ। ਨਾਲ ਹੀ ਬਾਹਰੋਂ ਵੀ ਸਰਕਾਰੀ ਦਖ਼ਲ ਅੰਦਾਜ਼ੀ ਦੀਆਂ ਤਕਲੀਫ਼ਾਂ ਆ ਪਈਆਂ।

"ਇਨ੍ਹਾਂ ਸਾਰੇ ਕਾਰਨਾਂ ਦਾ ਮਿਲਵਾਂ ਨਤੀਜਾ ਪੰਥ ਲਈ ਬਹੁਤ ਬੁਰਾ ਹੋਣਾ ਸੀ ਜੇ ਵਾਹਿਗੁਰੂ ਅਰ ਸਤਿਗੁਰਾਂ ਦੀ ਮੇਹਰ ਨਾ ਹੁੰਦੀ। ਏਸ ਸਮੇਂ ਉੱਤਰੀ ਤੇ ਦੱਖਣੀ ਦੋਵੇਂ ਹਿੱਸੇ ਇਸ ਪੂਰਬ ਵੱਲੋਂ ਆਏ ਪ੍ਰਕਾਸ਼ ਹੇਠ ਇੱਕੋ ਜੇਹੇ ਹੋ ਗਏ ਅਰ ਬ੍ਰਿਟਿਸ਼ ਰਾਜ ਦੀ ਪਾਲਨਾ ਪੋਸਨਾ ਹੇਠ ਤਬਾਹੀ ਤੋਂ ਬਚ ਗਏ।

"ਅਤੇ ਇਹ ਗੱਲ ਦੇਖਣ ਲਈ ਬਾਕੀ ਹੈ ਕਿ ਉਨ੍ਹਾਂ ਉੱਤੇ ਪਰਮਾਤਮਾ ਵੱਲੋਂ ਭੇਜੇ ਹੋਏ ਇਸ ਅੰਗ੍ਰੇਜ਼ੀ ਰਾਜ ਤੋਂ ਇਨ੍ਹਾਂ (ਸਿੱਖਾਂ) ਕਿਤਨਾ ਕੁ ਲਾਭ ਉਠਾਇਆ ਹੈ?

"ਅਕਾਲ ਪੁਰਖ ਇਨ੍ਹਾਂ (ਸਿੱਖਾਂ) ਨੂੰ ਇਨ੍ਹਾਂ ਦੇ ਆਪਣੇ ਭਲੇ ਲਈ ਅੰਗ੍ਰੇਜ਼ੀ ਰਾਜ ਹੇਠ ਲੈ ਆਇਆ ਹੈ।

"ਰਈਸ ਸਿੱਖ, ਸਿੱਖਾਂ ਦੇ ਕੁਦਰਤੀ ਲੀਡਰ ਹਨ।...

"...ਜਿਨ੍ਹਾਂ ਨੇ ਸਿੱਖੀ ਨੂੰ ਤਿਆਗ ਦਿੱਤਾ ਹੈ ਜਾਂ ਸਿਰ ਮੂੰਹ ਮੁਨਾ ਕੇ ਪਤਿਤ ਹੋ ਗਏ ਹਨ ਤੇ ਅਜੇ ਭੀ 'ਸਿੰਘ' ਕਹਾਉਂਦੇ ਹਨ, ਜਾਂ ਉਹ ਜਿਹੜੇ ਜਾਣ ਬੁੱਝ ਕੇ ਅਤੇ ਇਰਾਦੇ ਨਾਲ, ਬੁਰਿਆਂ ਨਾਲ ਮਿਲਦੇ ਹਨ, ਜਾਂ ਸ਼ਰਾਰਤੀ ਆਦਮੀ, ਜਾਂ ਇਕ ਟੋਲੇ ਨਾਲ ਜਿਹੜਾ ਕਿ ਵਰਤਮਾਨ ਸਰਕਾਰ ਦੇ ਵਿਰੁੱਧ ਗੜ ਬੜ ਪੈਦਾ ਕਰਦਾ ਹੋਵੇ, ਉਨ੍ਹਾਂ ਨੂੰ ਸਿੱਖਾਂ ਦੇ ਅਧਿਕਾਰ ਨਹੀਂ ਦੇਣੇ ਚਾਹੀਦੇ, ਸਗੋਂ ਉਨ੍ਹਾਂ ਨੂੰ ਸਿੱਖਾਂ ਦੇ ਵੈਰੀ ਸਮਝਣਾ ਚਾਹੀਦਾ ਹੈ।...

"ਇਨ੍ਹਾਂ ਤਜਵੀਜ਼ ਨੂੰ ਪੇਸ਼ ਕਰਨ ਦਾ ਹੀਆ ਅਸੀਂ ਹੇਠ ਲਿਖੇ ਕਾਰਨਾਂ ਕਰਕੇ ਕੀਤਾ ਹੈ:-

"ਸਿੱਖ ਬੜੀਆਂ ਕਠਨ ਪਰੀਖਿਆਵਾਂ ਵਿਚ ਦੀ ਸ਼ਾਨਦਾਰ ਸਫਲਤਾ ਨਾਲ ਲੰਘੇ ਹਨ। 1857 ਦਾ ਇਤਿਹਾਸ ਦੱਸਦਾ ਹੈ ਕਿ ਉਨ੍ਹਾਂ ਨੇ ਕਿਸ ਤਰ੍ਹਾਂ ਆਪਣੀ (ਅੰਗ੍ਰੇਜ਼ੀ) ਸਰਕਾਰ ਲਈ ਮਹਾਨ ਕੁਰਬਾਨੀਆਂ ਕਰਕੇ ਵਫ਼ਾਦਾਰੀ ਦਾ ਪ੍ਰਤੱਖ ਸਬੂਤ ਦਿੱਤਾ।

"ਏਸ ਤਰ੍ਹਾਂ ਸਤਿਗੁਰੂ ਨਾਨਕ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੁਲਾਰਿਆਂ ਨੇ ਸੇਵਾ ਕੀਤੀ ਅਰ ਸਦਾ ਰਹਿਣ ਵਾਲਾ ਜੱਸ ਤੇ ਵਡਿਆਈ ਪ੍ਰਾਪਤ ਕੀਤੀ...।



Sri Satguru Jagjit Singh Ji Elibrary NamdhariElibrary@gmail.com

"...1857 ਤੋਂ ਪਹਿਲਾਂ ਤੇ ਉਸ ਤੋਂ ਪਿਛੋਂ ਵੀ ਸਦਾ ਇਨ੍ਹਾਂ ਨੇ ਅੰਗ੍ਰੇਜ਼ੀ ਰਾਜ ਵਿਚ ਵਿਸ਼ਵਾਸ ਰੱਖਿਆ ਤੇ ਵਫਾਦਾਰ ਰਹੇ, ਅਰ ਦੁਨੀਆਂ ਦੇ ਕਿਸੇ ਹਿੱਸੇ ਤੇ ਵੀ ਜਦ ਕਦੇ ਇਨ੍ਹਾਂ ਨੂੰ ਸੇਵਾ ਕਰਨ ਦਾ ਹੁਕਮ ਹੋਇਆ ਤਾਂ ਇਨ੍ਹਾਂ ਨੇ ਅੰਗ੍ਰੇਜ਼ੀ ਰਾਜ ਦੀ ਵਡਿਆਈ ਨੂੰ ਉੱਚਾ ਕੀਤਾ।

"(2) ਇਨ੍ਹਾਂ (ਸਿੱਖਾਂ) ਨੇ (ਮਹਾਰਾਜਾ) ਦਲੀਪ ਸਿੰਘ ਦੇ ਹੱਕਾਂ ਨੂੰ ਮੰਨਣ ਤੋਂ ਇਨਕਾਰ ਕਰਕੇ ਚੰਗੀ ਤਰ੍ਹਾਂ ਦੱਸ ਦਿੱਤਾ ਕਿ ਉਹ ਕਿਵੇਂ ਬ੍ਰਿਟਿਸ਼ ਰਾਜ ਹੇਠ ਬੜੇ ਸੁਖੀ ਹਨ...।

"..ਸਿੱਖਾਂ ਨੂੰ ਪਤਾ ਲੱਗ ਗਿਆ ਹੈ ਕਿ ਉਹ ਅੰਗ੍ਰੇਜ਼ੀ ਰਾਜ ਹੇਠ ਰਹਿ ਕੇ ਹੀ ਅੱਛੀ ਤਰ੍ਹਾਂ ਫਲ ਫੁੱਲ ਸਕਦੇ ਹਨ, ਅਤੇ ਜਦ ਹੁਣ ਦੀ ਹਾਲਤ ਨੂੰ ਉਨ੍ਹਾਂ ਸਿੱਖ ਰਾਜਿਆਂ (ਮਹਾਰਾਜਾ ਰਣਜੀਤ ਸਿੰਘ ਜੀ ਆਦਿ) ਹੇਠ ਵੱਸਣ ਵਾਲਿਆਂ ਦੀ ਹਾਲਤ ਨਾਲ ਮੁਕਾਬਲਾ ਕਰੀਏ ਤਾਂ ਪਤਾ ਲੱਗਦਾ ਹੈ ਕਿ ਅੰਗ੍ਰੇਜ਼ਾਂ ਦਾ ਵਰਤਾਓ (ਸਿੱਖ ਰਾਜ ਵਿਚ ਵੱਸਣ ਨਾਲੋਂ) ਅੱਛਾ ਹੈ। ਬੀਤ ਗਏ ਇਤਿਹਾਸ ਨੂੰ ਛੱਡ ਦੇਵੇ, ਅੱਜ ਕਲ੍ਹ ਸਿੱਖ ਰਿਆਸਤਾਂ ਵਿਚ ਬੀਤ ਰਹੀਆਂ ਗੱਲਾਂ ਇਸ ਗੱਲ ਦਾ ਪ੍ਰਤੱਖ ਸਬੂਤ ਹਨ। ਕਿਸੇ ਰਿਆਸਤ ਵਿਚ ਵੀ ਸਿੱਖੀ ਦੇ ਵਾਧੇ ਲਈ ਹੌਸਲਾ ਨਹੀਂ ਦਿੱਤਾ ਜਾਂਦਾ। ਸਗੋਂ ਸਿੱਖਾਂ ਨਾਲ ਘਿਰਨਾ ਅਰ ਬੇਪਰਵਾਹੀ ਵਾਲਾ ਵਰਤਾਰਾ ਕੀਤਾ ਜਾਂਦਾ ਹੈ। ਜਰਾ ਕੁ ਧਿਆਨ ਦੇਣ ਨਾਲ ਸਾਫ਼ ਦਿਸਦਾ ਹੈ ਕਿ ਸਿੱਖ ਰਿਆਸਤਾਂ ਵਿਚ ਤੀਜਾ ਹਿੱਸਾ ਵੀ ਵੱਡੀਆਂ ਵੱਡੀਆਂ ਨੌਕਰੀਆਂ ਦਾ ਸਿੱਖਾਂ ਨੂੰ ਨਹੀਂ ਮਿਲਿਆ ਹੋਇਆ। ਅੰਗ੍ਰੇਜ਼ੀ ਰਾਜ ਵਿਚ ਇਨ੍ਹਾਂ ਨਾਲ ਠੀਕ ਦੂਜਿਆਂ ਵਾਂਗ ਵਰਤਿਆ ਜਾਂਦਾ ਹੈ, ਅਰ ਕਈ ਇੱਜ਼ਤਦਾਰ ਸਿਵਲ ਅਤੇ ਫੌਜੀ ਨੌਕਰੀਆਂ ਯੋਗ ਸਿੱਖਾਂ ਨੂੰ ਦਿੱਤੀਆਂ ਜਾਂਦੀਆਂ ਹਨ।

"(3) ਹੋਰ ਕੋਈ ਕੌਮ ਜਾਂ ਮੱਤ ਸਿੱਖਾਂ ਜਿੰਨੀਆਂ ਪਰੀਖਿਆਵਾਂ ਵਿਚੋਂ ਨਹੀਂ ਲੰਘਿਆ।

"... (ਮਹਾਰਾਜਾ) ਦਲੀਪ ਸਿੰਘ ਰੂਸੀ ਸਾਜ਼ਸ਼ ਦੀ ਚੁੱਕ ਨਾਲ ਖੁੱਲ੍ਹੇ ਤੌਰ ਤੇ ਸਿੱਖਾਂ ਨੂੰ ਆਪਣੀ ਵੱਲ ਸੱਦ ਰਿਹਾ ਹੈ। ਸਿੱਖ ਉਸਨੂੰ (ਮਹਾਰਾਜਾ ਦਲੀਪ ਸਿੰਘ ਨੂੰ) ਦਗੇਬਾਜ਼ ਝੂਠਾ ਦਾਅਵੇਦਾਰ ਸਮਝਦੇ ਹਨ। ਉਹ (ਸਿੱਖ) ਆਪਣੀ ਸਰਵ ਅਧਿਕਾਰੀ ਮਲਕਾ ਲਈ ਮਰ ਮਿਟਣਗੇ ਪਰ ਉਸ (ਦਲੀਪ ਸਿੰਘ) ਨੂੰ ਕਦੀ ਵੀ ਆਪਣਾ ਮਹਾਰਾਜਾ ਨਹੀਂ ਮੰਨਣਗੇ।

"...ਸਿੱਖਾਂ ਤੇ ਏਨੀਆਂ ਮੇਹਰਾਂ ਦਾ ਮੀਂਹ ਵਸਾਇਆ ਜਾਏ ਕਿ ਇਹ ਪੂਰਨ ਸਭਯ ਕੌਮ ਬਣ ਜਾਣ...।

"...ਇਹ ਭਾਰਤ ਵਿਚ ਅੰਗ੍ਰੇਜ਼ੀ ਰਾਜ ਦੇ ਸਭ ਤੋਂ ਵੱਧ ਵਫ਼ਾਦਾਰ ਹਨ ਤੇ ਸਦਾ ਰਹਿਣਗੇ।

"ਖ਼ਤਮ ਕਰਨ ਤੋਂ ਪਹਿਲਾਂ ਅਸੀਂ ਵਾਹਿਗੁਰੂ ਪਾਸ ਜ਼ਰੂਰ ਅਰਜ਼ ਕਰਦੇ ਹਾਂ ਕਿ ਉਹ ਅੰਗ੍ਰੇਜ਼ੀ ਰਾਜ ਸਾਡੇ ਸਿਰਾਂ ਤੇ ਸਦਾ ਬਣਾਈ ਰੱਖੇ, ਕੇਵਲ ਜਿਸ ਦੀ ਰੱਖਿਆ ਹੇਠ ਹੀ ਅਸੀਂ ਪੂਰਨ ਸੁਤੰਤਰਤਾ ਮਾਣ ਸਕਦੇ, ਧਾਰਮਿਕ ਅਸੂਲਾਂ ਦੀ ਪਵਿੱਤਰਤਾ ਮੋੜ ਲਿਆ ਸਕਦੇ, ਅਰ ਸੱਭਯ ਬਣ ਸਕਦੇ ਹਾਂ।

"ਇਹ ਬ੍ਰਿਟਿਸ਼ ਰਾਜ ਦੀ ਹੀ ਵਡਿਆਈ ਹੈ ਕਿ ਅੱਜ ਅਸੀਂ ਆਪ ਦੇ ਸਾਹਮਣੇ ਆਪਣੀ ਕੌਮ ਲਈ ਬੇਨਤੀ ਕਰ ਰਹੇ ਹਾਂ। ਸਿੱਖ ਰਾਜ ਜਾਂ ਹੋਰ ਕਿਸੇ ਰਾਜ ਹੇਠ ਕਿਸ ਦਾ ਹੌਸਲਾ ਸੀ ਜੋ ਅਜੇਹਾ ਕਰ ਸਕੇ, ਨਾ ਹੀ ਅਜਿਹੀ ਆਜ਼ਾਦੀ ਕਿਸੇ ਰਿਆਸਤ ਵਿੱਚ ਸਿੱਖ ਮਾਣਦੇ ਦਿਖਾਈ ਦੇਂਦੇ ਹਨ। ਇਹ ਅਦੁੱਤੀ ਅੰਗ੍ਰੇਜ਼ੀ ਰਾਜ ਦੀ ਵਡਿਆਈ ਹੈ।

"ਇਹ ਕੇਵਲ ਅੰਗ੍ਰੇਜ਼ੀ ਰਾਜ ਦੀ ਹੀ ਬਰਕਤ ਹੈ ਕਿ ਸਿੱਖਾਂ ਵਿਚ ਝੂਠੇ ਅਸੂਲਾਂ ਅਰ ਪਾਖੰਡੀ ਗੁਰੂਆਂ ਦਾ ਅਸੀਂ ਪੂਰੀ ਤਰ੍ਹਾਂ ਮੁਕਾਬਲਾ ਕਰ ਸਕੇ ਹਾਂ, ਅਤੇ ਖੁਲ੍ਹੀ ਤਰ੍ਹਾਂ ਉਨ੍ਹਾਂ ਥੋੜ੍ਹੇ ਜਿਹਿਆਂ ਨੂੰ ਦੁਰਕਾਰ ਚੁੱਕੇ ਹਾਂ, ਜਿਹੜੇ ਕਿ ਪੱਕੇ ਵਫ਼ਾਦਾਰ ਨਹੀਂ ਹਨ। ਇਸ ਨਾਲ ਉਨ੍ਹਾਂ ਨੂੰ ਵਾਹਿਗੁਰੂ ਤੇ ਦਸਾਂ ਗੁਰੂਆਂ ਦੀ ਕ੍ਰੋਪੀ ਦੇ ਭਾਗੀ ਬਣਨਾ ਸੀ। ਐਸੇ ਰਾਜ ਦੀ ਰੱਖਯਾ ਲਈ ਅਸੀਂ ਦਿਨ ਰਾਤ ਅਰਦਾਸ ਕਰਦੇ ਹਾਂ, ਅਰ ਐਸੇ ਰਾਜ ਲਈ ਅਸੀਂ ਸਭ ਤੋਂ ਮੂਹਰੇ ਕੁਰਬਾਨ ਹੋਵਾਂਗੇ, ਇਤਿਆਦਿਕ...।"

ਹਿੰਦੁਸਤਾਨ ਭਰ ਵਿਚ ਇਹ ਗੱਲ ਆਪਣੇ ਆਪ ਵਿਚ ਬੇਮਿਸਾਲ ਹੈ-ਕਿ ਇਕ ਪੂਰੀ ਦੀ ਪੂਰੀ ਧਾਰਮਿਕ, ਸਮਾਜਿਕ, ਸਭਿਆਚਾਰਕ ਤੇ ਰਾਜਨੀਤਕ ਪੂਰਨੇ ਪਾਉਣ ਵਾਲੀ ਸੰਸਥਾ ਨੇ ਆਪਣੇ ਸੂਬੇ ਦੇ ਅੰਗ੍ਰੇਜ਼ ਲਾਟ ਸਾਹਿਬ ਨੂੰ ਅਰਜ਼ ਕਰਕੇ ਆਪਣਾ ਸਰਪ੍ਰਸਤ ਬਣਾਇਆ।

ਬੰਗਾਲੀਆਂ ਦੀਆਂ ਉਨ੍ਹੀਵੀਂ ਸਦੀ ਦੀਆਂ ਲਹਿਰਾਂ ਦੇ ਅਤੀਤ ਵਿਚ ਵਿਚਾਰ ਵੇਦ, ਵੇਦਾਂਤ ਅਤੇ ਆਗਮ ਦੇ ਮੂਲ ਗ੍ਰੰਥਾਂ ਵਿਚ ਤਾਂ ਹੈ ਸੀ ਪਰ ਉਸ ਉਪਰ ਮੱਧ ਜੁਗ ਦੇ ਚਿੰਤਨ ਮਨਨ ਤੇ ਸਥਾਪਨਾਵਾਂ ਦਾ ਵਿਰਸਾ ਉਨ੍ਹਾਂ ਕੋਲ ਨਹੀਂ ਸੀ।

ਸਤਿਗੁਰੂ ਨਾਨਕ ਨੇ 'ਬ੍ਰਹਮ' ਦੇ ਸੰਦਰਭ ਵਿਚ ਵੇਦਾਂਤ ਦੇ ਮੂਲ ਸਿਧਾਂਤ ਨੂੰ ਮੰਨ ਕੇ ਹੀ 'ਬ੍ਰਹਮ' ਬਾਰੇ ਆਪਣੀ ਧਾਰਨਾ ਪ੍ਰਗਟ ਕੀਤੀ ਹੈ ਤੇ ਇਹ ਧਾਰਨਾ ਬੰਗਾਲ ਦੇ ਬ੍ਰਹਮ ਸਮਾਜੀ ਮਹਾਂਪੁਰਸ਼ਾਂ ਤੋਂ ਕਈ ਸੌ ਸਾਲ ਪਹਿਲਾਂ ਵਿਅਕਤ ਕੀਤੀ ਜਾ ਚੁੱਕੀ ਸੀ।

... ਪੰਜਾਬ ਦੀ ਸਿੰਘ ਸਭਾ ਲਹਿਰ ਦੇ ਪਿਛੋਕੜ ਵਿਚ ਵੇਦ, ਵੇਦਾਂਤ ਅਤੇ ਆਗਮ ਦੇ ਚਿੰਤਨ, ਮਨਨ ਤੇ ਸਥਾਪਨਾਵਾ ਦਾ ਇਕ ਸੁਨਹਿਰਾ ਵਿਰਸਾ ਆਦਿ ਅਤੇ ਦਸਮ ਗੁਰੂ ਸਾਹਿਬਾਨ ਦੀ ਬਾਣੀ ਦੇ ਰੂਪ ਵਿਚ ਮੌਜੂਦ ਸੀ। ਬੰਗਾਲੀਆਂ ਨੇ ਉਹੋ ਚਿੰਤਨ ਮਨਨ ਉਨ੍ਹੀਂਵੀਂ ਸਦੀ ਵਿਚ ਕੀਤਾ ਤੇ ਉਸ ਦੌਰ ਨੂੰ 'ਪੁਨਰ ਜਾਗਰਨ' ਦਾ ਦੌਰ ਆਖਿਆ। ਪਰ ਸਿੰਘ ਸਭਾ ਲਹਿਰ ਨੇ ਵਿਰਸੇ ਵਿਚ ਮਿਲੇ ਚਿੰਤਨ ਮਨਨ ਨੂੰ ਆਪਣਾ ਮੰਨਣ ਤੋਂ ਇਨਕਾਰ ਕਰਕੇ ਉਸ ਸਾਰੀ ਖੋਜ ਧਾਰਨਾ ਉਪਰ ਹੀ ਦਰਵਾਜ਼ੇ ਬੰਦ ਕਰ ਦਿੱਤੇ।

*—ਇਕ ਟਿਪਣੀ*



Sri Satguru Jagjit Singh Ji Elibrary NamdhariElibrary@gmail.com

# ਉਪਦੇਸ

## ਸਤਿਗੁਰੂ ਜਗਜੀਤ ਸਿੰਘ ਜੀ

● ਅਸੀਂ ਆਪਣੇ ਆਪਣੇ ਘਰਾਂ 'ਚ ਝਾਤੀ ਮਾਰੀਏ ਅਸੀਂ ਕਿੰਨੇ ਵਜੇ ਉਠਦੇ ਹਾਂ। ਅੰਮ੍ਰਿਤ ਵੇਲੇ 4 ਵਜੇ ਤਕ ਘਰਾਂ ਵਿਚ ਕੋਈ ਸੁੱਤਾ ਪਿਆ ਨਾ ਹੋਵੇ। ਪੁਰਾਣੇ ਨਾਮਧਾਰੀ ਸਿੱਖ ਸਨ ਉਹ ਅੱਧੀ ਰਾਤ ਕੰਮ ਕਾਰ ਤੋਂ ਵਿਹਲੇ ਹੋ ਸੌਂਦੇ ਸਨ, ਸਵੇਰੇ ਫਿਰ ਟਾਈਮ ਨਾਲ ਉਠ ਕੇ ਭਜਨ ਕਰਦੇ ਸਨ। ਉਹ ਸਤਿਗੁਰੂ ਨੂੰ ਚੰਗੇ ਲਗਦੇ ਸਨ—

*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰ ਸਿਖੁ ਗੁਰੂ ਮਨਿ ਭਾਵੈ॥*

> "ਅੰਗ੍ਰੇਜ਼, ਸਤਿਗੁਰੂ ਰਾਮ ਸਿੰਘ ਤੇ ਸਿੱਖ ਕੂਕਿਆਂ ਨੂੰ ਆਪਣਾ ਵੱਡਾ ਦੁਸ਼ਮਣ ਸਮਝਦਾ ਸੀ। ਉਸਨੇ ਆਪਣੀਆਂ ਲਿਖਤਾਂ ਵਿਚ ਲਿਖਿਆ, ਕੂਕਾ ਸ਼ਰਾਬ ਨਹੀਂ ਪੀਂਦਾ, ਕੂਕਾ ਝੂਠ ਨਹੀਂ ਬੋਲਦਾ, "ਕੂਕਾ ਕਦੇ ਅੰਗ੍ਰੇਜ਼ ਦਾ ਵਫ਼ਾਦਾਰ ਨਹੀਂ ਹੋ ਸਕਦਾ।" ਉਸਨੇ ਸਿਰਫ਼ ਕੂਕੇ ਵਾਸਤੇ ਹੀ ਇਹ ਲਿਖਿਆ, "It is impossible for a Kuka to be "loyal subject of British govt." ਸਾਰੇ ਹਿੰਦੁਸਤਾਨ ਵਿਚ ਇਹ ਸ਼ਬਦ ਹੋਰ ਕਿਸੇ ਵਾਸਤੇ ਨਹੀਂ ਲਿਖੇ ਗਏ।"

● ਆਸਾ ਦੀ ਵਾਰ ਵਿਚ ਬਹੁਤ ਘੱਟ ਸਰੀਰ ਆਏ ਹਨ। ਜੇ ਸਿਨਮੇ ਜਾਣਾ ਹੋਵੇ ਤਾਂ ਲਾਈਨਾਂ ਲਗ ਜਾਂਦੀਆਂ ਹਨ। ਆਸਾ ਦੀ ਵਾਰ ਦਾ ਭੋਗ ਜਦੋਂ ਕੀੜੀ ਤੁਰਦੀ ਦਿਸ ਪਵੇ ਉਸ ਵਕਤ ਪੈ ਜਾਣਾ ਚਾਹੀਦਾ ਹੈ। ਤਾਂ ਕਿ ਧਿਆਨ ਪਾਸੇ ਨਾ ਜਾਵੇ, ਨਾਮ ਜਪਣ ਵਾਲੇ ਪਾਸੇ ਲਗੇ, ਇਸ ਪਾਸੇ ਉਦਮ ਕਰੋ। ਗੁਰਬਾਣੀ 'ਚ ਲਿਖਿਆ ਹੈ—

*ਸਗਲ ਉਦਮ ਮਹਿ ਉਦਮੁ ਭਲਾ॥ / ਹਰਿ ਕਾ ਨਾਮੁ ਜਪਹੁ ਜੀਅ ਸਦਾ॥*

● ਕਿਸੇ ਨੇ ਆਖਿਆ ਕਿ ਭਈ ਦੇਖੋ ਜੀ ਗੁਰੂ ਗੋਬਿੰਦ ਸਿੰਘ ਦੇ ਵੇਲੇ ਐਨੇ ਸਿਰ ਮੰਗੇ ਗਏ ਸਨ ਤੇ ਸਿਰ ਦਿੱਤੇ ਗਏ ਸਨ ਤੇ ਐਸ ਵੇਲੇ ਇਹ ਕਪੜੇ ਪਾਉਣ ਤੋਂ ਕਿੰਨਾ ਸੰਕੋਚ ਕਰਦੇ ਨੇ। ਮੈਂ ਨਾਮਧਾਰੀਆਂ ਦੀ ਗੱਲ ਕਰਦਾ ਹਾਂ ਕਿ ਕਿਹੜਾ ਸਿਰ ਹਾਜ਼ਰ ਨਾ ਕਰੇ, ਪਰ ਮਨ ਦੇਣਾ ਔਖੇ, ਸਿਰ ਦੇਣਾ ਸੌਖੇ। ਇਕੋ ਵਾਰੀ ਕੰਮ ਨਿਬੜ ਜਾਂਦੇ। ਮਨ ਦੇਣਾ ਔਖੇ। ਮੈਂ ਤੁਹਾਡਾ ਥੋੜ੍ਹਾ ਥੋੜ੍ਹਾ ਮਨ ਲਿਐ, ਕਪੜਿਆਂ ਨਾਲ ਮੈਂ ਮਨ ਲੈਣ ਦੀ ਕੋਸ਼ਿਸ਼ ਕੀਤੀ ਐ। ਸਤਿਗੁਰੂ ਵਾਲੇ ਪਾਸੇ ਲੱਗਣ ਨਾਲ ਕੀ ਫ਼ਾਇਦਾ ਹੈ ਨੁਕਸਾਨ ਕੀ ਏ ਉਸ ਤੋਂ ਲਾਂਭੇ ਜਾਣ ਨਾਲ? ਉਹ ਮੈਂ ਜਿਹੜੀ ਅਰਜ਼ ਕੀਤੀ ਸੀ ਸਤਿਗੁਰੂ ਦੀ ਪ੍ਰੇਰਨਾ ਹੀ ਐਸੀ ਹੋ ਜਾਂਦੀ ਹੈ ਕਿ ਉਹ ਕਾਮਨਾਵਾਂ... ਜਿਸ ਵੇਲੇ ਨਿਸ਼ਕਾਮ ਹੋ ਜਾਏ, ਸਤਿਗੁਰੂ ਆਪ ਪ੍ਰੇਰਨਾ ਦੇ ਕੇ ਸਾਰੇ ਕੰਮ ਕਰਦੇ। ਮੇਰੇ ਮਤਲਬ ਇਹ ਹੈ ਕਿ ਉਹ (ਮਨੁੱਖ) ਪਹਿਲੋਂ ਆਪਣੀ ਕਾਮਨਾ ਛਡ ਕੇ ਤੇ ਸਤਿਗੁਰੂ ਦੇ ਭਰੋਸੇ ਹੋ ਜਾਵੇ ਤੇ ਉਸ ਦੇ ਕੰਮ ਸਤਿਗੁਰੂ ਸੰਵਾਰਦਾ ਹੈ। ਪਰ ਇਹ ਹੋਣਾ ਬੜਾ ਔਖਾ ਹੈ, ਆਪ ਨੇ ਆਸਾ ਦੀ ਵਾਰ ਵਿਚ ਲਿਖਿਐ, *"ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ।"*

ਦੂਜੀ (ਵਸਤੂ) ਬਾਹਰ ਨਿਕਲ ਜਾਵੇ ਉਹਨੇ ਫੇਰ ਹੀ ਆਉਣੈ। ਇਕ ਭਾਂਡੇ ਵਿਚ ਕੰਕਰ ਪਈ ਏ ਤੇ ਜੇ ਤੁਸੀਂ ਆਖੋ ਕਿ ਉਸ ਵਿਚ ਖੰਡ ਵੀ ਭਰੀ ਜਾਵੇ ਤਾਂ ਇਹ ਕਿਸ ਤਰ੍ਹਾਂ ਹੋ ਸਕਦੈ। ਜਿੰਨੀ ਉਹਦੇ 'ਚੋਂ ਉਹ ਚੀਜ਼ ਨਿਕਲੇਗੀ ਉਨੀ ਦੂਸਰੀ ਪਏਗੀ। ਏਸੇ ਤਰ੍ਹਾਂ ਆਪਣੇ ਆਪ ਨੂੰ ਵਧ ਤੋਂ ਵਧ ਕੋਸ਼ਿਸ਼ ਕਰਨੀ ਐ ਤੁਸਾਂ ਇਸ ਉਮਰ ਵਿਚ ਹੁੰਦਿਆਂ ਹੋਇਆਂ ਸੰਜੀਦਗੀ 'ਚ ਰਹਿਣੈ। ਉਨੀ ਗੱਲ ਕਰਨੀ ਐ ਜਿਹੜੀ ਪੂਰੇ ਤੋਲ ਦੀ ਐ। ਇਨ੍ਹਾਂ ਮੱਦਾਂ ਨੂੰ ਹਮੇਸ਼ਾਂ ਸੋਚਦੇ ਰਹਿਣੈ। ਤਸਵੀਰ ਬਣਾ ਕੇ ਰਖਣੀ ਐ ਇਨ੍ਹਾਂ ਲਈ ਕਿ ਜੇ ਅਸੀਂ ਵੱਡੇ ਬਣਨਾ ਏ, ਜੇ ਅਸੀਂ ਚੰਗੇ ਬਣਨੇ ਤਾਂ ਅਸੀਂ ਚੰਗੀ ਗੱਲ ਸੋਚੀਏ। ਅਰ ਸਿਧੇ ਵਿਚਾਰ ਆਪਣੇ ਬਣਾਈਏ ਤੇ ਮਨ ਨੂੰ ਠੀਕ ਪਾਸੇ ਲਾਈਏ।

> "ਕਈ ਏਹੋ ਜਿਹੀਆਂ ਗੱਲਾਂ ਟੈਲੀਵਿਜ਼ਨ ਤੇ ਹੁੰਦੀਆਂ ਨੇ ਜੋ ਮੇਰਾ ਜੀਅ ਆਖਣ ਨੂੰ ਨਹੀਂ ਕਰਦਾ।"

● ਇਕ ਵਾਰੀ ਸਿਪਾਹੀ ਜਾਂ ਫ਼ੌਜਦਾਰ ਨਿਸ਼ਾਨੇ ਲਾ ਰਹੇ ਸਨ। ਸਵਾਮੀ ਵਿਵੇਕਾ ਨੰਦ ਜੀਅ ਦਾ ਜੀ ਕਰ ਆਇਆ। ਉਹਨਾਂ ਨੇ ਆਖਿਆ ਭਈ ਮੈਂ ਵੀ ਨਿਸ਼ਾਨਾ ਲਾਉਣਾ ਚਾਹੁੰਨਾਂ। ਉਹਨਾਂ ਆਖਿਆ ਲਾਓ। ਸਵਾਮੀ ਹੋਰਾਂ ਕਿਹਾ ਕਿ ਮੈਨੂੰ ਇਹ ਦੱਸ ਦਿਉ ਕਿ "ਬੰਦੂਕ ਚਲਾਉਣੀ ਕਿਸ ਤਰ੍ਹਾਂ ਹੈ। ਬੰਦੂਕ ਚਲਾਉਣੀ ਤੇ ਤੁਹਾਨੂੰ ਸੌਰ ਜੀ ਆਉਂਦੀ ਨਹੀਂ, ਤੁਸੀਂ ਨਿਸ਼ਾਨਾ ਕਿਸ ਤਰ੍ਹਾਂ ਲਾ ਲਉਗੇ।" ਅਸੀਂ ਐਨੇ ਚਿਰ ਦੇ ਲਾਉਂਦੇ ਆਂ ਤੇ ਨਿਸ਼ਾਨਾ ਬੜਾ ਔਖਾ ਏ ਲਾਉਣਾ ।"ਉਹਨਾਂ ਆਖਿਆ, ਨਹੀਂ, ਤੁਸੀਂ ਮੈਨੂੰ ਇਹ ਦੱਸ ਦਿਓ ਕਿ ਘੋੜਾ ਕਿਵੇਂ ਦੱਬਣੇ ਤੇ ਐਸ ਤਰ੍ਹਾਂ ਇਹਦੀ ਸੇਧ ਕਰਨੀ ਐ। ਜਿਸ ਵੇਲੇ ਪਹਿਲੀ ਵੇਰ ਬੰਦੂਕ ਫੜੀ ਸੌਰਾਂ ਨੇ ਠਾਹ ਕਰਦਾ ਨਿਸ਼ਾਨਾ ਮਾਰ ਦਿੱਤਾ। ਉਹ ਬੜੇ ਹੈਰਾਨ ਹੋ ਗਏ ਕਿ ਤੁਸਾਂ ਕਿਸ ਤਰ੍ਹਾਂ ਕੀਤੇ, ਅਸੀਂ ਬੜੇ ਚਿਰ ਦੇ ਕੋਸ਼ਿਸ਼ ਕਰਦੇ ਆਂ ਫੇਰ ਵੀ ਸਾਡਾ ਨਿਸ਼ਾਨਾ ਖੁੰਝ ਜਾਂਦੈ। ਕਿੰਨੇ ਕਿੰਨੇ ਨਿਸ਼ਾਨੇ ਮਾਰ ਕੇ ਕਿਤੇ ਸਾਡਾ ਵਜਦੈ। ਉਹ ਕਹਿਣ ਲਗੇ ਭੱਈ ਮੈਂ ਇਕੋ ਈ ਚੀਜ਼ ਨੂੰ ਸਾਧਿਆ ਹੈ ਕਿ 'ਮਨ ਸਾਧੇ ਸਭ ਸਿਧੀ ਹੋਈ'। ਸੋ ਏਸ ਲਈ ਏਸ ਚੀਜ਼ ਨੂੰ ਜੇ ਆਪ ਵਸ ਵਿਚ ਕਰ ਲਈਏ, ਨਾ ਕਪੜੇ ਪਾਉਣੇ ਔਖੇ ਨੇ ਤੇ ਨਾ ਕਿਸੇ ਵੀ ਚੀਜ਼ ਦੀ ਪ੍ਰਾਪਤੀ ਔਖੀ, ਫੇਰ ਇਸ ਨੂੰ ਵੱਸ ਕਾਹਦੇ ਵਾਸਤੇ ਨ ਕਰੀਏ। ਅਕਾਲ ਪੁਰਖ ਈਸ਼ਵਰ ਦੀ ਪ੍ਰਾਪਤੀ ਲਈ ਜਦੋਂ ਏਡੀ ਔਖੀ ਪ੍ਰਾਪਤੀ ਹੈ ਲਿਖਿਆ ਹੈ ਕਿ :

*'ਹਰਿ ਕੀ ਗਤਿ ਨਹਿ ਕੋਊ ਜਾਨੈ।*
*ਜੋਗੀ ਜਤੀ ਤਪੀ ਪਚਿਹਾਰੇ*
*ਅਰ ਬਹੁ ਲੋਗ ਸਿਆਨੇ॥*

> "ਤੁਸੀਂ ਆਪ ਨਾਮ ਜਪੋ, ਬੱਚਿਆਂ ਨੂੰ ਏਸ ਪਾਸੇ ਲਾਓ"

ਤੇ ਏਡੀ ਵੱਡੀ ਚੀਜ਼ ਦੀ ਜਿਹੜੀ ਪ੍ਰਾਪਤ ਜਦੋਂ ਹੋ ਜਾਂਦੀ ਏ ਦੂਜੀਆਂ ਚੀਜ਼ਾਂ ਏਸ ਤੋਂ ਬਹੁਤ ਹੇਠਾਂ ਨੇ ਉਹ ਏਸ ਤੋਂ ਘਟ ਇਕਾਗਰਤਾ ਨਾਲ ਵੀ ਆ ਸਕਦੀਆਂ ਨੇ, ਉਹ ਕਿਹੜੀ ਚੀਜ਼ ਏ ਜਿਹੜੀ ਲਾਂਭੇ ਰਹਿ ਜਾਵੇਗੀ। ਇਹ ਕੋਸ਼ਿਸ਼ ਕਰਿਆ ਕਰੋ ਮਨ ਦਾ ਇਹ ਸੁਭਾਅ ਏ—ਇਹ ਬਾਹਰ ਨੂੰ ਨਿਕਲਦੈ।

● ਰੋਜ਼ ਹੀ ਆਸਾ ਦੀ ਵਾਰ ਸੁਣੀ ਦੀ ਐ ਤੇ ਇਕ ਦਿਨ ਹਵਾਈ ਅੱਡੇ ਤੇ ਆਸਾ ਜੀ ਦੀ ਵਾਰ ਪੜ੍ਹਦਿਆਂ ਪੜ੍ਹਦਿਆਂ ਮੇਰੇ ਅਗੇ ਤੁਕ ਸੀ 'ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ।' ਕਿੱਡੀ ਵੱਡੀ ਗੱਲ ਲਿਖ ਦਿੱਤੀ ਏ ਕਿ ਧਰਮ ਕਰਨਾ ਔਖੇ, ਧਰਮ ਕਰਨ ਲਈ ਜੇ ਅਸੀਂ



Sri Satguru Jagjit Singh Ji Elibrary NamdhariElibrary@gmail.com

ਐਹ ਕਪੜੇ ਪਾਉਨੇ ਆਂ ਤਾਂ ਇਹ ਇਕ ਧਰਮ ਦਾ ਕਰਮ ਹੈ। ਇਹ ਕਰਮ ਕਰਨਾ ਕਿੰਨਾ ਔਖਾ ਏ ਸਾਡੇ ਲਈ ਇਕ ਕਪੜੇ ਪਾਉਣ ਲਈ। ਅੰਦਰ ਠੀਕ ਕਰਨ ਵਾਸਤੇ ਜਿਹੜੇ ਉਹ ਹੋਰ ਜ਼ਿਆਦਾ ਔਖੇ। ਲੇਕਿਨ ਇਹ ਵੀ ਕਿੰਨਾ ਔਖੇ ਕਿ ਸਾਰੀ ਉਮਰ ਪਾਣੀ ਸਿਰ 'ਚ ਪਾਈ ਜਾਓ, ਤੜਕੇ ਉਠੀ ਜਾਓ, ਰਬ ਦਾ ਨਾਉਂ ਲਈ ਜਾਓ ਮਨ ਵਿਚ ਕੋਈ ਫ਼ਿਕਰ ਨਾ ਆਉਣ ਦਿਓ। ਇਹ ਕਿੰਨਾ ਈ ਔਖਾ ਕੰਮ ਐ। ਇਕ ਦਿਨ ਵਾਸਤੇ ਮਨ ਵਿਚ ਕੋਈ ਵਿਕਾਰ ਨਾ ਆਉਣ ਦਿਓ ਕਿੰਨਾ ਔਖੇ। ਜਿਹੜਾ ਸਾਰੀ ਉਮਰ ਲਈ ਕਰਨੇ ਇਹ ਹੋਰ ਵੀ ਜ਼ਿਆਦਾ ਔਖੇ ਤੇ ਏਸ ਲਈ ਇਹ ਲਿਖਿਐ ਕਿ '*ਧਰਮੀ ਧਰਮੁ ਕਰਹਿ ਗਾਵਾਵਹਿ।"/ ਕਾਹਦੇ ਨਾਲ ਮੰਗਹਿ ਮੋਖ ਦੁਆਰੁ।/ ਮੁਕਤੀ ਦਾ ਦਵਾਰ ਮੰਗ ਲੈਂਦੇ।*

> *"ਸਟੇਜ ਸੈਕਟਰੀ ਨੇ ਜਿਸ ਤਰ੍ਹਾਂ ਨਾਮਧਾਰੀ ਸਿੱਖਾਂ ਦੀ ਤਾਰੀਫ਼ ਕੀਤੀ ਹੈ, ਸਤਿਗੁਰਾਂ ਦੇ ਚਰਨਾਂ ਤੇ ਅਰਦਾਸ ਕਰੋ ਉਸ ਥਾਂ ਤੇ ਟਿਕ ਸਕੀਏ। ਜਦੋਂ ਸਤਿਗੁਰੂ ਕੋਲ ਜੀਅ ਆਉਂਦਾ ਹੈ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਛੱਡ ਦੇਂਦਾ ਹੈ ਤੇ ਸਤਿ, ਸੰਤੋਖ, ਦਇਆ, ਧਰਮ ਆਦਿ ਦੈਵੀ ਗੁਣ ਆ ਜਾਂਦਾ ਹੈ। ਜਿਨ੍ਹੋਂ ਆਪਣੇ ਗੁਰੂ ਤੋਂ ਜੋ ਮੰਤਰ ਲਿਆ ਹੈ ਉਸ ਦਾ ਜਾਪ ਕਰਿਆ ਕਰੋ।"*

● ਮਨੁੱਖੀ ਸੁਭਾਉ ਵਿਚ ਇਹ ਖਾਮੀ ਹੈ, ਕਿ ਜਿਸ ਵੇਲੇ ਗੁਰ ਕਿਰਪਾ ਨਾਲ ਆਦਰ ਸਤਿਕਾਰ ਮਿਲਦਾ ਹੈ, ਤਾਂ ਉਹ ਹਉਮੈਂ ਦੇ ਘੋੜੇ ਤੇ ਸਵਾਰ ਹੋ ਜਾਂਦਾ ਹੈ; ਸੁਸਤੀ ਉਸਦੇ ਹੱਥ ਦਾ ਰੋੜਾ ਹੁੰਦਾ ਹੈ, ਵਿਲੜਪਨ ਦੀ ਦਾਸਤਾਨ ਉਸਨੂੰ ਇਉਂ ਭਾਸਦਾ ਹੈ, ਕਿ ਹਮਚੂੰ ਮਾਂ ਦੀ ਗਰੇ ਨੇਸਤ, ਭਾਵ ਮੇਰੇ ਵਰਗਾ ਕੋਈ ਨਹੀਂ। ਉਹ ਸੁਹਲ ਹੋ, ਕਿਸੇ ਸੇਵਾਦਾਰ ਦੀ ਮੁਥਾਜੀ ਲੋੜਦਾ ਹੈ। ਪਾਣੀ ਪੀਣ ਲਈ ਸੇਵਾਦਾਰ ਨੂੰ ਵਾਜ ਮਾਰੇਗਾ। ਜੋੜਾ ਪਾਣਾ ਹੋਵੇ ਤਾਂ ਉਸਨੂੰ ਸਾਫ਼ ਕਰਨ ਹਿਤ ਕੋਈ ਦੂਸਰਾ ਚਾਹੀਦਾ ਹੈ। ਪ੍ਰਸ਼ਾਦਾ ਵੀ ਬੈਠਿਆਂ ਬਿਠਾਇਆਂ ਮਿਲੇ। ਸਿੱਟਾ ਇਹ ਹੁੰਦਾ ਹੈ ਕਿ ਸਰੀਰਕ ਅੰਗ ਢਿਲੇ ਹੋ ਜਾਂਦੇ ਹਨ, ਆਲਸ ਵਧਣ ਲਗਦਾ ਹੈ, ਖਾਧਾ ਪੀਤਾ ਹਜ਼ਮ ਨਹੀਂ ਹੁੰਦਾ, ਖੱਟੇ ਮਿੱਠੇ ਡਕਾਰ ਆਉਂਦੇ ਹਨ। ਕਿਸੇ ਵੈਦ ਜਾਂ ਡਾਕਟਰਾਂ ਪਾਸੋਂ ਦਵਾਈ ਲੈਂਦਾ ਹੈ, ਅੰਤ ਸਾਰਾ ਸੁਖ ਦੁਖ ਵਿਚ ਬਦਲ ਜਾਂਦਾ ਹੈ।

● ਇਕ ਨਾਮਧਾਰੀ ਦੀ ਗੱਲ ਹੈ ਉਹ ਮੁਕਤਸਰ ਸਾਹਿਬ ਮੇਲੇ ਤੇ ਗਿਆ ਉਥੇ ਇਕ ਨਿਹੰਗ ਨੇ ਉਸ ਨਾਲ ਝਗੜਾ ਕੀਤਾ ਤੇ ਉਸਨੂੰ ਮਾਰਿਆ। ਉਸ ਦਾ ਸਿਰ ਪਾੜ ਦਿੱਤਾ ਪਰ ਉਸ ਨੇ ਕੁਝ ਨਹੀਂ ਕਿਹਾ। ਸਮਾਂ ਲੰਘਦਾ ਗਿਆ। ਉਹ ਮੇਲੇ ਜਾਂਦਾ ਰਿਹਾ। ਇਕ ਸਾਲ ਮੇਲੇ ਸਮੇਂ ਹੀ ਬਿਮਾਰੀ ਫੈਲ ਗਈ। ਬਸ ਜਿਸ ਨੂੰ ਟੱਟੀਆਂ ਲਗ ਜਾਣ ਉਹ ਬੇਹੋਸ਼ ਹੋਏ ਤੇ ਮਰ ਜਾਏ। ਇਤਫ਼ਾਕ ਨਾਲ, ਉਹ ਨਿਹੰਗ ਬਾਹਰ ਮੈਦਾਨ ਹੋਣ ਗਿਆ। ਉਸਨੂੰ ਟੱਟੀਆਂ ਆਈਆਂ, ਉਹ ਬੇਹੋਸ਼ ਹੋ ਕੇ ਡਿਗ ਪਿਆ। ਜਿਸ ਨਾਮਧਾਰੀ ਸਿੰਘ ਨੂੰ ਉਸ ਨੇ ਮਾਰਿਆ ਸੀ ਉਹ ਕੁਦਰਤੀ ਉਸ ਪਾਸਿਓਂ ਲੰਘਿਆ। ਉਸ ਨੇ ਵੇਖਿਆ ਕਿ ਸਿੰਘ ਉਥੇ ਪਿਆ ਹੈ, ਉਸਨੇ ਉਸਨੂੰ ਬੇਹੋਸ਼ ਪਏ ਨੂੰ ਘਰ ਲੈ ਆਂਦਾ ਤੇ ਉਸ ਦੀ ਸੇਵਾ ਕੀਤੀ। ਜਦ ਨਿਹੰਗ ਨੂੰ ਹੋਸ਼ ਆਈ ਤਾਂ ਉਸ ਨੇ ਵੇਖਿਆ ਕਿ ਇਹ ਤਾਂ ਉਹੀ ਬੰਦਾ ਹੈ ਜਿਸ ਨੂੰ ਉਸ ਨੇ ਮਾਰਿਆ ਸੀ। ਉਹ ਡਰ ਗਿਆ। ਨਾਮਧਾਰੀ ਸਿੱਖ ਨੇ ਕਿਹਾ "ਤੂੰ ਡਰ ਨਾ ਮੈਂ ਤੈਨੂੰ ਮਾਰਨ ਵਾਸਤੇ ਨਹੀਂ ਲਿਆਂਦਾ ਮੈਂ ਤਾਂ ਤੈਨੂੰ ਬਿਮਾਰ ਪਏ ਨੂੰ ਸੇਵਾ ਕਰਨ ਵਾਸਤੇ ਲਿਆਇਆਂ। ਉਸਨੇ ਆਖਿਆ, "ਤੂੰ ਕੀਹਦਾ ਸਿੱਖ ਹੈਂ?" "ਮੈਂ ਸਤਿਗੁਰੂ ਰਾਮ ਸਿੰਘ ਦਾ ਸਿੱਖ ਹਾਂ।" ਉਹ ਕਹਿੰਦਾ ਹੈ, ਉਸਨੇ ਆਖਿਆ ਮੈਨੂੰ ਵੀ ਸਤਿਗੁਰੂ ਰਾਮ ਸਿੰਘ ਦਾ ਸਿੱਖ ਬਣਾ ਲੈ ਤੇ ਇੰਜ ਹੀ ਹੋਇਆ। ਤੁਕਾਂ ਗੁਰਬਾਣੀ ਵਿਚ ਲਿਖੀਆਂ ਨੇ: *ਫਰੀਦਾ ਜੋ ਤੈ ਮਾਰਨਿ ਮੁਕੀਆਂ ... ਮਨਿ ਨਾ ਕੀਨੈ ਰੋਸੁ।* ਮੰਦਾ ਵਿਕਾ ਨਹੀਂ ਬੋਲਣਾ, ਜੇ ਕੋਈ ਮਾਰੇ ਤਾਂ ਵੀ ਖਿਮਾ ਕਰਨੀ, ਧੀਰਜ ਰੱਖਣਾ, ਧੀਰਜ ਰੱਖਣ ਵਾਲਿਆਂ ਦੇ ਗੁਰੂ ਅੰਗ ਸੰਗ ਹੈ। ਇਕ ਪਾਸੇ ਤਾਂ ਸਾਡੀ ਆਪਣੀ ਤਾਕਤ ਹੈ, ਇਕ ਪਾਸੇ ਜੇ ਖਿਮਾ-ਧੀਰਜ ਰੱਖੀਏ ਤਾਂ ਗੁਰੂ ਦੀ ਤਾਕਤ ਹੈ। ਉਹ ਤਾਕਤ ਜਿਸ ਵਾਸਤੇ ਲਿਖਿਆ ਹੈ:

> *"ਤੁਸੀਂ ਮੁਰੱਬਿਆਂ ਦੇ ਮਾਲਕ ਹੋ, ਤੁਹਾਡੇ ਮੁੰਡੇ ਵਕੀਲ, ਡਾਕਟਰ ਬਣਨ ਜਾਂ ਹੋਰ ਕੁਝ ਬਣਨ ਪਰ ਸਭ ਤੋਂ ਪਹਿਲਾਂ ਸਿੱਖ ਜ਼ਰੂਰ ਬਣਨ।"*

*ਜਾਮਿ ਗੁਰੂ ਹੋਇ ਵਲਿ ਧਨਹਿ ਕਿਆ ਗਾਰਵੁ ਦਿਜਇ*
*ਜਾਮਿ ਗੁਰੂ ਹੋਇ ਵਲਿ ਲਖ ਬਾਹੇ ਕਿਆ ਕਿਜਇ॥*

ਲਖ ਬਾਹਾਂ ਵੀ ਉਥੇ ਕੁਝ ਨਹੀਂ ਕਰ ਸਕਦੀਆਂ। ਖਿਮਾ—ਕੋਈ ਗਾਲ੍ਹ ਕਢਦਾ ਹੈ, ਕੁਝ ਹੋਰ ਆਖਦਾ ਹੈ, ਉਹਨੂੰ ਖਿਮਾ ਕਰਨਾ। ਗਾਲ੍ਹ ਕੱਢਣੀ ਬੜੀ ਔਖੀ ਹੈ, ਪਤਾ ਹੈ ਅਗਲਾ ਡੰਡਾ ਲੈ ਕੇ ਪੈ ਜਾਏਗਾ, ਪਰ ਉਸਨੂੰ ਖਿਮਾ ਕਰਨਾ ਹੋਰ ਵੀ ਔਖਾ ਹੈ। ਧੀਰਜ ਰੱਖਣੀ, ਜਿਸ ਵੇਲੇ ਆਦਮੀ ਸੋਚਦਾ ਹੈ, ਮੈਂ ਸੱਚਾ ਸਾਂ ਇਸ ਗੱਲ ਵਿਚ 'ਤੇ ਇਹ ਮੈਨੂੰ ਆਖ ਕੇ ਜਾਏ ਕਿਥੇ? ਉਥੇ ਧੀਰਜ ਰੱਖਣੀ ਬੜੀ ਔਖੀ ਹੈ। ਧੀਰਜ ਰੱਖਣ ਵਾਲਿਆਂ ਵਾਸਤੇ ਸਤਿਗੁਰੂ ਨੇ ਹੁਕਮ ਦਿੱਤਾ ਹੈ ਗੁਰੂ ਉਨ੍ਹਾਂ ਦੇ ਅੰਗ ਸੰਗ ਹੈ ਜੇ ਤੁਸੀਂ ਸਤਿਗੁਰਾਂ ਦੇ ਹੁਕਮ ਵਿਚ ਰਹੋ।

● ਸਤਿਗੁਰੂ ਰਾਮ ਸਿੰਘ ਜੀ, ਸ੍ਰੀ ਸਤਿਗੁਰੂ ਨਾਨਕ ਦੇਵ ਜੀ ਕੇ ਬਾਰ੍ਹਵੇਂ ਸਰੂਪ ਮੇਂ ਆਏ। ਏਕ ਇਤਿਹਾਸਕਾਰ ਨੇ ਲਿਖਾ ਹੈ ਕਿ ... 'ਯੇ ਹੀ ਨਹੀਂ ਕਿ ਐਸੀ ਪਗੜੀ ਬਾਂਧ ਲੀ ਯਾ ਕਪੜੇ ਪਹਿਨ ਲੀਏ, ਉਨਕਾ ਸਿਮਰਨ ਕਾ ਪ੍ਰਭਾਵ ਐਸਾ ਥਾ ਕਿ ਜਿਸਕੇ ਕਾਨ ਮੇਂ ਮੰਤ੍ਰ ਦੇ ਦੇਤੇ ਥੇ, ਉਸਕੀ ਕਾਯਾ ਪਲਟ ਹੋ ਜਾਤੀ ਥੀ'। ਐਸੇ ਐਸੇ ਆਦਮੀਯੋਂ ਸੇ ਉਨਹੋਂਨੇ ਨਸ਼ੇ ਛੁੜਵਾਏ, ਜਿਨਕਾ ਨਸ਼ਾ ਛੋੜਨਾ ਅਸੰਭਵ ਲਗਤਾ ਥਾ। ਏਕ ਦਰਬਾਰਾ ਸਿੰਘ ਨਾਮ ਕਾ ਆਦਮੀ ਥਾ, ਜ਼ਿਲ੍ਹਾ ਲੁਧਿਆਣੇ ਪੰਜਾਬ ਕਾ। ਵੋ ਅਮਲ ਖਾਤਾ ਥਾ। ਜਬ ਸ਼ਰਾਬ ਨਿਕਾਲਤਾ ਥਾ, 500 ਚਿੜਾ, 100 ਮੁਰਗਾ ਔਰ ਪਾਂਚ ਬੱਕਰੇ ਮਾਰ ਕਰ ਸ਼ਰਾਬ ਮੇਂ ਡਾਲਤਾ ਥਾ ਔਰ ਵੋ ਸ਼ਰਾਬ ਪੀਤਾ ਥਾ। ਅਫ਼ੀਮ ਇਤਨੀ ਖਾਤਾ ਥਾ ਕਿ ਜਬ ਬਾਹਰ ਜੰਗਲ ਜਾਤਾ ਥਾ ਤੋ ਪੇੜੋਂ ਕੋ ਅਫ਼ੀਮ ਲਗਾ ਰਖਤਾ ਥਾ ਕਿ ਜਹਾਂ ਭੀ ਜਾਏ ਅਫ਼ੀਮ ਖਾਨੇ ਕੋ ਮਿਲੇ। ਇਤਨਾ ਭੋਗ ਕਰਨੇ ਵਾਲੇ ਆਦਮੀ ਕੋ ਜਬ ਕਾਨ ਮੇ ਮੰਤ੍ਰ ਦੀਆ ਔਰ ਕਹਾ ਕਿ ਯੇ ਸਬ ਸੇ ਊਂਚਾ ਅਮਲ ਹੈ, ਤੋ ਉਸਨੇ ਅਮਲ ਛੋੜ ਦੀਆ। ਸਤਿਗੁਰੂ ਜੀ ਨੇ ਐਸੇ ਆਦਮੀ ਅਪਨੇ ਸਿੱਖ ਬਨਾਏ।

> *"ਜਿਸ ਵਕਤ ਸਿੱਖੀ ਬਿਲਕੁਲ ਖਤਮ ਹੋ ਚੁੱਕੀ ਸੀ, ਨਾਮਧਾਰੀ ਸਿੱਖਾਂ ਅੰਗਰੇਜ਼ੀ ਰਾਜ ਸਮੇਂ ਗੁਲਾਮੀ ਨਾਲ ਸਮਝੌਤਾ ਨਾ ਕਰਦਿਆਂ ਟੱਕਰ ਲਈ, ਕੁਰਬਾਨੀਆਂ ਦਿੱਤੀਆਂ।"*

● ਮੂਲ ਰੂਪ ਮੇਂ ਸਤਿਗੁਰੂ ਜੀ ਨੇ ਅਹਿੰਸਾ ਕਾ ਮਾਰਗ ਬਤਾਯਾ। ਬਾਣੀ ਮੇ ਵਰੱਤ ਕੇ ਬਾਰੇ ਮੇ ਲਿਖਾ ਹੈ:

*ਮਨਿ ਸੰਤੋਖੁ ਸਰਬ ਜੀਅ ਦਇਆ॥ / ਇਨ ਬਿਧਿ ਬਰਤੁ ਸੰਪੂਰਨ ਭਇਆ॥*

● ਸਤਿਗੁਰੂ ਜੀ ਨੇ ਜਬ ਐਸਾ ਮਾਰਗ ਅਪਨਾਯਾ ਤੋ ਉਨਕੇ ਸਾਥ ਜੋ ਪ੍ਰਮੁਖ ਲੋਗ ਥੇ ਉਨਕੋ ਪਕੜ ਲੀਆ ਗਯਾ। ਹਮ ਉਨਕੋ ਸੂਬਾ ਕਹਤੇ



Sri Satguru Jagjit Singh Ji Elibrary NamdhariElibrary@gmail.com

ਹੈਂ। ਵੋ ਸੰਚਾਲਕ ਥੇ, ਕਾਨ ਮੇਂ ਮੰਤ੍ਰ ਦੇਤੇ ਥੇ। ਨਸ਼ੇ ਛੁੜਵਾਤੇ ਥੇ। ਉਨ ਪਾਂਚੋਂ ਕੋ ਪਕੜ ਲੀਆ ਗਯਾ। ਸਤਿਗੁਰੂ ਜੀ ਨੇ ਸਤਰਹ ਔਰ ਸੂਬੇ ਬਨਾ ਦੀਏ। ਉਨਕੋ ਭੀ ਪਕੜ ਲੀਆ ਗਯਾ। ਫਿਰ ਅੰਗ੍ਰੇਜ਼ੋਂ ਨੇ ਸਤਿਗੁਰੂ ਜੀ ਸੇ ਪੂਛਾ—ਅਬ ਕਿਆ ਕਰੋਗੇ? ਸਤਿਗੁਰੂ ਜੀ ਨੇ ਕਹਾ—"ਮੈਂ ਘਰ ਘਰ ਰਾਮ ਸਿੰਘ ਕਰ ਦੂੰਗਾ ਔਰ ਜੈਸੀ ਮੇਰੀ ਜ਼ੁਬਾਨ ਮੇਂ ਤਾਸੀਰ ਹੈ ਵੈਸੀ ਹੀ ਸਬ ਮੇਂ ਕਰ ਦੂੰਗਾ।" ਔਰ ਵੈਸਾ ਹੀ ਕੀਆ। ਜਬ ਅੰਗ੍ਰੇਜ਼ ਨੇ ਦੇਖਾ ਕਿ ਯੇ ਸਿਰਫ਼ ਧਾਰਮਿਕ ਹੀ ਨਹੀਂ ਹੈ, ਸੁਧਾਰਕ ਭੀ ਹੈਂ, ਸਿਆਸਤ ਕੀ ਨੀਤੀ ਕੋ ਭੀ ਅੱਛੀ ਤਰਹ ਸਮਝਤੇ ਹੈ, ਤੋ ਉਨਹੋਂ ਨੇ ਇਨਕਾ ਘੇਰਾਉ ਕਰਨਾ ਸ਼ੁਰੂ ਕੀਆ। ਗਊ ਰਕਸ਼ਕ ਸਿੱਖੋਂ ਕੋ ਬਿਨਾ ਟ੍ਰਾਇਲ (Trial) ਕੀਯੇ, ਮੁਕਦਮਾ ਚਲਾਏ, ਨਾਮਧਾਰੀਓਂ ਕੋ, ਤੋਪੋਂ ਕੇ ਆਗੇ ਉਡਾਯਾ। ਉਨਕੋ ਕਹਾ ਗਯਾ ਕੇ ਤੁਮਹੇਂ ਤੋਪੋਂ ਸੇ ਬਾਂਧਾ ਜਾਏਗਾ, ਤੋਪ ਕੀ ਤਰਫ਼ ਪੀਠ ਕਰ ਦੋ, ਨਾਮਧਾਰੀ ਸਿੱਖੋਂ ਨੇ ਕਹਾ—ਸੂਰਮੇ ਕਾ ਕਾਮ ਸ਼ਸਤਰ ਕੇ ਸਾਮਨੇ ਪੀਠ ਕਰਨਾ ਨਹੀਂ ਹੈ, ਹਮ ਸਾਮਨੇ ਖੜੇ ਹੋਂਗੇ, ਵੋ ਸਾਮਨੇ ਖੜੇ ਹੁਏ। ਸਤਿਗੁਰੂ ਰਾਮ ਸਿੰਘ ਜੀ ਕੋ ਦੇਸ਼ ਸੇ ਨਿਸ਼ਕਾਸ਼ਤ ਕੀਆ ਗਯਾ। ਸਤਿਗੁਰੂ ਜੀ ਨੇ ਜਾਤੇ ਸਮਯ ਕਹਾ "ਮੈਂ ਇਸੀ ਸ਼ਰੀਰ ਮੇਂ ਵਾਪਿਸ ਆਊਂਗਾ।" ਜਬ ਨਜ਼ਰਬੰਦੀ ਕੇ ਦੌਰਾਨ ਏਕ ਦਿਨ ਸਤਿਗੁਰੂ ਜੀ ਚਲੇ ਗਏ ਤੋ ਅੰਗ੍ਰੇਜ਼ੋਂ ਨੇ ਐਸੀ ਬਾਤ ਬਨਾਈ ਕਿ ਡਾਇਰੀਆ ਕੇ ਕਾਰਨ, 1885 ਮੇਂ ਸਤਿਗੁਰੂ ਜੀ ਕਾ ਸ਼ਰੀਰ ਛੂਟ ਗਯਾ ਹੈ ਔਰ ਉਨਕਾ ਸਸਕਾਰ ਕਰ ਦੀਆ ਗਯਾ ਹੈ। ਹਮ ਉਸ ਵਰਸ਼ ਕੀ ਰਿਪੋਰਟ ਦੇਖਤੇ ਹੈ ਤੋ ਉਸ ਵਰਸ਼ ਜੇਲ੍ਹ ਮੇਂ ਕਿਸੀ ਕੋ ਡਾਇਰੀਆ ਹੁਆ ਹੀ ਨਹੀਂ ਹੈ। ਏਕ ਔਰ ਚਿੱਠੀ ਮਿਲੀ ਹੈ, 1886 ਕੀ, ਜਿਸਮੇਂ ਲਿਖਾ ਹੈ ਕਿ ਗੁਰੂ ਜੀ ਕੋ ਦੂਸਰੀ ਜਗ੍ਹਾ ਭੇਜ ਦੀਆ ਜਾਏ, ਯਹਾਂ ਤੋ ਇਨਕੋ ਸਿੱਖ ਮਿਲ ਕਰ ਜਾਤੇ ਹੈਂ। ਇਸਕੇ ਇਲਾਵਾ ਜਬ ਜਰਮਨ ਕੀ ਜੰਗ ਲਗੀ, ਬਹੁਤ ਸੇ ਲੋਗੋਂ ਨੇ ਸਤਿਗੁਰੂ ਜੀ ਕੇ ਦਰਸ਼ਨ ਕੀਏ। ਰੂਸ ਮੇਂ ਸਤਿਗੁਰੂ ਜੀ ਕੇ ਦਰਸ਼ਨ ਕੀਏ। ਏਕ ਆਲਮ ਸਿੰਘ ਨਾਮ ਕਾ ਆਦਮੀ ਲਿਖਤਾ ਹੈ—"ਡਿਸਟ੍ਰਿਕਟ ਗਜ਼ਟੀਅਰ ਲੁਧਿਆਨਾ ਕਾ ਕੋਰਾ ਝੂਠ—ਹਮਾਰੇ ਮੈਡਲ ਦੇਖੋ 1886 ਕੇ ਹੈਂ—ਹਮਨੇ ਸਤਿਗੁਰੂ ਕੇ ਦਰਸ਼ਨ ਕੀਏ ਹੈਂ।" ਯੇ ਸਹੀ ਬਾਤ ਹੈ ਕਿ ਸਤਿਗੁਰੂ ਜੀ ਨੇ ਉਸੀ ਸ਼ਰੀਰ ਮੇਂ ਆਨਾ ਹੈ ਔਰ ਉਨਕੇ ਆਨੇ ਸੇ ਸ਼ਾਂਤੀ ਹੋਗੀ। ਸਮਯ ਲਗ ਸਕਤਾ ਹੈ ਲੇਕਿਨ ਜੋ ਸਤਿਗੁਰੂ ਜੀ ਨੇ ਕਹਾ ਹੈ ਵੋ ਬਾਤ ਅਵਸ਼ਯ ਸਤਯ ਹੋਗੀ। ਉਨਕੇ ਸਿੱਖੋਂ ਨੇ ਕਭੀ ਝੂਠ ਨਹੀਂ ਬੋਲਾ, ਮਰਨੇ ਸੇ ਨਹੀਂ ਡਰੇ, ਸ੍ਰੀ ਸਤਿਗੁਰੂ ਜੀ ਐਸੀ ਬਾਤ ਕੈਸੇ ਕਰ ਸਕਤੇ ਹੈ?

*"ਜੋ ਸਤਿ ਪੁਰਖੁ ਹੈ ਉਸਦੇ ਅਗੇ ਸੀਸ ਝੁਕਦਾ ਹੈ। ਨਾਮਧਾਰੀ ਵੀਰਾਂ ਦੇ ਦਰਸ਼ਨ ਕਰਦੇ ਹਾਂ ਬੜਾ ਭਜਨ ਕਰਦੇ ਹਨ ਝਾਈ ਮਾਲਾ ਜਪੁ ਦੀਆਂ, ਨਿਤਨੇਮ ਦਾ ਗੁਟਕਾ ਵੇਖਦੇ ਹਾਂ ਏ ਨੀਆਂ ਬਾਣੀਆਂ ਰੋਜ ਦੀਆਂ ਪੜ੍ਹਦੇ ਹਨ ਹੈਰਾਨੀ ਹੁੰਦੀ ਹੈ। ਸਾਡੇ ਏਥੇ ਵੀ ਨਾਮ ਜਪਿਆ ਜਾਂਦਾ ਹੈ, ਕੀਰਤਨ ਹੁੰਦਾ ਹੈ।"*

- ਕਲ ਹਮਾਰੇ ਦੀਵਾਨ ਮੇਂ ਏਕ ਸੰਗੀਤ ਸਭਾ ਹੁਈ। ਪੰਡਤ ਰਵੀ ਸ਼ੰਕਰ ਕਾ ਨਾਮ ਸਬ ਨੇ ਸੁਨਾ ਹੈ, ਵੋ ਭੀ ਹਮਾਰੇ ਪਾਸ ਆਏ। ਜੋ ਕੁਛ ਹਮਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਕੀ ਕ੍ਰਿਪਾ ਸੇ ਸੀਖਾ ਉਨਕੋ ਸੁਨਾਯਾ। ਵੋ ਕਹਿਨੇ ਲਗੇ ਆਪ ਬਹੁਤ ਅੱਛਾ ਕਾਮ ਕਰ ਰਹੇ ਹੈਂ। ਮੈਨੇ ਕਹਾ—ਸਤਿਗੁਰੂ ਜੀ ਹਮਾਰੇ ਸੇ ਕਰਵਾ ਰਹੇ ਹੈਂ। ਇਸ ਲੀਏ ਹਮ ਅੱਛਾ ਕਾਮ ਕਰ ਰਹੇ ਹੈਂ। ਹਮ ਤੋ ਨੀਚੀ ਜਗਹ ਦੇਖਤੇ ਹੈਂ ਕਿ ਜਹਾਂ ਗਿਰ ਜਾਏਂ ਲੇਕਿਨ ਸਤਿਗੁਰੂ ਜੋ ਹੈਂ ਵੋ ਹਮਾਰੀ ਬਾਜ਼ੂ ਪਕੜ ਕਰ ਉਠਾਤਾ ਹੈ ਕਿ ਵਹਾਂ ਨਹੀਂ ਜਾਨਾ।

*"ਇਕੋ ਹੀ ਜਿਹੜਾ ਰਾਜਾ ਏ ਨਾ ਮਨ ਉਸ ਨੂੰ ਕਾਬੂ ਕਰ ਲਈਏ ਤੇ ਸਾਰੇ ਰਾਜੇ ਫੜੇ ਜਾਂਦੇ ਨੇ।"*

- ਜਿਸ ਤਰ੍ਹਾਂ ਇਕ ਆਦਮੀ ਨੂੰ ਇਕ ਦਿਹਾੜੀ ਦੇ ਦਸ ਰੁਪੈ ਮਿਲਦੇ ਨੇ ਉਹ 10 ਦੇ ਸਵਾ 10 ਨਹੀਂ ਕਰ ਸਕਦਾ ਲੇਕਿਨ ਉਹ ਸੋਚਦਾ ਇਹ ਹੈ ਕਿ ਮੈਨੂੰ 100 ਰੁਪਿਆ ਦਿਹਾੜੀ ਮਿਲੇ। ਸਾਡੀ ਸੋਚ ਇਸੇ ਤਰ੍ਹਾਂ ਦੀ ਹੋਣੀ ਚਾਹੀਦੀ ਹੈ। ਜੇ ਅਸੀਂ ਤੜਕੇ ਦੋ ਵਜੇ ਨਹੀਂ ਉਠ ਸਕਦੇ ਤੇ ਬਹੁਤੀ ਮਾਲਾ ਨਹੀਂ ਫੇਰ ਸਕਦੇ ਪਰ ਜੇ ਅਸੀਂ ਅੱਧੀ ਮਾਲਾ ਫੇਰਦੇ ਹਾਂ ਅਤੇ ਪੰਜ ਵਜੇ ਸਵੇਰੇ ਉਠਦੇ ਹਾਂ, ਸੋਚ ਇਸ ਪਾਸੇ ਜ਼ਰੂਰ ਹੋਣੀ ਚਾਹੀਦੀ ਹੈ ਕਿ ਮੈਂ ਪੰਜ ਵਜੇ ਉੱਠਣ ਦੀ ਥਾਂ ਸਾਢੇ ਚਾਰ ਵਜੇ ਉੱਠਾਂ, ਮੈਂ ਕੋਈ ਥੋੜ੍ਹਾ ਜਿਹਾ ਇਸ ਪਾਸੇ ਨੂੰ ਵਧਾਂ। ਸੋ ਇਸ ਲਈ ਅਸੀਂ ਜਿਤਨੇ ਏਥੇ ਇਕੱਠੇ ਹੋਏ ਨੌਜਵਾਨ *'ਰਹੀਆ ਉਮਰ ਸੁਹਾਵੜੀ ਸੋਇ ਸੁਖਾਲੜੀ ਦੇਹ'* ਦੇ ਉਹ ਕਾਹਦੇ ਵਾਸਤੇ ਓ? *'ਕਿਰਤੇ ਕੋਈ ਪਾਈਅਹਿ ਜਿਨਾ ਪਿਆਰੇ ਨੇਹੁ।'* ਉਸ ਨਾਲ ਗੱਲ ਕਰ ਲੈਣੀ ਏ। ਅਖੀਰ ਦੇ ਵੇਲੇ ਹੋਰ ਕਿਸੇ ਨਾਲ ਨਹੀਂ ਜਾਣਾ। ਅਖੀਰ ਵੇਲੇ ਜਿਸ ਨੇ ਸਹਾਇਤਾ ਕਰਨੀ ਹੈ, ਪਹਿਲਾਂ ਹੀ ਉਹਦੇ ਨਾਲ ਗੱਲ ਕਰਨੀ ਸ਼ੁਰੂ ਕਰ ਲਉ ਤਾਂ ਕਿ ਅਖੀਰ ਤੇ ਜਾ ਕੇ ਤੁਹਾਨੂੰ ਤਕਲੀਫ਼ ਹੋਵੇ ਹੀ ਨਾ। ਇਸ ਤੋਂ ਹੋਰ ਮੈਂ ਸਮਝਨਾਂ ਕੁਝ ਆਖਣ ਦੀ ਲੋੜ ਨਹੀਂ।
- ਸਿੱਖ ਲਈ ਇਹ ਹੁਕਮ ਹੈ ਕਿ ਜਿਹੜਾ ਕੰਮ ਕਰਨੈਂ, ਉਹ ਅਰਦਾਸ ਕਰਕੇ ਕਰਨੈਂ। ਤੁਰਨੈ ਕਿਸੇ ਪਾਸੇ! ਅਰਦਾਸ ਕਰਕੇ ਤੁਰੋ। ਕੋਈ ਵਿਘਨ ਜਿਹੜੇ ਤੁਹਾਡੇ ਲਈ ਆਉਣੇ ਨੇ, ਉਹ ਬਿਲਕੁਲ ਸਾਫ਼ ਹੋਣਗੇ। ਕੋਈ ਵੀ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਸਵੇਰੇ ਅਰਦਾਸ ਕਰੋ। ਇਸ ਤਰ੍ਹਾਂ ਈ ਰਾਤ ਨੂੰ ਸੌਣ ਲਗੇ ਵੀ ਕੀਰਤਨ ਸੋਹਿਲਾ ਪੜ੍ਹ ਕੇ ਸੌਂਵੋ। ਕੀਰਤਨ ਸੋਹਿਲਾ ਪੜ੍ਹਨ ਵਾਸਤੇ ਵੱਧ ਤੋਂ ਵੱਧ ਤਿੰਨ ਚਾਰ ਮਿੰਟ ਲਗਦੇ ਨੇ। ਰਾਤ ਨੂੰ ਚਰਨ ਧੋ ਕੇ ਕੀਰਤਨ ਸੋਹਿਲਾ ਪੜ੍ਹ ਕੇ ਸੌਂਵੋ। ਅਰਦਾਸ ਕਰੋ ਕਿ ਸਾਨੂੰ ਸਤਿਗੁਰੂ ਸੱਚੇ ਪਾਤਸ਼ਾਹ ਦੇ ਦਰਸ਼ਨ ਹੋਣ, ਸਿਨੇਮਿਆਂ ਦੀਆਂ ਤਸਵੀਰਾਂ ਦੇ ਦਰਸ਼ਨ ਨਾ ਹੋਣ। ਗੁਰੂ ਅਰਜਨ ਦੇਵ ਸੱਚੇ ਪਾਤਸ਼ਾਹ ਨੇ ਲਿਖਿਆ ਹੈ—

*"ਇਕ ਸਿੱਖ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਮੱਥਾ ਟੇਕਣ ਆਇਆ। ਉਹ ਨਾਮਧਾਰੀ ਬਾਣੇ ਵਿਚ ਨਹੀਂ ਸੀ। ਆਪ ਨੇ ਬਚਨ ਕੀਤਾ, "ਤੁਸੀਂ ਸਾਡੇ ਸਿਪਾਹੀ ਹੋ। ਬੇਗਾਨੀ ਵਰਦੀ ਛਡੋ ਆਪਣੀ ਪਾਇਆ ਕਰੋ।" ਉਸ ਨੇ ਸਤਿ ਬਚਨ ਕਿਹਾ।"*

***"ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ।"*** ਉਹ ਗੱਲਾਂ ਸਾਡੇ ਕੰਨਾਂ ਵਿਚ ਨਾ ਪੈਣ, ਉਹ ਗੱਲਾਂ ਅਸੀਂ ਵੇਖੀਏ ਈ ਨਾ, ਜਿਨ੍ਹਾਂ ਨਾਲ ਸਾਡੇ ਆਚਰਨ ਉੱਤੇ ਅਸਰ ਹੋਣੇ। ਉਹ ਤੇਲ ਅਸੀਂ ਲਾਈਏ ਈ ਨਾ ਜਿਨ੍ਹਾਂ ਨਾਲ ਸਾਡੇ ਮਨ ਕਿਸੇ ਬੁਰੀ ਵਾਸ਼ਨਾ ਵੱਲ ਜਾਣੇ ਨੇ। ਤੇ ਐਸੇ ਕਪੜੇ ਹੀ ਅਸੀਂ ਨਾ ਪਾਈਏ ਜਿਨ੍ਹਾਂ ਨੂੰ ਵੇਖ ਕੇ ਸਾਡਾ ਜੀ ਕਰਨੇ ਕਿ ਐਹੋ ਜਹੀ ਜਗ੍ਹਾ ਚਲੇ ਜਾਈਏ ਜਿਸ ਜਗ੍ਹਾ ਵਾਲੇ ਅਸਾਂ ਕਪੜੇ ਪਾਏ ਨੇ। ਸੋ ਇਹ ਸਾਰੀਆਂ ਚੀਜ਼ਾਂ ਜਿਹੜੀਆਂ ਨੇ ਇਨ੍ਹਾਂ ਲਈ ਵਧ ਤੋਂ ਵਧ ਅਰਦਾਸ ਕਰੀਏ ਸਤਿਗੁਰਾਂ ਦੇ ਚਰਨਾਂ ਵਿਚ। ਏਧਰ ਨੂੰ ਤੁਰੋ। ਸਤਿਗੁਰੂ ਸਚੇ ਪਾਤਸ਼ਾਹ ਨੇ ਜਿਸ ਤਰ੍ਹਾਂ ਪ੍ਰੇਰਨਾ ਦੇ ਕੇ ਆਪਾਂ ਨੂੰ ਇਕੱਠਿਆ ਕਰ ਲਿਆ ਹੈ।

- ਮੈਂ ਇਕ ਅਰਜ਼ ਕਰਾਂਗਾ ਕਿ ਕਈ ਵਾਰ ਮਨ ਦਾ ਵਿਚਾਰ ਇਸ ਤਰ੍ਹਾਂ ਦਾ ਬਣਦਾ ਏ ਕਿ ਫ਼ਲਾਣਾ ਆਦਮੀ ਬੜਾ ਗਲਤ ਏ। ਮੈਨੂੰ ਇਹ



Sri Satguru Jagjit Singh Ji Elibrary NamdhariElibrary@gmail.com

ਗੱਲ ਯਾਦ ਆ ਗਈ ਏ ਛੋਟੇ ਹੁੰਦਿਆਂ ਦੀ, ਜਦੋਂ ਸਕੂਲ ਵਿਚ ਪੜ੍ਹਦੇ ਸਾਂ। ਪ੍ਰੀਤਮ ਸਿਘ ਹੁਰੀਂ ਕਵੀ ਤੇ ਕੁਝ ਮੁੰਡੇ ਇਕ ਰਸਾਲਾ ਕਢਦੇ ਸਨ, ਪਤਾ ਨਹੀਂ ਹਫ਼ਤੇ ਦਾ ਸੀ ਜਾਂ ਮਹੀਨੇ ਦਾ। ਪਿਆਰਾ ਨਾਂ ਰੱਖਿਆ ਸੀ, ਉਨ੍ਹਾਂ ਨੇ ਉਸਦਾ। ਉਹਦੇ ਵਿਚ ਮਾਸਟਰਾਂ ਦੀਆਂ ਗਲਤੀਆਂ ਸਾਰੀਆਂ ਲਿਖੀਆਂ ਜਾਂਦੀਆਂ ਸਨ। ਸਤਿਗੁਰੂ ਪ੍ਰਤਾਪ ਸਿਘ ਸੱਚੇ ਪਾਤਸ਼ਾਹ ਜੀ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਸਾਰਿਆਂ ਨੂੰ ਸੱਦ ਕੇ ਕਾਗ਼ਜ਼ਾਂ ਦੇ ਦਸਤੇ ਤੇ ਪੈਨਸਿਲਾਂ ਦੇ ਦਿੱਤੀਆਂ, ਨਾਲ ਆਖਿਆ "ਬੜੀ ਚੰਗੀ ਗੱਲ ਹੈ, ਤੁਸੀਂ ਜਿਹੜਾ ਲਿਖਦੇ ਹੋ, ਇਹ ਵੀ ਲਿਖਿਆ ਕਰੋ ਕਿ ਤੁਸੀਂ ਕੀ ਕਰਦੇ ਓ?" ਆਦਮੀ ਦੂਸਰੇ ਦੀਆਂ ਗਲਤੀਆਂ ਵਾਲੇ ਪਾਸੇ ਲੱਗਾ ਰਹਿੰਦਾ ਏ, ਆਪਣੀਆਂ ਦਾ ਭੁਲ ਜਾਂਦਾ ਹੈ, ਪਰ ਆਪਣੀ ਭਲਾਈ ਯਾਦ ਰਖਦਾ ਹੈ।

*"ਸਤਿਗੁਰੂ ਰਾਮ ਸਿਘ ਜੀ ਨੇ ਨਾਮਧਾਰੀ ਪੰਥ ਨੂੰ ਉੱਚਾ ਕਰਨ ਵਾਸਤੇ ਉੱਚੇ ਸੁੱਚੇ ਅਸੂਲ ਦਿੱਤੇ, ਪਹਿਚਾਨ ਬਨਾਉਣ ਵਾਸਤੇ ਇਹ ਕਪੜੇ ਦਿੱਤੇ, ਗੜਵਾ, ਆਸਣ, ਪਊਏ, ਮਾਲਾ, ਦਿੱਤੇ। ਅਸੀਂ ਨਾਮਧਾਰੀ ਨਲਕੇ ਦਾ ਪਾਣੀ ਨਹੀਂ ਪੀਂਦੇ, ਬਾਜ਼ਾਰ ਦਾ ਖਾਣ ਤੋਂ ਪਰਹੇਜ਼ ਕਰਦੇ ਹਾਂ, ਸਤਿਗੁਰੂ ਰਾਮ ਸਿਘ ਜੀ ਦੇ ਹੁਕਮ ਅਨੁਸਾਰ। ਅਸੀਂ ਸਤਿਗੁਰੂ ਰਾਮ ਸਿਘ ਜੀ ਦੇ ਹੁਕਮ ਅਨੁਸਾਰ, ਗੁਰਬਾਣੀ ਜਿਹੜੀ ਗ੍ਰੰਥ ਸਾਹਿਬ ਵਿਚ ਲਿਖੀ ਹੋਈ ਹੈ ਉਸ ਅਨੁਸਾਰ ਆਪਣਾ ਜੀਵਨ ਬਣਾ ਕੇ ਤੁਰਦੇ ਹਾਂ।"*

- ਤੁਹਾਡੇ ਬੱਚੇ ਪੜ੍ਹਨ, ਵਕੀਲ ਬਣਨ, ਜੱਜ ਬਣਨ, ਜਾਂ ਕੁਝ ਹੋਰ ਬਣ ਕੇ ਮਾਣ ਪ੍ਰਾਪਤ ਕਰਨ ਪਰ ਉਹ ਪਾਠੀ ਜ਼ਰੂਰ ਬਣਨ, ਪਾਠ ਕਰਨ। ਉਹ ਜਦੋਂ ਪਾਠ ਕਰਨਗੇ ਤਾਂ ਉਨ੍ਹਾਂ ਨੂੰ ਪਤਾ ਲੱਗੇਗਾ ਕਿ– ***ਭਰੀਐ ਹਥੁ ਪੈਰੁ ਤਨੁ ਦੇਹ॥ ਪਾਣੀ ਧੋਤੈ ਉਤਰਸੁ ਖੇਹ॥ / ਮੂਤ ਪਲੀਤੀ ਕਪੜੁ ਹੋਇ॥ ਦੇ ਸਾਬੂਣੁ ਲਈਐ ਓਹੁ ਧੋਇ॥ / ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥***

ਨਾ ਓਥੇ ਸਾਬਣ ਲਗੇ, ਨਾ ਪਾਣੀ ਲਗੇ ਸਗੋਂ ਨਾਮ। ਉਹ ਵੀ ਜਿਹੜਾ ਉਸਦੇ ਹੁਕਮ ਅਨੁਸਾਰ ਜਪਿਆ ਜਾਏ, ਉਸਦੇ ਮੁਤਾਬਕ। ਫੇਰ ਉਹ ਮਤ ਸਾਫ਼ ਹੁੰਦੀ ਏ। ਫੇਰ ਆਦਮੀ ਨੂੰ ਪਤਾ ਲਗਦਾ ਏ ਜਿੰਨੇ ਔਗਣ ਮੇਰੇ ਵਿਚ ਨੇ ਸਾਰੀ ਦੁਨੀਆਂ ਵਿਚ ਨਹੀਂ ਏਨੇ ਹੋਣੇ। ਤੇ ਜਦੋਂ ਏਥੇ ਕੁ ਅਪੜ ਜਾਂਦਾ ਏ ਤਾਂ ਲੜਾਈ ਕਰਨੋਂ ਹਟ ਜਾਂਦਾ ਏ ਆਦਮੀ।

- ਕਹਿੰਦੇ ਨੇ ਰੱਬ ਵਠਿਆਂ ਮਨਾਂ ਵਿਚ ਰਹਿੰਦਾ ਏ। ਪਰ ਮਨ ਨੂੰ ਢਾਹੁਣਾ ਬੜਾ ਔਖਾ ਹੈ। ਮਨ ਭੱਜ ਭੱਜ ਕੇ ਜਾਂਦਾ ਏ ਗ਼ਲਤ ਪਾਸੇ, ਇਹ ਪਤਾ ਵੀ ਹੁੰਦਾ ਏ। ਇਸ ਤਰ੍ਹਾਂ ਦੀ ਅਵਸਥਾ ਲਿਖੀ ਏ ਬਾਣੀ ਵਿਚ: ***ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ॥*** ਆਦਮੀ ਦਿਸਦੇ ਦੇ ਮੋਹ ਵਿਚ ਫਸ ਜਾਂਦਾ ਹੈ। ਸਤਿਗੁਰਾਂ ਤੁਹਾਨੂੰ ਸੰਸਾਰਕ ਚਿੱਕੜ ਦੇ ਮੋਹ ਵਿਚੋਂ ਕੱਢਿਆ ਹੈ। ਜਦੋਂ ਕੋਈ ਬੱਚਾ ਜੰਮਦਾ ਹੈ ਉਸ ਨੂੰ ਵੇਖ ਕੇ ਉਹ ਖੁਸ਼ ਹੁੰਦਾ ਏ, ਕਪੜੇ ਪਾਟਣ ਵਾਲੇ ਹੋ ਜਾਂਦੇ ਹਨ। ਜਦੋਂ ਉਹ ਚਲਾ ਜਾਂਦਾ ਹੈ ਉਸ ਵੇਲੇ ਬੜਾ ਦੁਖੀ ਹੁੰਦਾ ਹੈ। ਏਸੇ ਤਰ੍ਹਾਂ ਮਾਇਆ ਦਾ ਕੰਮ ਹੈ: ***ਮਾਇਆ ਗਈ ਤਬ ਰੋਵਨੁ ਲਗਤੁ ਹੈ।*** ਆਪਾਂ ਇਨ੍ਹਾਂ ਦੋਹਾਂ ਕੰਮਾਂ ਤੋਂ ਮੁਕਤ ਰਹਾਂਗੇ ਤਾਂ ਸੌਖੇ ਰਹਾਂਗੇ। ਸਤਿਗੁਰੂ ਰਾਮ ਸਿਘ ਜੀ ਕੋਲ ਸਿੱਖਾਂ ਅਰਜ਼ ਕੀਤੀ "ਸੱਚੇ ਪਾਤਸ਼ਾਹ ਤੁਸੀਂ ਕਿਹਦੇ ਤੇ ਰਾਜ਼ੀ ਰਹਿੰਦੇ ਹੋ?" ਤਾਂ ਪਾਤਸ਼ਾਹ ਨੇ ਬਚਨ ਕੀਤਾ, "ਜਿਹੜਾ ਰਜ਼ਾ ਵਿਚ ਰਾਜ਼ੀ ਰਹੇ।" ਜਾਵ ਬੱਚਾ ਜੰਮ ਪਿਆ ਤਾਂ ਜ਼ਰੂਰ ਸੁਖ ਨਹੀਂ ਜਾਪਦਾ, ਮਰ ਗਿਆ ਏ ਤਾਂ ਦੁਖ ਨਹੀਂ। ਤੁਹਾਡਾ ਤਾਂ ਐਸਾ ਇਤਿਹਾਸ ਹੈ। ਇਕ ਨਾਮਧਾਰੀ ਇਕ ਪਿੰਡ ਵਿਚ ਰਹਿੰਦਾ ਸੀ। ਉਹ ਗ੍ਰੰਥੀ ਦਾ ਕੰਮ ਕਰਦਾ ਸੀ। ਉਸ ਕੋਲ ਸਿੱਖ ਆਏ। ਉਨ੍ਹਾਂ ਕਿਸੇ ਦਾ ਵਿਆਹ ਕਰਵਾਉਣਾ ਸੀ। ਉਸ ਨੇ ਉਹ ਵਿਆਹ ਕਰ ਦਿੱਤਾ। ਜਿਸ ਵੇਲੇ ਉਹ ਤੁਰਨ ਲੱਗੇ ਤਾਂ ਇਕ ਸਿੱਖ ਨੇ ਅਰਜ਼ ਕੀਤੀ, ਸਾਧ ਸੰਗਤ ਜੀ ਤੁਸੀਂ ਪ੍ਰਸ਼ਾਦਾ ਪਾਣੀ ਛਕ ਲਿਆ ਹੈ। ਤੁਸੀਂ ਤਿਆਰੀ ਵਿਚ ਹੋ, ਮੇਰਾ ਇਕ ਕੰਮ ਕਰ ਕੇ ਜਾਓ।" ਇਨ੍ਹਾਂ ਜਦ ਕੰਮ ਪੁਛਿਆ ਤਾਂ ਉਸ ਨੇ ਆਖਿਆ, "ਰਾਤੀਂ ਮੇਰਾ ਬੱਚਾ ਚੜ੍ਹਾਈ ਕਰ ਗਿਆ ਹੈ। ਉਸਦਾ ਸਸਕਾਰ ਕਰ ਜਾਇਓ।" ਉਹ ਕਹਿਣ ਲੱਗੇ "ਸਾਨੂੰ ਤੁਸਾਂ ਪਹਿਲਾਂ ਕਿਉਂ ਨਹੀਂ ਦੱਸਿਆ?" ਉਸ ਨੇ ਕਿਹਾ "ਆਉਣ ਜਾਣ ਦਾ ਕੰਮ ਤਾਂ ਸਤਿਗੁਰੂ ਦੇ ਵਸ ਏ। ਆਉਣ ਵਾਲੇ ਨੇ ਆ ਜਾਣਾ ਏ, ਜਾਣ ਵਾਲੇ ਨੇ ਚਲੇ ਜਾਣਾ ਏ। ਮੈਂ ਤੁਹਾਡੇ ਰੰਗ ਵਿਚ ਭੰਗ ਨਹੀਂ ਸੀ ਪਾਉਣਾ ਚਾਹੁੰਦਾ।" ਇਹੀ ਸਿੱਖੀ ਏ ਜਿਹੜੀ ਸਤਿਗੁਰਾਂ ਕੋਲੋਂ ਸਾਨੂੰ ਮਿਲੀ ਹੈ। ਇਹ ਕਿਸੇ ਮੁੱਲ ਤੋਂ ਬਜ਼ਾਰੋਂ ਕਿਸੇ ਥਾਓਂ ਸਾਨੂੰ ਨਹੀਂ ਮਿਲ ਸਕਦੀ, ਬਗੈਰ ਸਤਿਗੁਰਾਂ ਦੀ ਸਾਧ ਸੰਗਤ ਤੋਂ। ਇਸ ਸਿੱਖੀ ਵਾਲੇ ਪਾਸੇ ਸਦਾ ਧਿਆਨ ਦਿਓ ਤੇ ਸਤਿਗੁਰੂ ਨੂੰ ਯਾਦ ਰੱਖੋ।

*"ਮੈਂ ਨਾਮਧਾਰੀ ਸਿੱਖਾਂ ਅਗੇ ਬੇਨਤੀ ਕਰਾਂਗਾ ਕਿ ਕਿਸੇ ਨਾਲ ਬਹਿਸ ਨਾ ਕਰੋ। ਉਹਨੂੰ ਪਿਆਰ ਨਾਲ ਸਿਰਫ਼ ਏਨਾ ਦਸ ਦਿਉ ਕਿ ਅਸੀਂ ਗੁਰਬਾਣੀ ਅਨੁਸਾਰ ਆਪਣਾ ਜੀਵਨ ਜਿਉਂਦੇ ਹਾਂ ਤੇ ਲੋਕਾਂ ਨੂੰ ਆਖਦੇ ਹਾਂ ਕਿ ਗੁਰਬਾਣੀ ਅਨੁਸਾਰ ਹੀ ਆਪਣਾ ਜੀਵਨ ਬਣਾਓ।"*

- ***ਮਨੁ ਬੇਚੈ ਸਤਿਗੁਰ ਕੈ ਪਾਸਿ॥ ਤਿਸੁ ਸੇਵਕ ਕੇ ਕਾਰਜ ਰਾਸਿ॥***

ਮਨ ਦਾ ਇਹ ਸੁਭਾਅ ਏ ਕਿ ਇਹ ਟਿਕ ਨਹੀਂ ਸਕਦਾ, ਅਸੀਂ ਇਸ ਨੂੰ ਟਿਕਾਉਣਾ ਹੈ। ਇਹ ਕਹਿੰਦਾ ਹੈ ਮੇਰੇ ਕੋਲ ਕਾਰ ਹੋਵੇ, ਜਹਾਜ਼ ਹੋਵੇ, ਜ਼ਮੀਨ ਜਾਇਦਾਦ ਹੋਵੇ ਪਰ ਇਹ ਸਾਰਾ ਕੁਝ ਹੁੰਦਿਆਂ ਹੋਇਆਂ ਵੀ ਹੋਣਾ ਇਹ ਚਾਹੀਦਾ ਹੈ ਕਿ ਇਹ ਸਾਰਾ ਕੁਝ ਸਤਿਗੁਰ ਦਾ ਹੈ, ਓਸੇ ਦੀ ਕਿਰਪਾ ਹੈ। ਮਨ ਦੇ ਟਿਕਾਅ ਨਾਲ ਦਿਮਾਗ ਜ਼ਿਆਦਾ ਕੰਮ ਕਰਦਾ ਹੈ। ਵਾਧੂ ਗੱਲਾਂ ਕਰਨ ਨਾਲੋਂ, ਈਰਖਾ ਦਵੈਸ਼ ਕਰਨ ਨਾਲੋਂ, ਉਹ ਗ੍ਰੰਥ ਪੜ੍ਹੋ ਜਿਸ ਨਾਲ ਸਾਡਾ ਮਨ ਸਤਿਗੁਰੂ ਨਾਲ ਲੱਗੇ, ਉਨ੍ਹਾਂ ਬੰਦਿਆਂ ਨਾਲ ਬੈਠੋ, ਉਨ੍ਹਾਂ ਦੀ ਸੰਗਤ ਕਰੋ ਜੋ ਸਤਿਗੁਰੂ ਦੀਆਂ ਗੱਲਾਂ ਕਰਨ। ਸ੍ਰੀ ਸਤਿਗੁਰੂ ਰਾਮ ਸਿਘ ਜੀ ਦੇ ਹੁਕਮਨਾਮੇ ਵਿਚ ਆਉਂਦਾ ਹੈ ਜਲ ਪਾਣੀ ਸੁਚ ਸੋਧ ਦਾ ਵਰਤਣਾ। ਸੋ ਹੱਥ ਰੇਤੇ ਨਾਲ ਮਾਂਜਿਆ ਕਰੋ। ਇਹ ਸਾਡੇ ਤੋਂ ਛੁਟਦਾ ਜਾਂਦਾ ਹੈ। ਇੰਗਲੈਂਡ, ਕਨੇਡਾ ਵਿਚ ਸਿੱਖ ਰੇਤੇ ਨਾਲ ਹੱਥ ਮਾਂਜਦੇ ਨੇ। ਓਥੇ ਸੋਧ ਉਨ੍ਹਾਂ ਰੱਖੀ ਹੋਈ ਹੈ, ਤੁਸੀਂ ਵੀ ਏਸ ਪਾਸੇ ਲੱਗੋ। ਹੱਥ ਰੇਤੇ ਨਾਲ ਮਾਂਜਿਆ ਕਰੋ, ਪਿਸ਼ਾਬ ਕਰਨ ਮਗਰੋਂ ਜਲ ਵਰਤਿਆ ਕਰੋ, ਜਲ ਵਰਤਣ ਵਾਲੀਆਂ ਸ਼ੀਸ਼ੀਆਂ ਸਭ ਰੱਖੋ। ਸਤਿਗੁਰੂ ਪ੍ਰਤਾਪ ਸਿਘ ਜੀ ਦੇ ਉਪਦੇਸ਼ ਵਿਚ ਆਉਂਦਾ ਹੈ ਕਿ ਤੁਸੀਂ ਇਕ ਬੀਜ ਮਾਤਰ ਰਹਿ ਗਏ ਹੋ। ਸੋ ਏਧਰ ਧਿਆਨ ਦਿਓ, ਚਿੱਟੀਆਂ ਪੱਗਾਂ

*"ਹਮਾਰਾ ਜੋ ਸ਼ਰੀਰ ਹੈ, ਪਹਿਲੀ ਬਾਤ ਤੋਂ ਇਸਕਾ ਮਿਲਣਾ ਹੀ ਮੁਸ਼ਕਲ ਹੈ, ਦੂਸਰੀ ਬਾਤ ਇਸਕੋ ਸਤਸੰਗ ਮੇਂ ਜਾਨਾ ਅਤੀ ਕਠਿਨ ਹੈ ਇਸ ਸਮਯ ਮੇਂ। ਸਤਸੰਗ ਮੇਂ ਜਾਨਾ ਐਸਾ ਹੈ ਜੈਸੇ ਜੰਗਲ ਮੇਂ ਆਗ ਲਗੀ ਹੋ ਔਰ ਉਸਕੇ ਬੀਚ ਮੇਂ ਬਰਫ਼ ਕਾ ਏਕ ਪੀਸ ਰਖ ਦੋ ਔਰ ਵੋ ਨਾ ਪਿਘਲੇ।"*

ਗੋਲ ਹੋਰ ਵੀ ਬਹੁਤ ਲੋਕ ਬੰਨ੍ਹੀ ਫਿਰਦੇ ਨੇ, ਦਾੜ੍ਹੀਆਂ ਬਣੀਆਂ ਮੁਸਲਮਾਨਾਂ ਦੀਆਂ, ਪਾਦਰੀਆਂ ਦੀਆਂ ਸਾਡੇ ਨਾਲੋਂ ਵੱਡੀਆਂ ਵੱਡੀਆਂ ਨੇ। ਫਿਰ ਉਨ੍ਹਾਂ ਦਾ ਸਾਡੇ ਨਾਲੋਂ ਫ਼ਰਕ ਕੀ ਹੋਇਆ? ਫ਼ਰਕ ਕੇਵਲ ਮਰਯਾਦਾ ਦਾ ਹੈ। ਤੁਸੀਂ ਸਾਰੇ ਆਪਣੀ ਮਰਯਾਦਾ ਦਾ ਖਿਆਲ ਰੱਖੋ ਅਤੇ ਸਤਿਗੁਰਾਂ ਦੇ ਉਪਦੇਸ਼ਾਂ ਉੱਤੇ ਚੱਲਣ ਦੀ ਕੋਸ਼ਿਸ਼ ਕਰੋ, ਆਪਣੇ ਬੱਚਿਆਂ ਨੂੰ ਭਜਨ ਬਾਣੀ ਵਾਲੇ ਪਾਸੇ ਲਾਓ, ਮਰਯਾਦਾ ਬਾਰੇ ਦੱਸੋ।

> **"ਉਪਦੇਸ਼ ਕਰੇ ਗੁਰ ਸਤਿਗੁਰੁ ਪੂਰਾ**
> ਤੁਸੀਂ ਕੰਮ ਸੇ ਕਮ ਬਜ਼ਾਰ ਵਿਚ ਬਹਿ ਕੇ ਤਾਂ ਨਾ ਖਾਇਆ ਕਰੋ। ਜੇ ਨਲਕੇ ਦੇ ਪਾਣੀ ਨਾਲ ਹੀ ਖਾਣਾ ਹੈ ਆਪਣੇ ਅੰਦਰ ਘਰ ਬਹਿ ਕੇ ਆਸਣ ਵਿਛਾ ਕੇ ਬਹਿ ਕੇ ਛਕ ਲਿਆ, ਕੁਰਸੀਆਂ ਮੇਜ਼ਾਂ ਤੇ ਪਿਆਲੀਆਂ ਵਿਚ ਪਾ ਕੇ ਨਾ ਖਾਇਆ ਕਰੋ, ਅਸੀਂ ਤਾਂ ਏਨਾ ਵੀ ਨਹੀਂ ਕਰ ਸਕਦੇ। ਏਹ ਤਾਂ ਕੋਈ ਬਹੁਤ ਔਖੀ ਗੱਲ ਨਹੀਂ।"

● *(19 ਜੁਲਾਈ 1997 ਨੂੰ ਮਿਲਵਾਕੀ ਯੂ. ਐਸ. ਏ. ਵਿਖੇ 5ਵੀਂ ਵਿਸ਼ਵ ਪੰਜਾਬੀ ਕਾਨਫ਼੍ਰੰਸ ਦਾ ਉਦਘਾਟਨੀ ਆਸ਼ੀਰਵਾਦ)*

ਪੰਜਾਬ ਤੋਂ ਬਾਹਰ ਜਾ ਕੇ ਆਪਣਾ ਨਾਮ ਪੈਦਾ ਕਰਨ ਵਾਲਿਓ, ਸਤਿਗੁਰੂ ਰਾਮ ਸਿੰਘ ਜੀ ਸੱਚੇ ਪਾਤਸ਼ਾਹ ਨੇ ਪੰਜਾਬ ਵਿਚ ਉਦੋਂ ਕੰਮ ਕੀਤਾ ਜਦੋਂ ਅੰਗ੍ਰੇਜ਼ਾਂ ਖਿਲਾਫ਼ ਕੋਈ ਗੱਲ ਨਹੀਂ ਸੀ ਕਰ ਸਕਦਾ – ਪਰ ਲੜਾਈ ਕਰ ਕੇ ਨਹੀਂ। ਉਨ੍ਹਾਂ ਨਾ-ਮਿਲਵਰਤਨ ਤੇ ਅਹਿੰਸਾ ਦਾ ਜਿਹੜਾ ਰਾਹ ਅਖਤਿਆਰ ਕੀਤਾ ਉਸ ਉੱਤੇ ਚੱਲ ਕੇ ਹੀ ਮਹਾਤਮਾ ਗਾਂਧੀ ਨੇ ਦੇਸ਼ ਆਜ਼ਾਦ ਕਰਵਾਇਆ। ਫੇਰ ਤੁਹਾਨੂੰ ਪਤਾ ਹੀ ਹੈ ਕਿ ਅਫ਼ਰੀਕਾ ਦੇ ਕਈ ਦੇਸ਼ ਆਜ਼ਾਦ ਹੋਏ, ਬਗ਼ੈਰ ਕਿਸੇ ਖ਼ੂਨ ਖ਼ਰਾਬੇ ਤੋਂ, ਗੋਲੀ ਬੰਦੂਕ ਤੋਂ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਇਕ ਹੁਕਮਨਾਮੇ ਵਿਚ ਲਿਖਿਆ ਕਿ ਉਨ੍ਹਾਂ ਨਾਮਧਾਰੀ ਪੰਥ, ਮੰਤਰ ਸ਼ਕਤੀ ਨਾਲ ਪੈਦਾ ਕੀਤਾ ਹੈ, ਭਾਵੇਂ ਕੋਈ ਕਿੰਨੀ ਕੋਸ਼ਿਸ਼ ਕਰੇ ਉਸ ਨੂੰ ਮਿਟਾ ਨਹੀਂ ਸਕਦਾ। ਉਹ ਉਹੀ ਮੰਤਰ ਸ਼ਕਤੀ ਲੈ ਕੇ ਆਏ ਸਨ ਜਿਸ ਬਾਰੇ ਗੁਰੂ ਨਾਨਕ ਦੇਵ ਜੀ ਨੇ ਲਿਖਿਆ ਹੈ: ***ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥*** ਮੈਂ ਬਹੁਤ ਪੜ੍ਹਿਆ ਲਿਖਿਆ ਨਹੀਂ, ਬਹੁਤ ਤਕੜਾ ਬੁਲਾਰਾ ਵੀ ਨਹੀਂ... ਤੁਹਾਨੂੰ ਪਤਾ ਹੈ ਏਥੇ ਅਮਰੀਕਾ ਵਿਚ ਇਕ ਪੋਸਟ ਟੂ ਪੋਸਟ ਬਣਾਏ ਨੇ ਜਿਹੜੇ ਮਾਸ ਸ਼ਰਾਬ ਵਗੈਰਾ ਬਿਲਕੁਲ ਨਹੀਂ ਖਾਂਦੇ ਪੀਂਦੇ। ਪਤਾ ਲਗਾ ਹੈ ਕਿ ਉਨ੍ਹਾਂ ਅਮਰੀਕਨ ਸਿੱਖਾਂ ਦੇ ਲੜਕੇ ਲੜਕੀਆਂ ਮਸੂਰੀ ਵਿਚ ਪੜ੍ਹਦੇ ਨੇ। ਉਹ ਦੂਜੇ ਮਾਸ ਸ਼ਰਾਬ ਖਾਣ-ਪੀਣ ਵਾਲਿਆਂ ਦੇ ਟੇਬਲਾਂ ਤੇ ਨਹੀਂ ਸਨ ਬੈਠਦੇ। ਏਦੂੰ ਅਗਾਂਹ ਉਨ੍ਹਾਂ ਨਾਲ ਬੋਲ ਚਾਲ ਵੀ ਨਹੀਂ ਸਨ ਕਰਦੇ। ਫਿਰ ਉਨ੍ਹਾਂ ਨੂੰ ਇਹ ਜਾਪਿਆ ਪਈ ਸਾਡੇ ਕੱਪੜੇ ਇਨ੍ਹਾਂ ਨਾਲ ਧੁਪਦੇ ਨੇ। ਉਨ੍ਹਾਂ ਆਪਣਾ ਸਕੂਲ ਵਖਰਾ ਬਣਾ ਲਿਆ ਪਈ ਸਾਡੇ ਕਪੜੇ ਵੀ ਇਨ੍ਹਾਂ ਨਾਲ ਨਾ ਧੁਪਣ। ਸਾਡੇ ਦਾਦੀ ਜੀ, ਮਾਤਾ ਜੀਵਨ ਕੌਰ ਜੀ ਸਨ। ਉਹ ਦੁੱਧ ਮਿੱਠੇ ਵਾਲੇ ਵਿਚ ਜਾਂ ਸ਼ਰਬਤ ਵਿਚ ਕਿੱਕਰ ਦੀ ਦਾਤਨ ਨਹੀਂ ਸਨ ਫੇਰਨ ਦੇਂਦੇ। ਉਨ੍ਹਾਂ ਦਾ ਮਤਲਬ ਸੀ ਕਿ ਕਿਉਂਕਿ ਕਿੱਕਰ ਦੇ ਸੱਕ ਤੇ ਮਿੱਠੇ ਤੋਂ ਸ਼ਰਾਬ ਬਣਦੀ ਹੈ ਸੋ ਇਸ ਤੋਂ ਦੂਰ ਰਹਿਣਾ ਹੈ। ਮੈਨੂੰ ਇਸ ਗੱਲ ਦੀ ਖ਼ੁਸ਼ੀ ਹੈ ਕਿ 1983 ਦੀ ਕਾਨਫ਼ਰੰਸ ਵਿਚ ਸਾਨੂੰ ਨਾਮਧਾਰੀਆਂ ਨੂੰ ਬੈਂਕਾਕ (ਥਾਈਲੈਂਡ) ਸੇਵਾ ਕਰਨ ਦਾ ਮੌਕਾ ਮਿਲਿਆ। ਸਤਿਗੁਰਾਂ ਨੇ ਐਸੀ ਕਿਰਪਾ ਕੀਤੀ ਕਿ ਐਡੇ ਵੱਡੇ ਇਕੱਠ ਵਿਚ ਸਾਨੂੰ ਖੁਸ਼ੀਆਂ ਹੀ ਪ੍ਰਾਪਤ ਹੋਈਆਂ, ਕੋਈ ਸ਼ਿਕਾਇਤ ਨਹੀਂ ਆਈ। ਕਿਸੇ ਪਾਸਿਓਂ। ਬੈਂਕਾਕ ਵਾਲੇ ਸਿੱਖਾਂ ਨੇ ਬਹੁਤ ਸੇਵਾ ਕੀਤੀ। ਇਹ ਉਨ੍ਹਾਂ ਦੇ ਵੱਡੇ ਭਾਗਾਂ ਦੀ ਗੱਲ ਹੈ। ਮੈਂ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੈਨੂੰ ਮੌਕਾ ਦਿੱਤਾ ਹੈ ਏਥੇ ਸੇਵਾ ਕਰਨ ਦਾ। ਮੈਂ ਇਹ ਅਰਜ਼ ਕਰਾਂਗਾ ਕਿ ਹੁਣ ਇਸ ਕਾਨਫ਼ਰੰਸ ਨੂੰ ਸ਼ੁਰੂ ਕੀਤਾ ਜਾਵੇ। ਇਸ ਦੇ ਨਿਰਵਿਘਨਤਾ ਨਾਲ ਸੰਪੂਰਨ ਹੋਣ ਵਾਸਤੇ ਰੋਜ਼ ਸਵੇਰੇ ਉਠ ਕੇ ਅਰਦਾਸ ਕਰਕੇ ਆਇਆ ਕਰੋ ਤਾਂ ਕਿ ਸਾਡਾ ਜੀਵਨ ਵੀ ਉੱਚਾ ਹੋ ਸਕੇ।

> *"ਸਤਿਗੁਰੂ ਰਾਮ ਸਿੰਘ ਜੀ ਭਗਵਾਨ ਰਾਮ, ਭਗਵਾਨ ਕ੍ਰਿਸ਼ਨ, ਗੁਰੂ ਨਾਨਕ ਦੀ ਥਾਂ ਤੇ ਆਏ ਅਤੇ ਉਨ੍ਹਾਂ ਗੁਰੂ ਨਾਨਕ ਦਾ ਚਾਰ ਅੱਖਰਾਂ ਦਾ ਮੰਤਰ ਦਿੱਤਾ ਜਿਹਦੇ ਜਪਣ ਨਾਲ ਸੰਸਾਰ ਉਤੇ ਸ਼ਾਂਤੀ ਹੋ ਸਕਦੀ ਹੈ ਤੇ ਝਗੜੇ ਮੁੱਕ ਸਕਦੇ ਹਨ।"*

● (ਲੋਕ ਸਤਿਗੁਰਾਂ ਪਾਸ ਆਉਂਦੇ ਹਨ ਕਿ)... ਸਾਨੂੰ ਸਿਆਲੀ ਕਪੜੇ ਮਿਲ ਜਾਣ, ਹਾੜ੍ਹੀ ਕੱਪੜੇ ਮਿਲ ਜਾਣ, ਸਾਨੂੰ ਟਰੈਕਟਰ ਮਿਲ ਜਾਵੇ, ਸਾਨੂੰ ਕੋਈ ਜ਼ਮੀਨ ਮਿਲ ਜਾਵੇ, ਸਾਨੂੰ ਕੋਈ ਪੁੱਤਰ ਮਿਲ ਜਾਵੇ, ਇਸ ਵਾਸਤੇ ਨਹੀਂ ਕਿ ਸਾਨੂੰ ਰੋਟੀ ਮਿਲੇ ਰੋਜ਼ ਦੋ ਵੇਲੇ ਢਿੱਡ ਭਰ ਕੇ ਖਾਣ ਨੂੰ। ਇਸ ਵਾਸਤੇ ਵੀ ਨਹੀਂ... ਕਿ ਸਾਡਾ ਜੰਮਣ ਮਰਨ ਦਾ ਇਹ ਗੇੜ ਕੱਟਿਆ ਜਾਏ। ਇਹੋ ਹੀ ਚੀਜ਼ ਸਾਡੇ ਅੱਖੋਂ ਪਰੋਖੇ ਹੋ ਗਈ ਹੈ। ਸਾਡੇ ਧਿਆਨ ਤੋਂ ਲਾਂਭੇ ਹੋ ਗਈ ਹੈ। ਇਸ ਵਾਸਤੇ ਸਾਨੂੰ ਤਕਲੀਫ਼ਾਂ ਆਉਂਦੀਆਂ ਨੇ। ਸਤਿਗੁਰਾਂ ਦੇ ਘਰ ਵਿਚ ਜਾ ਕੇ ਜਿਨ੍ਹਾਂ ਤੇ ਕ੍ਰਿਪਾ ਹੋ ਗਈ, ਉਨ੍ਹਾਂ ਦਾ ਜੰਮਣ ਮਰਨ ਦਾ ਜਿੰਦਰਾ ਟੁੱਟ ਗਿਆ, ਉਹੋ ਹੀ ਇਹ ਗੱਲ ਆਖ ਸਕਦੇ ਨੇ ਕਿ ਮੈਂ ਆਪਣੇ ਸਤਿਗੁਰੂ ਤੋਂ ਬਲਿਹਾਰ ਜਾਨਾਂ। ਆਸਾ ਦੀ ਵਾਰ ਵਿੱਚ ਰੋਜ਼ ਆਪਾਂ ਸੁਣਦੇ ਤੇ ਪੜ੍ਹਦੇ ਹਾਂ: ***"ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ।"***

ਉਹਨੇ ਮੈਨੂੰ ਜ਼ਮੀਨ ਲੈ ਦਿੱਤੀ ਹੈ ਕਿ ਕੋਠੀ ਪਾ ਦਿੱਤੀ ਹੈ ਕਿ ਪ੍ਰਾਈਮ ਮਿਨਿਸਟਰ ਬਣਾ ਦਿੱਤਾ ਹੈ? "ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨਾ ਲਾਗੀ ਵਾਰ।" ਤੇ ਉਸ ਸਤਿਗੁਰੂ ਤੋਂ ਬਿਨਾਂ (ਦੀ ਹਾਲਤ) ਬਾਰੇ ਲਿਖਿਆ ਹੈ ਕਿ: ***ਜੇ ਸਉ ਚੰਦਾ ਉਗਵਹਿ, / ਸੂਰਜ ਚੜਹਿ ਹਜਾਰ/ "ਏਤੇ ਚਾਨਣ ਹੋਦਿਆਂ—***

> *"ਜੋ ਬਹੁਤ ਪੜ੍ਹਿਆ ਲਿਖਿਆ ਹੈ, ਪਰ ਜਿਸ ਦੀ ਪੜ੍ਹਾਈ ਸਤਿਗੁਰੂ ਨੂੰ ਵਿਸਾਰ ਦੇਂਦੀ ਹੈ, ਉਹ ਸਾਧੂ ਦੀ ਜੁੱਤੀ ਵਰਗਾ ਵੀ ਨਹੀਂ। ਮੇਰੀ ਗੱਲ ਨਹੀਂ ਜਿਨ੍ਹਾਂ ਨੂੰ ਅਸੀਂ ਸਤਿਗੁਰੂ ਮੰਨ ਕੇ ਮੱਥੇ ਟੇਕਦੇ ਹਾਂ, ਉਨ੍ਹਾਂ ਦੇ ਇਹ ਹੁਕਮ ਨੇ।"*

ਸੌ ਚੰਦਰਮਾਂ ਉੱਗ ਪਵੇ ਅਤੇ ਹਜਾਰ ਸੂਰਜ ਹੋਵੇ, ਏਨੇ ਚਾਨਣ ਹੁੰਦਿਆਂ ਇਹ ਨਹੀਂ ਹੁੰਦਾ ਕਿ ਥੋੜ੍ਹਾ ਜਿਹਾ ਹੀ ਕੁਝ ਚਾਨਣ ਲਗ ਜਾਵੇ, ਘੁਸਮੁਸਾ ਜਿਹਾ ਹਨੇਰਾ ਹੀ ਹੋ ਜਾਵੇ, ਲਿਖਦੇ ਨੇ: ***ਗੁਰ ਬਿਨੁ ਘੋਰ ਅੰਧਾਰ।"***

ਇਹ ਯਾਦ ਰਖਿਆ ਕਰੋ, ਚੇਤਾ ਰਖਿਆ ਕਰੋ। ਐਸ ਵੇਲੇ ਕਲਿਯੁਗ ਦੀ ਹਨ੍ਹੇਰੀ ਆਈ ਹੋਈ ਹੈ। ਸਤਿਗੁਰੂ ਮਨ ਵਾਲਾ ਹੀ ਹੁੰਦਾ ਹੈ। ਅਸਾਂ ਸਤਿਗੁਰਾਂ ਨੂੰ ਬਾਣੀ ਅਨੁਸਾਰ ਮੰਨਣਾ ਹੈ—ਨਾ ਸੇਵਾ ਕੀਤੀ ਸਫ਼ਲ ਹੈ ਜਿਤੁ ਸਤਿਗੁਰੁ ਨਾ ਮਨੁ ਮੰਨੇ।

● ਸਣਕੇਸੀਂ ਇਸ਼ਨਾਨ ਕਰਕੇ ਸਵੇਰੇ ਹਰ ਘਰ ਵਿਚ ਬੈਠਣਾ ਜ਼ਰੂਰੀ ਐ। ਹਰ ਧਰਮ ਵਿਚ ਤੜਕੇ ਉਠਣਾ ਜ਼ਰੂਰੀ ਐ, ਹਰ ਧਰਮ



Sri Satguru Jagjit Singh Ji Elibrary NamdhariElibrary@gmail.com

ਵਿਚ ਦਇਆ ਜ਼ਰੂਰੀ ਏ। ਧਰਮ ਬਹੁਤ ਜ਼ਰੂਰੀ ਹੈ। ਧਰਮ ਤੋਂ ਬਿਨਾਂ ਮਨੁੱਖ ਇਸ ਤਰ੍ਹਾਂ ਹੈ ਜਿਵੇਂ ਦਰੱਖਤ ਦੀਆਂ ਖਲਿਉਂ ਜੜ੍ਹਾਂ ਕਟ ਦਿੱਤੀਆਂ ਜਾਣ ਤੇ ਉਤੋਂ ਵੱਢਣ ਦੀ ਲੋੜ ਨਹੀਂ ਆਪਣੇ ਆਪ ਹੀ ਉਹ ਸੁੱਕ ਜਾਂਦੇ। ਧਰਮ ਦੇ ਰਾਹੀਂ ਸਾਨੂੰ ਪਤਾ ਲਗਦੇ ਪਈ ਕਿਸੇ ਦੇ ਹੱਕ ਤੇ ਛਾਪਾ ਨਹੀਂ ਮਾਰਨਾ, ਜੇ ਹੋ ਸਕੇ ਤਾਂ ਕਿਸੇ ਦੇ ਹੱਕ ਦੀ ਰਾਖੀ ਕਰਨੀ ਐ ਤੇ ਆਪਣੇ ਹੱਕ ਦਾ ਕੁਝ ਦਾਨ ਕਰਨੈ। ਸਾਰੇ ਅੰਮ੍ਰਿਤ ਵੇਲੇ ਉਠਿਆ ਕਰੋ। ਜਿਹਨੇ ਜਿਹਨੇ ਕਿਸੇ ਤੋਂ ਜੋ ਜੋ ਨਾਮ ਲਿਐ ਉਹ ਤੜਕੇ ਉਠ ਕੇ ਨਾਮ ਜਪਿਆ ਕਰੋ। ਅਜਕਲ ਦੇ ਸਮੇਂ ਅਨੁਸਾਰ ਬਾਣੀ ਦਾ ਪਾਠ ਬਹੁਤ ਕੀਤਾ ਜਾਂਦੇ, ਉਹ ਗਲਤ ਹੋਵੇ ਜਾਂ ਸ਼ੁੱਧ ਹੋਵੇ ਇਸਦੀ ਕੋਈ ਵਿਚਾਰ ਨਹੀਂ ਕਰਦਾ। ਰਿਕਾਰਡ ਬਣ ਗਏ ਨੇ, ਉਹ ਰਿਕਾਰਡ ਨੇ ਜਿਨ੍ਹਾਂ ਨੇ ਜਿੰਨੀ ਵਾਰੀ ਚਲਣੇ ਓਨੀ ਵੇਰ ਹੀ ਜੇ ਪਹਿਲਾਂ ਗਲਤ ਰਿਕਾਰਡ ਹੋ ਚੁੱਕੇ ਤਾਂ ਗਲਤ ਹੀ ਕਹੀ ਜਾਣੇ। ਜੇ ਆਦਮੀ ਗਲਤ ਪੜ੍ਹਦਾ ਵੀ ਹੋ ਤਾਂ ਹੋ ਸਕਦੇ ਉਹ ਸ਼ੁੱਧ ਕਰ ਲਵੇ ਪਰ ਰਿਕਾਰਡ ਨੇ ਤਾਂ ਓਥੇ ਹੀ ਚਲਣੇ ਜਿਥੇ ਹੋਵੇ। ਇਹ ਅਜਕਲ ਰਿਵਾਜ ਬਣ ਗਿਐ। ਤੁਸੀਂ ਬੋਰਡ ਲਿਖਿਆ ਪੜ੍ਹਿਐ ਹੋਣੈ ਕਿ ਇਹ ਰਸਤਾ ਸ੍ਰੀ ਭੈਣੀ ਸਾਹਿਬ ਨੂੰ ਜਾਂਦੇ। ਲੇਕਿਨ ਉਹ ਬੋਰਡ ਸ੍ਰੀ ਭੈਣੀ ਸਾਹਿਬ ਨਹੀਂ ਹੈਗਾ, ਉਸਦੇ ਦੱਸੇ ਹੋਏ ਰਾਹ ਪੜ੍ਹਕੇ ਤੁਸੀਂ ਏਥੇ ਭੈਣੀ ਸਾਹਿਬ ਆਏ ਹੋ। ਬਾਣੀ ਵਿਚ ਲਿਖ ਦਿੱਤੈ ਕਿ *"ਪ੍ਰਭ ਕੈ ਸਿਮਰਨਿ ਗਰਭਿ ਨ ਬਸੈ"* ਇਹ ਸਿਮਰਨ ਨਹੀਂ ਹੈ ਇਕ ਰਸਤਾ ਦਸਿਐ ਕਿ ਜੇ ਸਿਮਰਨ ਕਰੋਗੇ ਤਾਂ ਗਰਭ ਦਾ ਵਾਸਾ ਜਿਹੜੈ ਉਹ ਰੁਕੇਗਾ।

*"ਹੁਕਮ ਮੰਨਣ ਦਾ ਸੁਖ:*

*"ਇਕ ਸਿੰਘ, ਸੰਤ ਗੁਰਮੇਲ ਸਿੰਘ ਨਮਸਕਾਰ ਕਰ ਕੇ ਬੈਠ ਗਿਆ। ਸਤਿਗੁਰੂ ਜੀ ਨੇ ਬਚਨ ਕੀਤਾ, "ਇਹ ਸ. ਦਇਆ ਸਿੰਘ ਹੁਰਾਂ ਦਾ ਲੜਕਾ ਹੈ।" ਉਨ੍ਹਾਂ ਘਰ ਤੇ ਸ. ਆਤਮਾ ਸਿੰਘ ਘਰ ਔਲਾਦ ਨਹੀਂ ਸੀ। ਦੋਵੇਂ ਸਿੱਧੀ ਪੱਗ ਨਹੀਂ ਸਨ ਬੰਨ੍ਹਦੇ। ਉਨ੍ਹਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਅੱਗੇ ਔਲਾਦ ਲਈ ਅਰਜ਼ ਕੀਤੀ। ਸਤਿਗੁਰੂ ਜੀ ਨੇ ਕੋਲ ਬੈਠੇ, ਸੰਤ ਆਲਾ ਸਿੰਘ ਜੀ ਨੂੰ ਹੁਕਮ ਕੀਤਾ। ਸੰਤ ਜੀ ਨੇ ਕਿਹਾ, "ਇਹ ਕਿਹੜੀ ਵੱਡੀ ਗੱਲ ਹੈ। ਪੱਗ ਸਿੱਧੀ ਕਰ ਲੈਣ ਬੱਚੇ ਹੋਣਗੇ।" ਸ. ਦਇਆ ਸਿੰਘ ਨੇ ਪੱਗ ਸਿੱਧੀ ਕਰ ਲਈ ਤੇ ਸਤਿਗੁਰਾਂ ਦੇ ਹੁਕਮ ਨਾਲ ਕਿਰਪਾ ਹੋ ਗਈ।"*

- ਸਭ ਤੋਂ ਜ਼ਰੂਰੀ ਵਿਦਿਆ ਪ੍ਰਾਪਤ ਕਰਨੀ ਜਿਹੜੀ ਐ ਉਹ ਇਹ ਹੈ ਕਿ ਐਸ ਸੰਸਾਰ ਤੋਂ ਅਸਾਂ ਚਲੇ ਜਾਣੈ ਤੇ ਜਿਸ ਵੇਲੇ ਅਸਾਂ ਜਾਣੈ ਤੇ ਉਸ ਵੇਲੇ ਸਾਨੂੰ ਕੋਈ ਤਕਲੀਫ਼ ਨਾ ਹੋਵੇ। ਤੇ ਜੇ ਹੋ ਸਕੇ ਤਾਂ ਇਹ ਪਤਾ ਲਗ ਜਾਵੇ ਕਿ ਅੱਗੇ ਕਿਹੜਾ ਥਾਂ ਹੈ, ਜਿਥੇ ਜਾਣੈ। ਇਹ ਕੋਈ ਸਾਇੰਸਦਾਨ ਗੱਲ ਨਹੀਂ ਦੱਸ ਸਕਦਾ। ਸਾਇੰਸ ਕੋਲ ਐਸੀ ਕੋਈ ਕਸਵੱਟੀ ਨਹੀਂ ਜਿਹਦੇ 'ਤੇ ਧਰਮ ਨੂੰ ਤੋਲਿਆ ਜਾ ਸਕੇ।
- ਪਵਿੱਤਰਤਾ ਸ਼ਬਦ ਜਿਹੜੈ, ਮੈਨੂੰ ਅਜੇ ਇਹਦੀ ਅੰਗ੍ਰੇਜ਼ੀ ਨਹੀਂ ਲੱਭ ਸਕੀ, ਕਿਉਂਕਿ ਪਵਿੱਤਰਤਾ ਦੀ ਅੰਗ੍ਰੇਜ਼ੀ ਅੰਗ੍ਰੇਜ਼ਾਂ ਕੋਲ ਹੈ ਹੀ ਨਹੀਂ, ਉਨ੍ਹਾਂ ਨੂੰ ਪਤਾ ਹੀ ਨਹੀਂ ਕਿ ਪਵਿੱਤਰਤਾ ਕੀ ਹੈ? ਸਾਡੇ ਸਤਿਗੁਰਾਂ ਨੇ, ਸਾਡੇ ਵੱਡਿਆਂ ਨੇ ਇਹ ਕਿਹੈ ਕਿ ਪਈ ਜਦੋਂ ਟੱਟੀ ਜਾਣੈ ਓਦੋਂ ਹੱਥ ਰੇਤੇ ਨਾਲ ਮਾਂਜਣੇ ਨੇ। ਸਾਬਣ ਨਾਲ ਸਫ਼ਾਈ ਹੋ ਸਕਦੀ ਐ ਲੇਕਿਨ ਪਵਿੱਤਰਤਾ ਨਹੀਂ ਆ ਸਕਦੀ। ਸਾਡੇ ਯਕੀਨ ਮੁਤਾਬਕ ਸਾਨੂੰ ਬੁਰਸ਼ ਨਹੀਂ ਕਰਨਾ ਚਾਹੀਦਾ ਦਾਤਨ ਕਰਨੀ ਚਾਹੀਦੀ ਐ। ਇਹ ਛੋਟੀਆਂ ਛੋਟੀਆਂ ਚੀਜ਼ਾਂ ਨੇ ਜਿਹੜੀਆਂ ਸਾਡੇ ਧਰਮ ਦੇ ਵਿਚ ਜ਼ਰੂਰੀ ਦੱਸੀਆਂ ਨੇ, ਜਿਹੜੀਆਂ ਸਾਡੇ ਕੋਲੋਂ ਛੁਟਦੀਆਂ ਜਾਂਦੀਆਂ ਨੇ। ਹੱਥ ਮਾਂਜਣ ਤੋਂ ਸਾਨੂੰ ਸੰਗ ਆਉਂਦੀ ਹੈ। ਜੇ ਮਾਲਾ ਫੜਨੀ ਐ ਤਾਂ... ਉਲਟੀ ਗੱਲ ਹੋ ਗਈ ਐ। ਚਾਹੀਦਾ ਇਹ ਹੈ ਪਈ ਮਾਲਾ ਨਾ ਫੜਨ ਤੋਂ ਸੰਗ ਆਵੇ, ਹੱਥ ਨਾ ਮਾਂਜਣ ਤੋਂ ਸੰਗ ਆਵੇ, ਭਜਨ ਨਾ ਕਰਨ ਤੋਂ ਸੰਗ ਆਵੇ। ਲੇਕਿਨ ਸੰਗ ਏਸ ਗੱਲ ਤੋਂ ਆਉਂਦੀ ਐ, ਇਹ ਹੀ ਚੀਜ਼ ਸਾਡੇ ਕੋਲੋਂ ਛੁਟਦੀ ਜਾਂਦੀ ਐ, ਇਹਨੂੰ ਅਸਾਂ ਹਾਸਲ ਕਰਨੈ। ਇਹੋ ਹੀ ਅਸ਼ੀਰਵਾਦ ਹੈ। ਜੇ ਸਤਿਗੁਰਾਂ ਦੀ ਆਗਿਆ ਵਿਚ ਚਲਾਂਗੇ ਤਾਂ। ਮਾਸ, ਸ਼ਰਾਬ, ਆਂਡੇ, ਸਿਗਰਟ ਇਨ੍ਹਾਂ ਸਭਨਾਂ ਦਾ ਤਿਆਗ ਕਰਕੇ ਆਪਣੇ ਆਪਣੇ ਧਰਮ ਵਿਚ ਚਲੋ। ਤੜਕੇ ਉਠ ਕੇ ਇਸ਼ਨਾਨ ਕਰੋ ਜੋ ਕਿਸੇ ਨੇ ਮੰਤਰ ਆਪਣੇ ਗੁਰੂ ਤੋਂ ਲਿਆ ਹੈ ਉਸਦਾ ਜਾਪ ਕਰੋ। ਮੈਂ ਇਹ ਵੀ ਅਰਜ਼ ਕਰਾਂਗਾ ਕਿ ਸਿਨਮੇ ਬਿਲਕੁਲ ਨਹੀਂ ਵੇਖਣੇ। ਬੀਬੀਆਂ-ਭੈਣਾਂ ਜੋ ਤਕੜੀਆਂ ਹੋਣ, ਇਹ ਉਦਮ ਕਰਨ ਤੇ ਸਿਨਮੇ ਉੱਕਾ ਹੀ ਬੰਦ ਹੋ ਜਾਣ।

*"ਮਾਇਆਧਾਰੀ ਦਾ ਮਤਲਬ ਇਹ ਹੈ ਕਿ ਜਿਸ ਨੇ ਮਾਇਆ ਨੂੰ ਆਧਾਰ ਮੰਨ ਲਿਆ ਹੈ ਹੋਰ ਕਿਸੇ ਚੀਜ਼ ਨੂੰ ਨਹੀਂ। ਜਿਸ ਦੇ ਪਾਸ ਮਾਇਆ ਹੋਵੇ ਪਰ ਉਸ ਨਾਲ ਚੋ ਲਾ ਕੇ ਨਾ ਬੈਠੇ ਉਹ ਮਾਇਆਧਾਰੀ ਨਹੀਂ ਹੈ। ਉਨ੍ਹਾਂ ਵਾਸਤੇ ਲਿਖਿਐ:*

*ਵਿਚੇ ਗ੍ਰਿਹ ਸਦਾ ਰਹੈ ਉਦਾਸੀ*
*ਜਿਉ ਕਮਲੁ ਰਹੈ ਵਿਚਿ ਪਾਣੀ ਹੇ॥"*

*ਸੁਖ ਮਾਂਗਤ ਦੁਖੁ ਆਗੈ ਆਵੈ॥*

ਜਿਹੜਾ ਸੁਖ ਮੰਗਿਆ ਕਿ ਮੇਰਾ ਵਿਹਾਰ ਵਧੀਆ ਚਲੇ, ਪੁਤਰ ਨੂੰਹਾਂ ਹੋਣ ਇਹ ਸਾਰਾ ਕੁਝ ਮੰਗ ਲਿਆ, ਸਿੱਖੀ ਵਾਲੀ ਗੱਲ ਜੋ ਮੰਗਣੀ ਸੀ ਉਹ ਭੁਲ ਗਈ। ਉਹ ਪੁੱਤਰ ਜਿਹੜੇ ਨੇ ਉਹ ਦੁਖ ਦਾ ਰੂਪ ਬਣ ਕੇ ਸਾਹਮਣੇ ਆ ਕੇ ਖਲੋ ਗਏ। ਇਹ ਵੇਖ ਕੇ ਕਿ ਐਸ ਆਦਮੀ ਨਾਲ ਇਸ ਤਰ੍ਹਾਂ ਹੋ ਰਿਹੈ। ਪੜੋਸੀ ਕੇ ਜੋ ਦੁਆ ਆਪਣੇ ਹੀ ਜਾਣ।

- ਸਤਿਗੁਰੂ ਪ੍ਰਤਾਪ ਸਿੰਘ ਨੇ ਆਖਿਆ ਕਿ ਕੋਈ ਆਦਮੀ ਜ਼ਫ਼ਰ ਲੈ ਕੇ ਤਾੜਨਾ ਕਰਕੇ ਕਿਸੇ ਨੂੰ ਜਾਂ ਕਿਸੇ ਨੂੰ ਦਬਾ ਕ ਜਾਂ ਬੜੇ ਚੰਗੇ ਕਪੜੇ ਪਾ ਕੇ, ਐਸੇ ਹੋਰ ਕਿਸੇ ਵੀ ਜਲਵੇ ਜਲਾਓ ਨਾਲ ਵੱਡਾ ਨਹੀਂ ਹੋ ਸਕਦਾ। ਵੱਡਾ ਹੋ ਸਕਦੇ ਪਰਉਪਕਾਰ ਨਾਲ। ਪਰਉਪਕਾਰ ਐਸੀ ਚੀਜ਼ ਹੈ ਜਿਹੜਾ ਜ਼ਰੂਰ ਰੰਗ ਲਿਆਉਂਦੇ। ਪੰਡਤ ਨਹਿਰੂ ਨੇ ਪਰਉਪਕਾਰ ਵਾਸਤੇ ਬੀੜਾ ਉਠਾਇਆ। ਉਨ੍ਹਾਂ ਨੇ ਇਕ ਤਿਆਗ ਕੀਤਾ, ਪਰਉਪਕਾਰ ਲਈ ਆਪਣਾ ਮਹਿਲ ਕਾਂਗਰਸ ਨੂੰ ਦਾਨ ਕਰ ਦਿੱਤਾ! ਅਲਾਹਬਾਦ ਵਿਚ। ਉਹ ਸਾਰੇ ਦਾ ਸਾਰਾ ਸੰਸਥਾ ਨੂੰ ਦੇ ਦਿੱਤਾ। ਫੇਰ ਇਹ ਈ ਨਹੀਂ ਨਿਰਾ ਕੀਤਾ ਆਪਣੀ ਜ਼ਿੰਦਗੀ ਦੇ ਦਿੱਤੀ।

ਅੱਜ ਦੀ ਕੁਝ ਹੋਰ ਗੱਲ ਸੀ ਲੇਕਿਨ ਉਸ ਦਿਨ ਬਾਰੇ ਕੀ ਜ਼ਰਾ ਸੋਚੋ ਪਈ... ਅੱਜ ਤੇ ਵੇਖਦੇ ਨੇ ਪੰਡਤ ਨਹਿਰੂ ਬੜਾ ਵੱਡਾ ਬਣਿਆ ਬੈਠੇ ਏਸ ਤਰ੍ਹਾਂ ਉਹਦਾ ਸਾਰੇ ਹੁਕਮ ਚਲਦੇ। ਉਹ ਡਿਕਟੇਟਰਸ਼ਿਪ ਕਰਦੇ, ਲੇਕਿਨ ਇਹ ਨਹੀਂ ਕਿਸੇ ਨੇ ਕਦੀ ਵੇਖਿਆ ਕਿ ਜਦੋਂ ਉਸ ਨੇ ਫ਼ਰੀਦਕੋਟ



Sri Satguru Jagjit Singh Ji Elibrary NamdhariElibrary@gmail com

ਵਰਗੀਆਂ ਛੋਟੀਆਂ-ਛੋਟੀਆਂ ਰਿਆਸਤਾਂ 'ਚ ਜਾ ਕੇ ਤੇ ਉਨ੍ਹਾਂ ਮਾੜੇ ਮਾੜੇ ਆਦਮੀਆਂ ਕੋਲੋਂ ਲੱਤਾਂ ਪੁਆਈਆਂ ਤੇ ਖਿੱਚੀਆਂ ਤੇ ਬੜਾ ਕੁਝ ਕੀਤਾ। ਕਸ਼ਮੀਰ 'ਚ ਗਏ ਉਥੇ ਕਿਸ ਤਰ੍ਹਾਂ ਉਨ੍ਹਾਂ ਨਾਲ ਹੋਈ। ਇਹ ਸਾਰੀਆਂ ਗੱਲਾਂ ਜੇ ਪਹਿਲੀ ਜ਼ਿੰਦਗੀ ਨੂੰ ਵੇਖਿਆ ਜਾਵੇ ਤਾਂ ਉਹ ਤਿਆਗ ਤੇ ਪਰ-ਉਪਕਾਰ ਲਈ ਸੀ। ਤਦ ਜਾ ਕੇ ਇਸ ਚੀਜ਼ ਨੂੰ ਪ੍ਰਾਪਤ ਕੀਤਾ ਉਨ੍ਹਾਂ ਨੇ। ਏਸੇ ਤਰ੍ਹਾਂ ਅਸੀਂ ਵੀ ਆਪਣੀ ਜ਼ਿੰਦਗੀ ਨੂੰ ਆਪਣੇ ਸਤਿਗੁਰੂਆਂ ਵਾਲੇ ਪਾਸੇ ਤੋਰੀਏ। ਜਿਸ ਤਰ੍ਹਾਂ ਸੱਚੇ ਪਾਤਸ਼ਾਹ ਨੇ ਆਖਿਐ।

"ਸਤਿਗੁਰੂ ਰਾਮ ਸਿੰਘ ਜੀ ਦਾ ਬਹੁਤ ਵੱਡਾ ਪ੍ਰਤਾਪ ਸੀ। ਉਸ ਸਮੇਂ ਸਿੱਖੀ ਬਹੁਤ ਵਧੀ ਫੈਲੀ।

ਇਕ ਮੁਸਲਮਾਨ ਲਿਖਾਰੀ ਨੇ ਲਿਖਿਆ ਹੈ ਕਿ ਗੁਰੂ ਨਾਨਕ ਜੀ ਨੇ ਦੂਰ ਦੂਰ ਜਾ ਕੇ ਪ੍ਰਚਾਰ ਕੀਤਾ ਪਰ ਉਨ੍ਹਾਂ ਦੇ ਵੇਲੇ ਏਨੇ ਸਿੱਖ ਨਹੀਂ ਸਨ ਬਣੇ ਜਿੰਨੇ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਵੇਲੇ ਬਣੇ ਸਨ। ਉਨ੍ਹਾਂ ਦਸਾਂ ਸਾਲਾਂ ਵਿਚ 7 ਲੱਖ ਨਾਮਧਾਰੀ ਸਿੰਘ ਸਜਾਇਆ ਹੋਰ ਪਤਾ ਨਹੀਂ ਕਿਥੇ ਕਿਥੇ ਸਤਿਗੁਰਾਂ ਨੇ ਕਿਰਪਾ ਕੀਤੀ? ਜਿਸ ਦੀ ਪੂਰੀ ਜਾਣਕਾਰੀ ਪ੍ਰਾਪਤ ਕਰਨੀ ਬੜੀ ਔਖੀ ਹੈ।"

● ਆਪਸ ਵਿਚ ਬੈਠ ਕੇ ਚਰਚਾ ਕਰਿਆ ਕਰੋ ਕਿ ਨਾਮ ਸਿਮਰਨ 'ਚ ਚਿਤ ਲਗਦਾ ਹੈ ਕਿ ਨਹੀਂ ਜਾਂ ਕਿੰਨਾ ਭਜਨ ਬਾਣੀ ਕਰਦੇ ਹੋ, ਇਕ ਦੂਜੇ ਨੂੰ ਪੁੱਛਿਆ ਕਰੋ। ਇਸ ਨਾਲ ਖੋਟੀ ਮਤ ਚਲੀ ਜਾਂਦੀ ਹੈ। ਜਿਸ ਤਰ੍ਹਾਂ ਇਕ ਮਨ ਹੋ ਕੇ ਹਿਸਾਬ ਕਿਤਾਬ ਕਰਦੇ ਹੋ ਏਸੇ ਤਰ੍ਹਾਂ ਭਜਨ ਕਰਨ ਦੀ ਕੋਸ਼ਿਸ਼ ਕਰਿਆ ਕਰੋ। ਵਿਦੇਸ਼ 'ਚ ਮਨੋਵਿਗਿਆਨੀਆਂ ਨੇ ਮਨੁੱਖਾਂ 'ਤੇ ਆਧੁਨਿਕ ਮਸ਼ੀਨਾਂ ਲਗਾ ਕੇ ਇਹ ਤਜਰਬਾ ਕੀਤਾ ਹੈ ਕਿ ਜਦੋਂ ਉਹ ਵਿਹਾਰਕ ਗੱਲਾਂ ਕਰਦੇ ਹਨ ਤਾਂ ਉਨ੍ਹਾਂ ਦਾ ਦਿਮਾਗ 5% ਕੰਮ ਕਰਦਾ ਹੈ ਜਦੋਂ ਉਨ੍ਹਾਂ ਭਗਤੀ ਕਰਨ ਵਾਲਿਆਂ ਨੂੰ ਭਗਤੀ ਕਰਦਿਆਂ ਮਸ਼ੀਨਾਂ ਲਗਾਈਆਂ ਤਾਂ ਉਨ੍ਹਾਂ ਦਾ ਦਿਮਾਗ 95% ਕੰਮ ਕਰ ਰਿਹਾ ਸੀ। ਜਿੰਨੇ ਸਵਾਸ ਪਿਛੋਂ ਲਿਖੇ ਗਏ ਹਨ ਸਵਾਸ ਓਨੇ ਹੀ ਰਹਿਣੇ ਨੇ। ਕੰਮ ਕਾਰ, ਵਿਹਾਰ ਕਰਦਿਆਂ ਸਵਾਸ ਤੇਜ਼ ਹੋ ਜਾਂਦੇ ਹਨ ਪਰ ਭਜਨ ਕਰਨ ਨਾਲ-ਸਿਮਰਨ ਕਰਨ ਨਾਲ ਉਸਦੀ ਗਤੀ ਘਟ ਜਾਂਦੀ ਹੈ। ਸੋ ਭਜਨ ਕਰਨ ਨਾਲ ਉਮਰ ਵਧ ਜਾਂਦੀ ਹੈ।

● ਹੁਣ ਅਮਰੀਕਾ, ਕਨੇਡਾ ਵਿਚ ਬਹੁਤ ਸਾਰੇ ਵੈਜੀਟੇਰੀਅਨ ਬਣਦੇ ਜਾ ਰਹੇ ਹਨ। ਯੋਗੀ ਹਰਭਜਨ ਸਿੰਘ ਖਾਲਸਾ ਪਹਿਲਾਂ ਕਸਟਮ ਵਿਭਾਗ ਵਿਚ ਨੌਕਰੀ ਕਰਦੇ ਸਨ ਹੁਣ ਉਹ ਅਮਰੀਕਾ ਰਹਿੰਦੇ ਹਨ। ਉਨ੍ਹਾਂ ਗੋਰਿਆਂ ਨੂੰ ਸਿੱਖ ਬਣਾਇਆ ਹੈ। ਉਹ ਗੋਰੇ ਮਾਸ ਸ਼ਰਾਬ ਨਹੀਂ ਖਾਂਦੇ ਪੀਂਦੇ ਭਜਨ ਕਰਦੇ ਹਨ, ਗੁਰਬਾਣੀ ਦਾ ਪਾਠ ਕਰਦੇ ਹਨ।

● ਤੁਸਾਂ ਸਵੇਰ ਤੋਂ, ਕਲ ਤੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਰੇ ਸੁਣਿਐ। ਅਸੀਂ ਜਿਹੜਾ ਕੁਝ ਕਰ ਰਹੇ ਹਾਂ ਉਸ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿਤ ਹੈ। ਇਸ ਕਰਕੇ ਜਿਸ ਤਰ੍ਹਾਂ ਤੁਸੀਂ ਹੁਣੇ ਸੁਣਿਐ ਕਿਸੇ ਨੇ ਆਖਿਆ ਕਿ ਸਾਡੀ ਗਿਣਤੀ ਘਟਦੀ ਜਾਂਦੀ ਹੈ। ਇਸ ਨੂੰ ਵਧਾਉਣ ਵਾਸਤੇ ਸਤਿਗੁਰਾਂ ਦੇ ਦਰਸ਼ਨ ਨਮਿਤ ਪਾਠ, ਕਰਨੀਆਂ ਜੋ ਕੁਝ ਵੀ ਅਸੀਂ ਕਰਦੇ ਹਾਂ, ਤਾਂਕਿ ਸਾਨੂੰ ਸਤਿਗੁਰਾਂ ਦੇ ਦਰਸ਼ਨ ਹੋਣ। ਸਾਡੇ ਅੰਦਰ ਜਿਹੜੇ ਸੁੱਕੇ ਹੋਏ ਨੇ ਉਨ੍ਹਾਂ ਨੂੰ ਸਤਿਗੁਰੂ ਹਰੇ ਕਰਨ। ਤੁਸਾਂ ਏਥੇ ਸੁਣਿਐ ਕਲ ਪਰਸੋਂ ਇਕ ਸਿੰਘ ਨੂੰ ਦਰਸ਼ਨ ਹੋਏ ਹਨ ਸਤਿਗੁਰੂ ਰਾਮ ਸਿੰਘ ਜੀ ਦੇ। ਉਨ੍ਹਾਂ ਦੇ ਆਉਣ ਦੀਆਂ ਖਬਰਾਂ ਆ ਰਹੀਆਂ ਨੇ ਤੇ ਅਸੀਂ ਜਿਹੜੇ ਜ਼ਰਾ ਵੱਡੀ ਉਮਰ ਦੇ ਹਾਂ ਉਨ੍ਹਾਂ ਦੀ ਉਮਰ ਛੇਤੀ ਲੰਘੀ ਜਾ ਰਹੀ ਹੈ। ਲੰਘੀ ਸਾਰਿਆਂ ਦੀ ਜਾ ਰਹੀ ਹੈ ਪਰ ਜਦੋਂ ਸੂਰਜ ਛਿਪਣ ਤੇ ਆਉਂਦੇ ਤਾਂ ਜਾਪਦੇ ਹੁਣ ਛੇਤੀ ਥੱਲੇ ਚਲਾ ਜਾਂਦੈ। ਸਤਿਗੁਰੂ ਕਿਰਪਾ ਕਰਨ ਸਾਡੇ ਮਨ ਜਿਹੜੇ ਨੇ ਉਹ ਸਤਿਗੁਰੂ ਦੇ ਦਰਸ਼ਨ ਵਾਲੇ ਬਨਣ।

*"ਸਤਿਗੁਰੂ ਰਾਮ ਸਿੰਘ ਨੇ ਉਨ੍ਹਾਂ ਦਿਨਾ ਵਿਚ ਵਿਆਹ ਦੀ ਰਸਮ ਚਾਲੂ ਕੀਤੀ। 1863 ਵਿਚ 6 ਜੋੜਿਆਂ ਦੇ ਇਕੱਠੇ ਅਨੰਦ ਕਾਰਜ ਕੀਤੇ। ਵਿਆਹ ਦੀ ਰਸਮ ਚਾਲੂ ਕਰਨ ਕਰਕੇ ਸਤਿਗੁਰੂ ਜੀ ਦਾ ਪੰਡਤਾਂ ਤੇ ਹੋਰ ਮੋਹਤਬਰ ਸਜਣਾਂ ਵਿਰੋਧ ਕੀਤਾ। ਸਤਿਗੁਰੂ ਜੀ ਨੂੰ ਸ੍ਰੀ ਭੈਣੀ ਸਾਹਿਬ ਨਜ਼ਰਬੰਦ ਕੀਤਾ ਗਿਆ। ਆਪ ਨੂੰ ਬਹੁਤ ਕਸ਼ਟ ਉਠਾਉਣੇ ਪਏ।"*

● ਤੁਸਾਂ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਦੇ ਉਪਦੇਸ਼ ਵਿਚ ਸੁਣਿਐ ਕਿ ਅਸੀਂ ਬਹੁਤ ਥੱਲੇ ਜਾ ਰਹੇ ਹਾਂ ਪਰ ਇਸ ਸਮੇਂ ਵਿਚ ਉਦਾਸ ਹੋਣ ਦੀ ਲੋੜ ਨਹੀਂ। ਸਤਿਗੁਰਾਂ ਨੇ ਇਕ ਵਰਨਾਂ ਵਾਲੇ ਸਿੰਘ ਦਾ ਪ੍ਰਸੰਗ ਸੁਣਾਇਆ। ਉਹਦਾ ਨਾਂ ਸ਼ਾਇਦ ਸੁਜਾਨ ਸਿੰਘ ਸੀ। ਉਨ੍ਹਾਂ ਦਾ ਮਨ ਵੀ ਇਸ ਤਰ੍ਹਾਂ ਉਦਾਸ ਹੋ ਗਿਆ ਤੇ ਭਜਨ ਬਾਣੀ ਕਰਨਾ ਛਡ ਬੈਠੇ ਕਿ ਕੁਝ ਨਹੀਂ ਬਣਦਾ। ਉਹ ਫਿਰ ਰਾਸ ਧੈਂਦੀ ਵੇਖਣ ਚਲੇ ਗਏ। ਓਥੇ ਸ੍ਰੀ ਕ੍ਰਿਸ਼ਨ ਭਗਵਾਨ ਦਾ ਪ੍ਰਸੰਗ ਆਇਆ ਕਿ ਉਹ ਅਲੋਪ ਹੋ ਜਾਂਦੇ ਨੇ ਤੇ ਗੋਪੀਆਂ ਬੜੇ ਵਾਸਤੇ ਪਾਉਂਦੀਆਂ ਨੇ। ਸਤਿਜੁਗ ਦੇ ਭਗਤਾਂ ਦਾ, ਤ੍ਰੇਤੇ ਦਾ, ਦੁਆਪਰ ਦਾ ਵਾਸਤਾ ਪਾਇਆ ਤੇ ਕ੍ਰਿਸ਼ਨ ਭਗਵਾਨ ਦੇ ਦਰਸ਼ਨ ਨਹੀਂ ਹੋਏ। ਜਦੋਂ ਕਲਿਜੁਗ ਦੇ ਭਗਤਾਂ ਦਾ ਵਾਸਤਾ ਪਾਇਆ ਤਾਂ ਭਗਵਾਨ ਪਰਤਖ ਹੋ ਗਏ। ਉਨ੍ਹਾਂ (ਭਗਤਾਂ) ਨੇ ਆਖਿਆ ਪਈ ਸਤਿਜੁਗ ਵਿਚ ਐਨੀਆਂ ਲੰਮੀਆਂ ਉਮਰਾਂ ਸਨ। ਬਿਰਤੀ ਟਿਕਦੀ ਸੀ, ਬਾਕੀ ਦੇ ਯੁਗਾਂ ਵਿਚ ਵੀ। ਕਲਿਜੁਗ ਵਿਚ ਤਾਂ ਸਾਡਾ ਬੁਰਾ ਹਾਲ ਹੈ, ਭਜਨ ਕਰਨ ਨੂੰ ਜੀਅ ਨਹੀਂ ਕਰਦਾ, ਵਕਤ ਨਹੀਂ ਮਿਲਦਾ ਤੇ ਉਮਰਾਂ ਵੀ ਛੋਟੀਆਂ ਹੁੰਦੀਆਂ ਹਨ ਇਹਦੇ ਵਾਸਤੇ ਹੀ ਤੁਸੀਂ ਆ ਜਾਉ। ਭਗਵਾਨ ਨੇ ਆਖਿਆ ਕਿ ਮਾਇਆ ਜਿਹੜੀ ਹੈ ਇਹ ਬੜੇ ਜ਼ੋਰ ਨਾਲ ਪ੍ਰਬਲ ਰੂਪ ਵਿਚ ਛਾਈ ਹੋਈ ਹੈ। ਜਿਹੜੇ ਅਜਕਲ ਵੀ ਇਸ ਸਮੇਂ ਵਿਚ ਭਜਨ ਕਰਦੇ ਨੇ ਉਹ ਬੜੇ ਧੰਨ ਨੇ ਤੇ ਉਨ੍ਹਾਂ ਦੀ ਥੋੜ੍ਹੀ ਕੀਤੀ ਭਗਤੀ ਵੀ ਪ੍ਰਵਾਨ ਹੁੰਦੀ ਹੈ। ਇਹ ਸੁਣ ਕੇ ਉਹ ਸੰਤ ਸੁਜਾਨ ਸਿੰਘ ਜੀ ਫਿਰ ਭਜਨ ਕਰਨ ਲਗ ਪਏ। ਸੋ ਬਿਰਤੀ ਲੱਗੇ ਜਾਂ ਨਾ ਲੱਗੇ ਆਪਣਾ ਨਿਤਨੇਮ ਨਹੀਂ ਛੱਡਣਾ। ਇਹ ਕਰਦਿਆਂ ਕਰਦਿਆਂ ਕੁਝ ਨਾ ਕੁਝ ਸਮਾਂ ਐਸਾ ਆ ਜਾਂਦੈ ਜਿਹਦੇ ਵਿਚ ਆਦਮੀ ਨੂੰ ਸਤਿਸੰਗ ਕਰਦਿਆਂ, ਕੋਈ ਸਾਧੂਆਂ ਦੇ ਬਚਨ ਸੁਣਦਿਆਂ, ਕਿਸੇ ਵੇਲੇ ਉਹਦਾ ਮਨ ਠੀਕ ਹੋ ਜਾਂਦੈ।

● ਉਹ ਕਿਹੜਾ ਥਾਂ ਏਂ ਜਿਥੇ ਨਾ ਆਦਮੀ ਮਰਦਾ ਹੈ ਤੇ ਨਾ ਹੀ ਬੁੱਢਾ ਹੁੰਦਾ ਹੈ। ਕਿਉਂ ਨਾ ਇਹੋ ਜਿਹੀ ਧਰਤੀ ਤੇ ਜਾ ਕੇ ਘਰ ਬਣਾਇਆ ਜਾਵੇ ਜਿਥੇ ਐਡਾ ਸਿਹਤਮੰਦ ਆਦਮੀ ਰਹੇ? ਕਿਉਂ ਨਾ ਵਿਚਾਰ ਕਰ ਕਰ ਉਹ ਥਾਂ ਖੋਜਿਆ ਜਾਵੇ? ਅੰਗ੍ਰੇਜ਼ਾਂ ਨੇ ਬੜੀ ਸਿਆਣਪ ਕਰਕੇ ਅਮਰੀਕਾ ਖੋਜ ਕੇ ਆਖਿਆ, ਬੜਾ ਸੁਹਣਾ ਥਾਂ ਬਣ ਗਿਆ ਹੈ। ਘਰ ਬਣਾ ਲਏ, ਆਸਟ੍ਰੇਲੀਆ ਲੱਭ ਲਿਆ ਜਾ ਕੇ। ਉਨ੍ਹਾਂ ਬੰਦਿਆਂ ਨੂੰ ਮਾਰ ਮਾਰ ਕੇ ਸੁਹਣੇ ਥਾਂ ਬਣਾਏ, ਆਪਣੇ ਵਲੋਂ। ਪਰ ਬੁੱਢੇ ਹੋ ਕੇ ਮਰੇ ਅੱਗੇ ਜਾ ਕੇ। ਦੁੱਖ ਕਿੰਨਾ ਕੁ ਉਨ੍ਹਾਂ ਨੂੰ ਹੋਇਆ। ਉਹ ਘਰ, ਉਹ ਥਾਂ ਜਿਹੜਾ ਹੈ ਜਿੱਥੇ ਘਰ ਬਣ ਜਾਵੇ ਅਤੇ ਨਾ ਬੰਦਾ ਬੁਢਾ ਹੋਵੇ ਤੇ ਨਾ ਮਰੇ। ਇਸ ਤੇ ਖੋਜ ਕਰ ਕੇ ਵਿਚਾਰ ਕਰਨਾ ਚਾਹੀਦਾ ਹੈ।



Sri Satguru Jagjit Singh Ji Elibrary NamdhariElibrary@gmail.com

● ਮੈਨੂੰ ਇਕ ਗੱਲ ਯਾਦ ਆ ਗਈ ਹੈ। ਇਕ ਸਿੰਘ ਆਪਣਾ ਨਾਮਧਾਰੀ ਵਲੈਤ ਨੂੰ ਗਿਆ ਤੇ ਮੈਂ ਉਹਨੂੰ ਆਖਿਆ ਕਿ ਤੂੰ ਉਥੇ ਜਾ ਕੇ ਦਾੜ੍ਹੀ ਨਹੀਂ ਬੰਨ੍ਹਣੀ। ਓਥੇ ਜਾ ਕੇ ਉਹਨੇ ਮੈਨੂੰ ਚਿੱਠੀ ਲਿਖੀ ਪਈ ਏਥੇ ਓਸ (ਤ੍ਰੇਲ) ਬੜੀ ਪੈਂਦੀ ਹੈ ਸਿਆਲ ਦੇ ਦਿਨਾਂ ਵਿਚ, ਦਾੜ੍ਹੀ ਚੋਣ ਲਗ ਪੈਂਦੀ ਹੈ ਇਹਦਾ (ਦਾੜ੍ਹੀ ਦਾ) ਮੈਂ ਕੀ ਪ੍ਰਬੰਧ ਕਰਾਂ। ਮੈਂ ਉਹਨੂੰ ਆਖਿਆ ਏਥੇ ਬੜੇ ਪਾਦਰੀ ਨੇ ਲੰਮੀਆਂ ਲੰਮੀਆਂ ਦਾੜ੍ਹੀਆਂ ਵਾਲੇ, ਉਨ੍ਹਾਂ ਨੂੰ ਪੁੱਛ ਲਈਂ ਕਿ ਕੀ ਪ੍ਰਬੰਧ ਕਰਦੇ ਨੇ, ਤੂੰ ਵੀ ਉਹ ਹੀ ਪ੍ਰਬੰਧ ਕਰ ਲਈਂ। ਇਹ ਹੱਸਣ ਦੀ ਗੱਲ ਨਹੀਂ। ਮੇਰਾ ਮਤਲਬ ਇਹ ਹੈ ਕਿ ਪੱਜ ਸਾਨੂੰ ਇਹ ਲੱਭਣਾ ਚਾਹੀਦਾ ਹੈ ਕਿ ਅਸੀਂ ਦਾੜ੍ਹਾ ਖੋਲ੍ਹ ਕੇ ਕਿਵੇਂ ਰੱਖ ਸਕਦੇ ਹਾਂ, ਨਾ ਕਿ ਇਹ ਪੱਜ ਲਭੀਏ ਕਿ ਦਾੜ੍ਹਾ ਬੰਨ੍ਹਣਾ ਕਿਵੇਂ ਹੈ। ਇਹ ਸਿਰਫ਼ ਸਤਿਗੁਰਾਂ ਦੀ ਜਿਹਦੇ ਉੱਤੇ ਕਿਰਪਾ ਹੋਵੇ ਉਸੇ ਦੇ ਧਿਆਨ ਵਿਚ ਆ ਸਕਦੀ ਹੈ।

*"ਸੂਹੀ ਰਾਗ ਵਿਚ ਤੁਕਾਂ ਲਿਖੀਆਂ ਨੇ:*

*ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ॥*

*ਸਮੁੰਦੁ ਸਾਗਰੁ ਹੋਵੈ ਬਹੁ ਖਾਰਾ*

*ਗੁਰਸਿਖੁ ਲੰਘਿ ਗੁਰ ਪਹਿ ਜਾਈ॥*

*ਤੁਸੀਂ ਇਤਿਹਾਸਕਾਰਾਂ ਨੂੰ ਪੁਛੋ, ਆਪ ਪੜਤਾਲ ਕਰੋ: ਕਿਹੜੇ ਗੁਰੂ ਹੋਏ ਨੇ ਜਿਹੜੇ ਸਮੁੰਦਰਾਂ ਤੋਂ ਪਾਰ ਗਏ ਨੇ ਤੇ ਸਿੱਖਾਂ ਤੇ ਜਾ ਕੇ ਉਨ੍ਹਾਂ ਦਾ ਦਰਸ਼ਨ ਕੀਤਾ ਹੈ। ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖ ਇਸ ਤਰ੍ਹਾਂ ਨਾ ਕਰਦੇ ਤਾਂ ਤੁਕਾਂ ਬਾਣੀ ਵਿਚ ਲਿਖੀਆਂ ਰਹਿ ਜਾਂਦੀਆਂ। ਇਨ੍ਹਾਂ ਨੂੰ ਸਫਲਤਾ ਪ੍ਰਾਪਤ ਨਹੀਂ ਸੀ ਹੋਣੀ।"*

● ਜਿਹੜੇ ਮਾਸ ਸ਼ਰਾਬ ਦੀ ਵਰਤੋਂ ਕਰਦੇ ਹਨ ਉਹ ਛੱਡ ਕੇ ਭਜਨ ਪੁੱਛ ਲੈਣ ਤੇ ਭਜਨ ਕਰਿਆ ਕਰੋ। ਜਰਮਨੀ, ਕਨੇਡਾ, ਇੰਗਲੈਂਡ ਵਿਚ ਲੋਕ ਮਾਸ ਖਾਣਾ ਛੱਡਦੇ ਜਾਂਦੇ ਨੇ। ਗਿਆਨੀ ਹਰਿੰਦਰ ਸਿੰਘ (ਐਮ. ਐਲ. ਏ.) ਨੇ ਦੱਸਿਆ ਕਿ ਉਸਦੇ ਬੱਚੇ ਅਮਰੀਕਾ ਵਿਚ ਸਾਬਤ ਸੂਰਤ ਸਿੱਖ ਹਨ। ਕੈਨੇਡਾ ਵਿਚ ਨਾਮਧਾਰੀ ਸਿੱਖ ਤੀਹ ਮੀਲ ਤੋਂ ਚਸ਼ਮੇ ਦਾ ਪਾਣੀ ਲਿਆ ਕੇ ਲੰਗਰ ਕਰਦੇ ਹਨ, ਨਲਕੇ ਦਾ ਪਾਣੀ ਨਹੀਂ ਵਰਤਦੇ। ਪ੍ਰੋ: ਸ਼ੇਰ ਸਿੰਘ ਕਹਿੰਦੇ ਸਨ ਨਾਈਟ ਕਲੱਬਾਂ ਨੇ ਮੌਰਨਿੰਗ ਕਲੱਬਾਂ ਦੀ ਥਾਂ ਲੈ ਲਈ ਹੈ। ਰਾਤ ਦੇਰ ਤਕ ਲੋਕ ਜਾਗਦੇ ਹਨ ਤੇ ਅੰਮ੍ਰਿਤ ਵੇਲੇ ਉੱਠਣ ਦੇ ਸਮੇਂ ਸੌਂਦੇ ਹਨ।

● ਅੰਮ੍ਰਿਤ ਵੇਲੇ ਦਾ ਉਠਣਾ, ਇਸ਼ਨਾਨ ਕਰਨਾ ਤੇ ਨਾਮ ਜਪਣ ਦਾ ਬੜਾ ਮਹਾਤਮ ਹੈ। ਸਤਸੰਗ ਬਹੁਤ ਵਧੀਆ ਚੀਜ਼ ਹੈ।

ਗੁੱਜਰਾਂ ਦੀ ਲੜਕੀ ਦੁਧ ਵੇਚਣ ਜਾਂਦੀ ਸੀ। ਰਾਹ ਵਿਚ ਸੰਤਾਂ ਦਾ ਡੇਰਾ ਸੀ ਜਿਥੇ ਸਤਸੰਗ-ਕਥਾ ਹੁੰਦੀ ਸੀ ਹਰ ਰੋਜ਼। ਉਸ ਲੜਕੀ ਦੇ ਪਿਤਾ ਨੇ ਉਸ ਨੂੰ ਸਿਖਿਆ ਦੇਣੀ ਕਰਨੀ ਕਿ ਪੱਟਿਆਂ ਦੇ ਡੇਰੇ ਨਾ ਜਾਈਂ। ਸਾਧਾਂ ਦੇ ਡੇਰੇ ਨੂੰ ਪੱਟਿਆਂ ਦਾ ਡੇਰਾ ਕਹਿੰਦਾ ਸੀ। ਇਕ ਦਿਨ ਦੁਪਹਿਰ ਵੇਲੇ ਸੰਤਾਂ ਦੇ ਡੇਰੇ ਲਾਗੋਂ ਲੰਘਦਿਆਂ ਗੁੱਜਰਾਂ ਦੀ ਲੜਕੀ ਗਰਮੀ ਬਰਦਾਸ਼ਤ ਨਾ ਕਰਦੀ ਹੋਈ ਸੰਤਾਂ ਦੇ ਡੇਰੇ ਚਲੀ ਗਈ। ਪਾਣੀ ਪੀਤਾ ਤੇ ਸੰਗਤ ਵਿਚ ਬੈਠ ਗਈ। ਕਥਾ ਸੁਣਦੀ ਰਹੀ ਤੇ ਪਿਛੋਂ ਉਸ ਲੜਕੀ ਨੇ ਕਿਹਾ, ਜੋ ਤੁਸੀਂ ਬੋਲਦੇ ਹੋ ਇਸਦਾ ਮਤਲਬ ਮੇਰੀ ਸਮਝ ਵਿਚ ਨਹੀਂ ਆਉਂਦਾ ਕਿ ਤੁਸੀਂ ਕੀ ਕਹਿੰਦੇ ਹੋ। "ਸੰਤਾਂ ਨੇ ਕਿਹਾ, "ਅਸੀਂ ਸਤਿ ਤੇ ਅਸਤਿ ਦੀ ਵਿਚਾਰ ਕਰਦੇ ਹਾਂ।" ਲੜਕੀ ਨੇ ਫਿਰ ਕਿਹਾ, "ਮੈਨੂੰ ਇਹ ਪਤਾ ਲਗਦਾ ਹੈ ਕਿ ਸਤਿ ਤੇ ਅਸਤਿ ਦੀ ਵਿਚਾਰ ਕਰਦੇ ਹੋ ਪਰ ਸਤਿ ਤੇ ਅਸਤਿ ਕੀ ਚੀਜ਼ ਹੈ ਇਹ ਨਹੀਂ ਸਮਝ ਆਉਂਦਾ।" ਸੰਤਾਂ ਕਿਹਾ, "ਸਤਿ ਤੇ ਅਸਤਿ ਭਾਵ ਝੂਠ ਕੀ ਹੈ ਤੇ ਸੱਚ ਕੀ ਹੈ ਇਹ ਵਿਚਾਰ ਕਰਦੇ ਹਾਂ।" ਲੜਕੀ ਨੇ ਫਿਰ ਕਿਹਾ, "ਮੇਰੀ ਸਮਝ ਵਿਚ ਝੂਠ ਤੇ ਸੱਚ ਦਾ ਮਤਲਬ ਨਹੀਂ ਆਇਆ।" ਸੰਤਾਂ ਪੁਛਿਆ, "ਤੂੰ ਕੰਮ ਕੀ ਕਰਦੀ ਹੈਂ?" "ਮੈਂ ਦੁਧ ਵੇਚਦੀ ਹਾਂ। "ਉਸ ਵਿਚ ਪਾਣੀ ਪਾਉਂਦੀ ਏਂ ਕਿ ਨਹੀਂ?" "ਪਾਉਂਦੀ ਹਾਂ।" "ਜਿਹੜਾ ਤੇ ਹੈ ਦੁਧ ਉਹ ਤਾਂ ਹੈ ਸੱਚ (ਸਤਿ) ਤੇ ਜਿਹੜਾ ਦੁਧ ਵਿਚ ਪਾਣੀ ਹੁੰਦਾ ਹੈ ਉਹ ਹੈ ਝੂਠ (ਅਸਤਿ)।" ਸੰਤਾਂ ਨੇ ਉਸ ਲੜਕੀ ਨੂੰ ਇਸ ਤਰ੍ਹਾਂ ਸਮਝਾਇਆ।

ਲੜਕੀ ਦੀ ਸਮਝ ਵਿਚ ਸਤਿ ਅਤੇ ਅਸਤਿ ਦਾ ਭਾਵ-ਅਰਥ ਆ ਗਿਆ। ਉਹ ਘਰ ਗਈ। ਉਸਦੇ ਮਨ ਵਿਚ ਸੰਗਤ ਕੀਤੀ ਦਾ ਅਸਰ ਸੀ। ਦੁਧ ਲੈਣ ਆਏ ਗਾਹਕ ਦੇ ਸਾਹਮਣੇ ਗੁੱਜਰ ਨੇ ਲੜਕੀ ਨੂੰ ਅਵਾਜ਼ ਲਗਾਈ ਕਿ 'ਭਾਂਡਾ ਸਾਫ਼ ਕਰ ਕੇ ਲਿਆ' (ਇਹ ਉਨ੍ਹਾਂ ਦਾ ਕੋਡ ਸ਼ਬਦ ਸੀ, ਭਾਵ ਪਾਣੀ ਪਾ ਕੇ ਲਿਆ) ਲੜਕੀ ਦੇ ਮਨ ਤੇ ਸੁਣੀ ਹੋਈ ਕਥਾ ਦਾ ਅਸਰ ਹੋ ਚੁੱਕਾ ਸੀ। ਉਸਨੇ ਕਪੜੇ ਨਾਲ ਭਾਂਡਾ ਸਾਫ਼ ਕਰ ਕੇ ਪਿਤਾ ਨੂੰ ਦਿੱਤਾ। ਪਿਤਾ ਨੇ ਫੇਰ ਕਿਹਾ 'ਭਾਂਡਾ ਚੰਗੀ ਤਰ੍ਹਾਂ ਸਾਫ਼ ਕਰ ਕੇ ਲਿਆ' ਭਾਵ ਪਾਣੀ ਪਾ ਕੇ ਲਿਆ ਤਾਂ ਉਸਨੇ ਫੇਰ ਚੰਗੀ ਤਰ੍ਹਾਂ ਭਾਂਡਾ ਸਾਫ਼ ਕਰ ਕੇ ਦਿੱਤਾ, ਪਾਣੀ ਨਾ ਪਾਇਆ। ਗਾਹਕ ਦੇ ਸਾਹਮਣੇ ਤਾਂ ਗੁੱਜਰ ਨੇ ਦੁਧ ਚੋ ਕੇ ਦੇ ਦਿੱਤਾ ਪਰ ਉਸ ਤੋਂ ਬਾਅਦ ਰਾਤ ਨੂੰ ਗੁੱਜਰ ਨੇ ਲੜਕੀ ਨੂੰ ਅੰਦਰ ਵਾੜ ਲਿਆ ਤੇ ਕਿਹਾ ਤੂੰ ਮੇਰਾ ਕਹਿਣਾ ਕਿਉਂ ਨਹੀਂ ਮੰਨਿਆ? ਤੂੰ ਜ਼ਰੂਰ ਪੱਟਿਆਂ ਦੇ ਡੇਰੇ ਗਈ ਹੋਵੇਂਗੀ। ਇਹ ਕਹਿੰਦਿਆਂ ਲੜਕੀ ਨੂੰ ਕੁੱਟਣਾ ਸ਼ੁਰੂ ਕੀਤਾ ਤੇ ਮੰਦਾ ਚੰਗਾ ਬੋਲਣਾ ਵੀ। (ਨਾਲੇ ਕਿਹਾ ਕਿ ਤੈਨੂੰ ਐਸੀ ਥਾਂ ਵਿਆਹੂੰ ਜਿਥੇ ਦੁਖੀ ਰਹੇਂ। ਉਨ੍ਹਾਂ ਦਿਨਾਂ ਵਿਚ ਰਾਜੇ ਬੜੇ ਧਰਮੀ ਹੋਇਆ ਕਰਦੇ ਸਨ। ਉਹ ਰਾਤ ਨੂੰ ਭੇਸ ਬਦਲ ਕੇ ਲੋਕਾਂ ਵਿਚ ਤੁਰ ਫਿਰ ਕੇ ਵੇਖਿਆ ਕਰਦੇ ਸਨ ਕਿ ਕੋਈ ਦੁਖੀ ਤਾਂ ਨਹੀਂ, ਕਿਸੇ ਨੂੰ ਕੋਈ ਤੰਗ ਤਾਂ ਨਹੀਂ ਕਰਦਾ। ਉਸ ਰਾਤ ਰਾਜੇ ਨੇ ਲੜਕੀ ਨੂੰ ਉਸਦੇ ਪਿਤਾ ਵੱਲੋਂ ਮਾਰੇ ਜਾਣ ਦਾ ਹਾਲ ਵੇਖਿਆ ਸੁਣਿਆ। ਦਿਨ ਚੜ੍ਹੇ ਨਾਲ ਰਾਜੇ ਨੇ ਉਸ ਗੁੱਜਰ ਨੂੰ ਤੇ ਲੜਕੀ ਨੂੰ ਸਭਾ ਵਿਚ ਬੁਲਾ ਲਿਆ। ਪੁੱਛ ਪੜਤਾਲ ਕੀਤੀ ਕਿ ਤੂੰ ਰਾਤ ਨੂੰ ਆਪਣੀ ਲੜਕੀ ਨੂੰ ਕਿਉਂ ਮਾਰ ਰਿਹਾ ਸੈਂ? ਉਸ ਕਿਹਾ ਇਹ ਮੇਰਾ ਕਹਿਣਾ ਨਹੀਂ ਸੀ ਮੰਨਦੀ। ਰਾਜੇ ਨੇ ਲੜਕੀ ਨੂੰ ਪੁੱਛਿਆ ਤਾਂ ਉਸ ਕਿਹਾ ਇਹ ਕਹਿੰਦੇ ਸਨ ਦੁੱਧ ਚੋਣ ਵਾਲੇ ਭਾਂਡੇ ਵਿਚ ਪਾਣੀ ਪਾ ਕੇ ਲਿਆ, ਮੈਂ ਪਾਣੀ ਨਹੀਂ ਪਾਇਆ ਇਸ ਕਰਕੇ ਇਨ੍ਹਾਂ ਮੈਨੂੰ ਕੁੱਟਿਆ-ਮਾਰਿਆ ਹੈ। ਰਾਜੇ ਨੇ ਇਹ ਗੱਲ ਸੁਣ ਕੇ ਲੜਕੀ ਨੂੰ ਤਾਂ ਆਪਣੇ ਮਹਿਲਾਂ ਵਿਚ ਆਪਣੀ ਲੜਕੀ ਪਾਸ ਭੇਜ ਦਿੱਤਾ ਤੇ ਉਸ ਦੇ ਪਿਤਾ ਨੂੰ ਸਜ਼ਾ ਦਿੱਤੀ।

ਕੁਝ ਦਿਨਾਂ ਬਾਅਦ ਰਾਜੇ ਨੇ ਸੋਚਿਆ ਕਿ ਲੜਕੀ ਆਪਣੇ ਪਰਿਵਾਰ ਨਾਲੋਂ ਵਿੱਛੜ ਕੇ ਆਈ ਹੈ, ਉਹਦਾ ਦਿਲ ਲੱਗਿਆ ਹੋਵੇਗਾ ਕਿ ਨਹੀਂ, ਪਤਾ ਹੀ ਲਈਏ। ਜਦ ਰਾਜਾ ਉਸ ਲੜਕੀ ਕੋਲ ਗਿਆ ਤੇ ਪੁੱਛਿਆ, ਬੇਟੀ ਤੈਨੂੰ ਕੋਈ ਤਕਲੀਫ਼ ਤਾਂ ਨਹੀਂ, ਉਸ ਲੜਕੀ ਨੇ



Sri Satguru Jagjit Singh Ji Elibrary NamdhariElibrary@gmail.com

ਕਿਹਾ ਬਾਦਸ਼ਾਹ ਮੈਨੂੰ ਕੋਈ ਤਕਲੀਫ਼ ਨਹੀਂ, ਮੈਂ ਬਹੁਤ ਸੁਖੀ ਹਾਂ ਪਰ ਜਿਹੜੇ ਸਾਧੂਆਂ ਦੀ ਕੁਝ ਦੇਰ ਸੰਗਤ ਕਰਨ ਨਾਲ ਮੈਂ ਇਕ ਗੁੱਜਰ ਦੀ ਲੜਕੀ ਤੋਂ ਰਾਜਾ ਦੀ ਲੜਕੀ ਬਣ ਗਈ ਹਾਂ ਮੈਨੂੰ ਉਨ੍ਹਾਂ ਸਾਧੂਆਂ ਦੀ ਸੰਗਤ ਚਾਹੀਦੀ ਹੈ। ਰਾਜੇ ਲੜਕੀ ਦੀ ਉਹ ਵੀ ਮੰਗ ਪੂਰੀ ਕੀਤੀ ਤੇ ਸਾਧਾਂ ਨੂੰ ਵੀ ਉਥੇ ਸਤਸੰਗ ਕਰਨ ਲਈ ਬੁਲਾ ਲਿਆ।

- ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ ਆਪਣੀ ਇੱਕ ਟੀਮ ਬਣਾਈ ਜਿਸਦੇ ਬਹੁਤ ਸਾਰੇ ਸਰੀਰ ਸਨ ਜਿਹੜੇ ਮਾਸ ਸ਼ਰਾਬ ਏਨਾ ਵਰਤਦੇ ਸਨ...

ਤੁਹਾਨੂੰ ਪਤੇ ਜੇ ਜ਼ਮੀਨ ਨਾ ਹੋਵੇ, ਫ਼ਸਲ ਨਹੀਂ ਹੋ ਸਕਦੀ, ਏਸੇ ਤਰ੍ਹਾਂ ਜੇ ਔਰਤ ਦਾ ਜਾਮਾ ਨਾ ਹੋਵੇ ਤਾਂ ਮਰਦ ਪੈਦਾ ਨਹੀਂ ਹੋ ਸਕਦੇ। ਸਤਿਗੁਰੂ ਰਾਮ ਸਿੰਘ ਜੀ ਨੇ ਕਿਰਪਾ ਕੀਤੀ ਜਿਹੜੇ ਗਰੇਵਾਲ ਜੱਟ ਸਨ, ਇਹ ਕੁੜੀ ਨਹੀਂ ਸਨ ਬਚਣ ਦਿੰਦੇ। ਆਂਹਦੇ ਸਨ ਸਾਡਾ ਵੀ ਕੋਈ ਜਵਾਈ ਬਣੇਗਾ? ਮਾਰ ਦਿੰਦੇ ਸਨ। ਸਤਿਗੁਰੂ ਰਾਮ ਸਿੰਘ ਨੇ ਕਿਰਪਾ ਕੀਤੀ ਤੇ ਉਹ ਕੁੜੀਆਂ ਮਾਰਨੋਂ ਹਟਾਏ।

***"ਚੰਦਨ ਠੰਢਾ ਮੰਨਿਆ ਗਿਆ ਹੈ। ਚੰਦ ਦੀ ਚਾਨਣੀ ਰਾਤ ਨੂੰ ਬਹੁਤ ਠੰਢਾ ਮੰਨਿਆ ਜਾਂਦਾ ਹੈ। ਜਿਸ ਵੇਲੇ ਸਿਆਲ ਦਾ ਮਹੀਨਾ ਹੁੰਦਾ ਹੈ ਉਸ ਵੇਲੇ ਬਹੁਤ ਠੰਢ ਪੈਂਦੀ ਹੈ। ਪਰ ਇਹ ਸਾਰੀ ਪ੍ਰਕਾਰ ਦੀ ਠੰਢ ਮਨ ਦੀ ਸੜਨ ਨੂੰ, ਗਰਮੀ ਨੂੰ ਠੰਢਾ ਨਹੀਂ ਕਰਦੀ। ਮਨ ਨੂੰ ਠੰਢਾ ਕਰਨ ਵਾਸਤੇ ਇਕ ਨਾਮ ਹੀ ਹੈ ਜਿਸ ਬਾਰੇ ਸਤਿਗੁਰੂ ਜੀ ਨੇ ਲਿਖਿਆ ਹੈ:***

***ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਮ॥***
***ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ॥***

***ਜਿਹੜਾ ਸਤਿਗੁਰੂ ਕੋਲੋਂ ਪੁਛ ਕੇ ਨਾਮ ਲਿਆ ਹੈ, ਉਸ ਦਾ ਜਪਣਾ ਹੀ ਠੰਢ ਵਰਤਾ ਸਕਦਾ ਹੈ।"***

ਸਤਿਗੁਰਾਂ ਨੇ ਐਸੀ ਟੀਮ ਬਣਾਈ ਜਿਹਨੇ ਭਾਰਤ ਵਿੱਚੋਂ ਅੰਗ੍ਰੇਜ਼ੀ ਰਾਜ ਨੂੰ, ਜਿਹਦੇ ਰਾਜ ਵਿੱਚ ਸੂਰਜ ਨਹੀਂ ਸੀ ਡੁੱਬਦਾ, ਇਹ ਹਾਲਤ ਕਰ ਦਿੱਤੀ ਉਨ੍ਹਾਂ ਦੀ ਕਿ... ਉਸ ਟੀਮ ਦੇ...ਪਹਿਲੋਂ ਸਤਿਗੁਰੂ ਰਾਮ ਸਿੰਘ ਜੀ ਨੇ, ਜਿਹੜੇ ਇੱਕ-ਇੱਕ ਟੀਮ ਦਾ ਖਿਡਾਰੀ ਸੀ ਉਨ੍ਹਾਂ ਨੂੰ ਆਜ਼ਾਦ ਕਰਾਇਆ, ਤੇ ਉਨ੍ਹਾਂ ਦੇ ਅੰਦਰ ਕਾਮ, ਕਰੋਧ, ਲੋਭ, ਮੋਹ, ਹੰਕਾਰ ਜਿਹੜੇ ਸਨ, ਇਨ੍ਹਾਂ ਦੇ ਉੱਤੇ ਜਿੱਤ ਪ੍ਰਾਪਤ ਕਰ ਲਈ। ਇਨ੍ਹਾਂ ਤੋਂ ਫ਼ਾਰਗ ਕਰ ਦਿੱਤਾ ਉਨ੍ਹਾਂ ਨੂੰ।

ਬਾਬਾ ਸੋਹਣ ਸਿੰਘ ਭਕਨਾ ਦਾ ਨਾਂ ਸੁਣਿਆ ਹੋਵੇਗਾ ਤੁਸਾਂ, ਉਹ ਵੀ ਨਾਮਧਾਰੀ ਸਨ। ਮੈਂ ਪਿਛਲੇ ਦਿਨਾਂ 'ਚ, ਉਨ੍ਹਾਂ ਦੇ ਅਖੀਰਲੇ ਦਿਨਾਂ 'ਚ ਉਨ੍ਹਾਂ ਕੋਲ ਗਿਆ ਤੇ ਮੇਰੇ ਕੋਲ ਪੌਣੇ ਦੋ ਘੰਟੇ ਦੀ ਉਨ੍ਹਾਂ ਦੀ ਟੇਪ ਰਿਕਾਰਡ ਹੋਈ ਪਈ ਹੈ। ਉਹ ਕਹਿਣ ਲਗੇ, "ਜਿਹੜੀ ਇਹ ਆਜ਼ਾਦੀ ਏ ਨਾ, ਇਹ ਆਜ਼ਾਦੀ ਨਹੀਂ ਹੈਗੀ ਸਾਡੇ ਕੋਲ। ਆਜ਼ਾਦੀ ਸਿਰਫ਼ ਸਤਿਗੁਰੂ ਰਾਮ ਸਿੰਘ ਜੀ ਨੇ ਦਿੱਤੀ ਸੀ, ਜਿਹਦੇ ਵਿਚ ਲੋਭ ਤੇ ਮੋਹ ਵਗੈਰਾ ਸ਼ਾਮਲ ਨਹੀਂ ਸਨ। ਉਹਦੇ 'ਚ ਕਿਸੇ ਦਾ ਕੋਈ ਲਿਹਾਜ ਨਹੀਂ ਸੀ। ਆਜ਼ਾਦੀ ਉਸ ਤਰ੍ਹਾਂ ਦੀ ਚਾਹੀਦੀ ਹੈ।—ਸੋ ਸਤਿਗੁਰੂ ਰਾਮ ਸਿੰਘ ਨੇ ਉਹ ਟੀਮ ਬਣਾਈ, ਉਨ੍ਹਾਂ ਦੇ ਖਿਡਾਰੀਆਂ ਨੇ ਭਾਰਤ ਨੂੰ ਜਿੱਤਿਆ ਤੇ ਫੇਰ ਉਸ ਟੀਮ ਦੇ ਪੈਰ ਚਿੰਨ੍ਹਾਂ ਤੇ ਤੁਰ ਕੇ, ਜਦੋਂ ਏਨੀਆਂ ਤੋਪਾਂ ਤੇ ਬੰਦੂਕਾਂ ਸਨ ਅੰਗ੍ਰੇਜ਼ਾਂ ਦੇ ਕੋਲ—ਏਸ ਤਰ੍ਹਾਂ ਸਤਿਗੁਰੂ ਰਾਮ ਸਿੰਘ ਦੀ ਵਡਿਆਈ ਸਾਰੀ ਦੁਨੀਆਂ ਤੇ ਪ੍ਰਗਟ ਹੋਈ—ਤੇ ਇਸ ਟੀਮ ਦੇ ਪੈਰ ਚਿੰਨ੍ਹਾਂ ਤੇ ਤੁਰਕੇ ਅਫ਼ਰੀਕਾ ਤੇ ਹੋਰ ਕਈ ਦੇਸ਼ਾਂ ਨੇ ਅਜ਼ਾਦੀ ਪ੍ਰਾਪਤ ਕੀਤੀ। ਜਦੋਂ ਇਨੀਆਂ ਤੋਪਾਂ ਬੰਦੂਕਾਂ ਤੇ ਐਨੇ ਹਥਿਆਰ ਸਨ, ਉਨ੍ਹਾਂ ਦਾ ਮੁਕਾਬਲਾ ਮਾਲਾ ਨੇ ਕੀਤਾ। ਨਾਮ ਜਪ ਕੇ ਇਨ੍ਹਾਂ ਦਾ ਮੁਕਾਬਲਾ ਕੀਤਾ। ਅੰਗ੍ਰੇਜ਼ ਦੀ ਰੇਲ ਤੇ ਨਹੀਂ ਚੜ੍ਹਨਾ, ਅੰਗ੍ਰੇਜ਼ ਦਾ ਕੱਪੜਾ ਨਹੀਂ ਵਰਤਣਾ, ਅੰਗ੍ਰੇਜ਼ ਦੀ ਜਿਹੜੀ ਕਚਹਿਰੀ ਏ ਉਹਦਾ ਬਾਈਕਾਟ ਕੀਤਾ। ਡਾਕ ਦਾ ਸਿਸਟਮ ਆਪਣਾ ਬਣਾਇਆ। ਇਤਿਹਾਸ ਵਿਚ ਕੂਕਾ ਪੋਸਟਲ ਸਰਵਿਸ ਦੇ ਨਾਂ ਨਾਲ ਉਨ੍ਹਾਂ ਨੇ ਲਿਖਿਆ। ਸੋ ਏਸੇ ਤਰ੍ਹਾਂ ਈਂ ਇੱਕ ਸਤਿਗੁਰੂ ਪ੍ਰਤਾਪ ਸਿੰਘ ਜੀ ਵੇਲੇ ਰੱਸੇ ਦੀ ਟੀਮ ਸੀ ਸਾਡੀ। ਮੈਨੂੰ ਇਹ ਯਾਦ ਨਹੀਂ ਸ਼ਾਇਦ ਜਾਰਜ ਪੰਚਮ ਦੀ ਤਾਜਪੋਸ਼ੀ ਸੀ, ਸਾਰੇ ਭਾਰਤ ਨੂੰ ਉਨ੍ਹਾਂ ਨੇ ਰੱਸੇ 'ਚ ਜਿੱਤਿਆ ਸੀ। ਇਨ੍ਹਾਂ ਨਾਮਧਾਰੀ ਵਰਦੀਆਂ ਨਾਲ। ਉਨ੍ਹਾਂ ਦਾ ਸਿਸਟਮ ਕੀ ਸੀ, ਤਰੀਕਾ ਕੀ ਸੀ? ਉਹ ਪਿੰਡ ਵਿੱਚ ਨਹੀਂ ਸਨ ਰਹਿੰਦੇ, ਬਾਹਰ ਧਰਮਸ਼ਾਲਾ ਵਿੱਚ ਰਹਿਣਾ, ਉਥੇ ਆਪਣਾ ਭਜਨ ਬਾਣੀ ਕਰਨਾ ਤੇ ਆਪਣਾ ਅਭਿਆਸ ਕਰਨਾ, ਮਿਹਨਤ ਕਰਨੀ, ਡੰਡ ਬੈਠਕਾਂ ਲਾਉਣੀਆਂ, ਸਾਰਾ ਕੁਝ ਕਰਨਾ। ਪਿੰਡ ਵਿਚ ਜੇ ਕੋਈ ਚਲਾ ਜਾਂਦਾ ਤਾਂ ਉਹਦੇ ਮਗਰ ਬੰਦਾ ਘੱਲਣਾ ਕਿੱਥੇ ਗਿਐ? ਏਨਾ ਪਹਿਰਾ ਰੱਖਿਆ ਤੇ ਉਨ੍ਹਾਂ ਨੇ ਉਸ ਵੇਲੇ ਸਾਰੇ ਭਾਰਤ ਨੂੰ ਜਿੱਤਿਆ। ਮੈਂ ਕੋਸ਼ਿਸ਼ ਕਰਾਂਗਾ ਉਹ ਫ਼ੋਟੋ ਏਥੇ ਲੁਆ ਦੇਈਏ, ਫ਼ੋਟੋ ਹੈਗੀ ਏ ਸਾਡੇ ਕੋਲ, ਉਨ੍ਹਾਂ ਦਿਨਾਂ 'ਚ ਫ਼ੋਟੋ ਬੜੀਆਂ ਘੱਟ ਹੁੰਦੀਆਂ ਸਨ। ਸਾਡੇ ਕੋਲ ਸਾਂਭੀ ਚੀਜ਼ ਨਹੀਂ ਸਾਂਭੀ ਜਾਂਦੀ ਇਹ ਪਤਾ ਨਹੀਂ ਕਿਵੇਂ ਬਚੀ ਰਹਿ ਗਈ ਸਤਿਗੁਰਾਂ ਦੀ ਕ੍ਰਿਪਾ ਨਾਲ?

- ਸਤਿਗੁਰੂ ਰਾਮ ਸਿੰਘ ਜੀ ਜੋ ਕੁਝ ਕੀਤਾ ਉਹ ਬੇਮਿਸਾਲ ਹੈ। ਇਹ ਸਮੇਂ ਸਮੇਂ ਅਨੁਸਾਰ ਹੁੰਦਾ ਹੈ।

ਪਹਿਲੇ ਪੰਜ ਗੁਰੂ ਸਾਹਿਬਾਨ ਨੇ ਤਲਵਾਰ ਨਹੀਂ ਚੁੱਕੀ, ਛੇਵੇਂ ਗੁਰੂ ਹਰਿਗੋਬਿੰਦ ਨੇ ਤਲਵਾਰ ਫੜੀ। ਸਤਵੇਂ, ਅੱਠਵੇਂ, ਨੌਵੇਂ ਫਿਰ ਮਾਲਾ ਤੋਂ ਕੰਮ ਲਿਆ। ਦਸਵੇਂ ਪਾਤਸ਼ਾਹ ਨੇ ਸ਼ਸ਼ਤਰ ਧਾਰਨ ਕੀਤੇ ਤੇ ਖਾਲਸੇ ਨੂੰ ਸ਼ਸਤਰ ਧਾਰਨ ਕਰਨ ਲਈ ਕਿਹਾ। ਉਨ੍ਹਾਂ ਦਾ ਆਪਣਾ ਢਾਈ ਮਣ ਪੱਕੇ ਦਾ ਕਮਰ ਕੱਸਾ ਹੁੰਦਾ ਸੀ। ਪਰ ਗੁਰੂ ਗੋਬਿੰਦ ਸਿੰਘ ਜੀ ਅਕਾਲ ਪੁਰਖ ਦੇ ਭਾਣੇ ਵਿਚ ਰਹੇ, ਸਾਰਾ ਪ੍ਰਵਾਰ ਦੇਸ਼ ਧਰਮ ਲਈ ਵਾਰ ਦਿੱਤਾ। ਜੇ ਉਹ ਚਾਹੁੰਦੇ ਤਾਂ ਅੱਖ ਦੇ ਫੋਰ ਵਿਚ ਮੁਗਲਾਂ ਦਾ ਨਾਸ ਕਰ ਸਕਦੇ ਸਨ ਪਰ ਨਹੀਂ, ਉਨ੍ਹਾਂ ਭਾਣੇ ਵਿਚ ਰਹਿ ਕੇ ਸਾਰੇ ਕਸ਼ਟ ਝੱਲੇ। ਏਥੇ ਸਾਧ ਸੰਗਤ ਵਿਚ ਆਉਣ ਦਾ ਸਾਡਾ ਮਤਲਬ ਹੈ ਸਾਡਾ ਜਨਮ ਸੁਧਰ ਜਾਏ ਸਾਨੂੰ ਫੇਰ ਚੌਰਾਸੀ ਦੇ ਗੇੜ ਵਿਚ ਨਾ ਪੈਣਾ ਪਵੇ। ਸੋ ਜਿਹੜੇ ਮਾਸ ਸ਼ਰਾਬ ਵਰਤ ਲੈਂਦੇ ਹਨ ਉਹ ਛੱਡ ਕੇ ਭਜਨ ਪੁੱਛ ਲੈਣ ਤੇ ਉਸਦਾ ਜਾਪ ਕਰਿਆ ਕਰੋ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਾਨੂੰ ਸਿੱਧਾ ਰੱਬ ਨਾਲ ਲਾਇਆ, ਨਾਮ ਜਪਾਇਆ ਤੇ ਜਪਣ ਲਈ ਹੁਕਮ ਕੀਤਾ। ਉਨ੍ਹਾਂ ਪੰਡਤ ਰਾਮ ਨਾਰਾਇਣ ਨੂੰ ਬ੍ਰਹਮ ਦਾ ਬੋਧ ਕਰਵਾਇਆ ਜਿਨ੍ਹਾਂ ਬਾਅਦ ਵਿਚ ਸੰਸਕ੍ਰਿਤ ਵਿਚ ਇਕ ਗ੍ਰੰਥ ਦੀ ਰਚਨਾ ਕੀਤੀ।

ਪਾਠ ਕਰਦਿਆਂ ਕਰਦਿਆਂ ਪਤਾ ਨਹੀਂ ਕਿਹੜੀ ਤੁਕ ਦਾ ਸਾਡੇ ਤੇ ਅਸਰ ਹੋ ਜਾਣਾ ਹੈ।

*(ਪਿਛਲੇ ਮਹੀਨਿਆਂ ਦੇ "ਸਤਿਯੁਗ" ਵਿਚੋਂ)*



Sri Satguru Jagjit Singh Ji Elibrary NamdhariElibrary@gmail.com

# "ਕੂਕੇ ਸੱਚੇ! ਕੂਕੇ ਸੱਚੇ!! ਕੂਕੇ ਸੱਚੇ!!!" —ਪ੍ਰਤਾਪ ਸਿੰਘ ਕੈਰੋਂ

**ਪੰਥ ਰਤਨ ਮਾਸਟਰ ਨਿਰਾਲ ਸਿੰਘ**

**ਜੇ ਬੇਟ ਦੇ ਇਲਾਕੇ ਵੱਲ ਸ੍ਰੀ ਭੈਣੀ ਸਾਹਿਬ ਨਾ ਹੁੰਦਾ ਤਾਂ ਬੇਟ ਦਾ ਇਕ ਮੁਸਲਮਾਨ ਵੀ ਬਚ ਕੇ ਨਾ ਜਾ ਸਕਦਾ।**

*ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ*
*ਸੇਵਕ ਕਉ ਗੁਰੁ ਸਦਾ ਦਇਆਲ।*
*ਸਿਖ ਕੀ ਗੁਰ ਦੁਰਮਤਿ ਮਲੁ ਹਿਰੈ।*
*ਗੁਰ ਬਚਨੀ ਹਰਿ ਨਾਮੁ ਉਚਰੈ।*
*ਸਤਿਗੁਰ ਸਿਖ ਕੇ ਬੰਧਨ ਕਾਟੈ*
*ਗੁਰ ਕਾ ਸਿਖੁ ਬਿਕਾਰ ਤੇ ਹਾਟੈ।*
*ਸਤਿਗੁਰੁ ਸਿਖ ਕਉ ਨਾਮ ਧਨੁ ਦੇਇ*
*ਗੁਰ ਕਾ ਸਿਖੁ ਵਡਭਾਗੀ ਹੈ।*
*ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ*
*ਨਾਨਕ ਸਤਿਗੁਰੁ ਸਿਖ ਕਉ*
*ਜੀਅ ਨਾਲਿ ਸਮਾਰੈ*

*—ਗੁਰੂ ਅਰਜਨ ਦੇਵ ਜੀ*

**ਵੰਡ ਅਤੇ ਕੂਕੇ**

ਤ੍ਰਿਕਾਲ ਦਰਸ਼ੀ ਸਤਿਗੁਰੂ ਪ੍ਰਤਾਪ ਸਿੰਘ ਜੀ ਸ਼ੇਖੂਪੁਰੇ ਬੇਦਾਵਦ ਦੇ ਹੋਲੇ ਸਮੇਂ ਉੱਚੀ ਬਾਂਹ ਕਰ ਕੇ ਹੋਕਾ ਦਿੱਤਾ: ਸਾਧ ਸੰਗਤ ਜੀ! ਭਾਣਾ ਸਿਰ ਤੇ ਆ ਰਿਹਾ ਹੈ, ਘਰਾਂ ਦਾ ਮੋਹ ਤਿਆਗੀ, ਨਾਮ ਜਪੋ ਤੇ ਪਹਾੜਾਂ ਵੱਲ ਚਲੇ ਜਾਓ, ਜਾਂ ਸੁਹੇਵੇ ਸਾਹਿਬ। ਰਾਵੀਓਂ ਪਾਰ ਹੋ ਜਾਓ। ਇਹ ਨਾਮਧਾਰੀਆਂ ਸੁਣਿਆ। ਦੂਜੇ ਪੰਜਾਬੀਆਂ ਦੇ ਕੰਨਾਂ ਤਕ ਪਹੁੰਚਿਆ। ਕਈ ਪ੍ਰਕਾਰ ਦੀ ਚਰਚਾ ਹੋਈ।

ਸਿਦਕ ਵਾਲਿਆਂ ਮਨ ਬਣਾ ਲਿਆ। ਪਰ ਕਈਆਂ ਘੇਸਲ ਮਾਰ ਛੱਡੀ। ਗ਼ੈਰ-ਨਾਮਧਾਰੀਆਂ ਹਾਸੀ ਉਡਾਈ। ਕੂਕੇ ਭਰਾਕਲ, ਕੂਕੇ ਨਿਰੇ ਸ਼ਰਦਾਈ ਪੀਣੇ। ਨੌ ਕੋਹ ਦਰਿਆ ਸੁੱਥਣ ਮੋਢੇ ਤੇ।

ਚੇਤ ਗਿਆ, ਵਸਾਖ ਲੰਘਿਆ, ਜੇਠ ਗਰਮਾਈ ਫੜੀ। ਏਧਰ ਸਰਕਾਰ ਵੱਲੋਂ ਦੇਸ਼ ਦੀ ਵੰਡ ਦਾ ਐਲਾਨ ਹੋ ਗਿਆ। ਪੰਜਾਬ ਦੇ ਨਕਸ਼ੇ 'ਤੇ ਲੀਕਾਂ ਪੈ ਗਈਆਂ। ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਚੈਨ ਨਾ ਆਵੇ। ਉਹ ਜਾਣਦੇ ਸਨ ਕਿ ਕੀ ਭਾਅ ਵਿਕਣੀ ਏ। ਉਨ੍ਹਾਂ ਨੇ ਭਾਈ ਵਜ਼ੀਰ ਸਿੰਘ, ਸੰਤ ਮੁਹਕਮ ਸਿੰਘ ਤੇ ਸੰਤ ਰਤਨ ਸਿੰਘ ਨੂੰ ਗੱਡੀ ਵਿਚ ਬਿਠਾਇਆ ਤੇ ਰਾਵਿਓਂ ਪਾਰ ਦੀ ਸੰਗਤ ਨੂੰ ਸੁਚੇਤ ਕਰਨ ਹਿੱਤ ਉਚੇਚਾ ਦੌਰਾ ਆਰੰਭਿਆ। ਪਹਿਲਾਂ ਜ਼ਿਲ੍ਹਾ ਲਾਇਲਪੁਰ, ਮਿੰਟਗੁਮਰੀ, ਸਰਗੋਧਾ, ਸ਼ੇਖੂਪੁਰਾ, ਗੁਜਰਾਂਵਾਲਾ, ਸਿਆਲਕੋਟ ਆਦਿ ਪਿੰਡ ਪਿੰਡ ਜਾ ਚਰਨ ਪਾ ਰਾਵੀਓਂ ਪਾਰ ਹੋਣ ਲਈ ਪੱਕੀ ਕੀਤੀ।

ਗਰੀਬ ਨਿਵਾਜ਼ ਜੀ ਭਵਿਖ ਨੂੰ ਮੁੱਖ ਰਖਦਿਆਂ ਜ਼ਿਲ੍ਹਾ ਹਿਸਾਰ, ਸਰਸੇ ਤੋਂ ਕੋਈ 20-22 ਮੀਲ, 400 ਮੁਰੱਬਾ ਜ਼ਮੀਨਾਂ ਖਰੀਦੀਆਂ ਹੋਈਆਂ ਸਨ। ਉਨ੍ਹਾਂ ਨੂੰ ਕਿਹਾ ਕਿ ਤੁਸੀਂ ਜ਼ਮੀਨਾਂ ਤੇ ਜਾ ਕੇ ਘਰਾਂ ਨੂੰ ਸੰਭਾਲੋ। ਪਰ ਹੋਣੀ ਖਿੜ ਖਿੜ ਹੱਸੀ।

ਆਪ ਜੀ ਨੇ ਮੁੜ ਉਚੇਚੇ ਤੌਰ ਤੇ ਬਾਬਾ ਜਗਜੀਤ ਸਿੰਘ ਜੀ (ਅੱਜ ਦੇ ਸਤਿਗੁਰੂ) ਨੂੰ ਮੰਡੀਓਂ ਬੁਲਾਇਆ ਤੇ ਪੱਛਮੀ ਪੰਜਾਬ ਵਸਦੇ ਨਾਮਧਾਰੀਆਂ ਨੂੰ ਘਰ ਬਾਹਰ ਛੱਡ, ਪੂਰਬ ਪਾਸੇ ਆਉਣ ਵਾਸਤੇ ਕਿਹਾ ਕਿ ਜੋ ਸੁੱਤੇ ਨੇ ਜਾਗ ਪੈਣ, ਜੋ ਬੈਠੇ ਨੇ ਤਾਂ ਉਠ ਬਹਿਣ ਤੇ ਜੋ ਖੜ੍ਹੇ ਹਨ ਤਾਂ ਤੁਰ ਪੈਣ, ਬੱਸ ਦੇਰ ਨਾ ਕਰਨ। ਬਾਬਾ ਜੀ ਹੁਕਮ ਮੰਨ, ਖਤਰੇ ਦੀ ਪ੍ਰਵਾਹ ਨ ਕਰਦਿਆਂ ਮੁੜ ਚੱਕਰ ਲਾਇਆ ਤੇ ਨਵੇਂ ਆਲ੍ਹਣਿਆਂ ਦੇ ਵਸਾਉਣ ਦਾ ਸਤਿਗੁਰੂ ਜੀ ਦਾ ਹੁਕਮ ਸੁਣਾਇਆ ਜਿਸ ਸਦਕਾ ਬਹੁਤਿਆਂ ਗੱਡੇ ਤਿਆਰ ਕਰ ਲਏ, ਜਿੰਨਾ ਕੁ ਸਾਮਾਨ ਲੈ ਸਕਦੇ ਸਨ, ਲੈ ਲਿਆ ਤੇ ਗਵਾਂਢੀਆਂ ਨੂੰ ਸਤਿ ਸ੍ਰੀ ਅਕਾਲ, ਜੈ ਰਾਮ, ਸਲਾਮ ਦੁਆ ਕਹਿ ਹੰਝੂ ਕੇਰਦਿਆਂ ਛੱਡ ਟੁਰ ਪਏ। ਤੁਲਣ ਮੂੰਹ ਵਿਚ ਉਂਗਲਾਂ ਪਾ ਪਾ ਹੱਸਣ ਤੇ ਕਹਿਣ ਕੂਕੇ ਇੱਕ ਪਹਾੜ ਵਿਚ ਜਾ ਲੁਕੇ। ਪਹਾੜ ਡਿੱਗ ਪਿਆ ਤੇ ਕੂਕੇ ਹੇਠਾਂ ਆ ਮਰ ਗਏ। ਪਰ ਧੁੰਡੇ ਵਾਲੇ ਪਾਤਸ਼ਾਹ ਲੋਕਾਂ ਦੀ ਕਾਵਾਂ ਰੌਲੀ ਦੀ ਕੋਈ ਪ੍ਰਵਾਹ ਨਾ ਕੀਤੀ ਤੇ ਜਿਹੜਾ ਵੀ ਕੋਈ ਸ਼ਰਧਾਵਾਨ ਗੈਰ-ਨਾਮਧਾਰੀ ਸੀ, ਉਸਨੂੰ ਵੀ ਇਹੋ ਸਲਾਹ ਦਿੱਤੀ ਤੇ ਆਪਣੇ ਆਦੇਸ਼ ਪਾਲਨ ਹਿਤ ਦ੍ਰਿੜ੍ਹਤਾ ਨਾਲ ਵਧਦੇ ਗਏ ਤੇ ਲੋਕਾਂ ਦੀਆਂ ਸੁਣੀਆਂ ਅਣਸੁਣੀਆਂ ਕਰ ਛੱਡੀਆਂ। ਦੂਜੇ ਬੰਨੇ ਅਮਨ ਕਮੇਟੀਆਂ ਬਣ ਗਈਆਂ। ਪ੍ਰਭਾਤ ਫੇਰੀਆਂ ਸ਼ੁਰੂ ਹੋ ਗਈਆਂ। ਹਿੰਦੂ ਮੁਸਲਿਮ ਭਾਈ ਭਾਈ ਦੇ ਨਾਅਰੇ ਗੂੰਜਣ ਲੱਗੇ ਪਰ ਕਾਲ ਹੱਸੇ ਤੇ ਤੌੜੀ ਮਾਰੇ।

ਆਖਰ 15 ਅਗਸਤ 1947 ਦਾ ਦਿਨ ਚੜ੍ਹਿਆ ਪਰ ਸੂਰਜ ਕੰਬਦਾ ਕੰਬਦਾ ਰਿਹਾ। ਨਾਲ ਈ ਸ਼ੈਤਾਨ ਨੇ ਢੋਲ ਵਜਾ ਦਿੱਤਾ। ਪਗ ਵਟਾਊ ਯਾਰਾਂ ਬਘਿਆੜਾਂ ਦਾ ਰੂਪ ਧਾਰ ਲਿਆ, ਮੁਸਲਮਾਨਾਂ ਨਹੀਂ ਮੁਸਲਮਾਨਾਂ ਦੇ ਬੁਰਕੇ ਵਿਚ ਗੁੰਡੇ ਮੈਦਾਨ ਵਿਚ। ਛੁਰੀਆਂ ਕੁਹਾੜੀਆਂ ਸਾਣ 'ਤੇ ਤੇਜ਼ ਹੋਣ ਲੱਗੀਆਂ, ਜਿਨ੍ਹਾਂ ਨੂੰ ਮਾਵਾਂ ਕਹਿੰਦੇ ਸਨ ਉਨ੍ਹਾਂ ਦੇ ਖਸਮ ਬਣ ਘਰੀਂ ਰੱਖ-ਵਾੜ ਲਿਆ। ਜਿਨ੍ਹਾਂ ਬੀਬੀਆਂ ਨੂੰ ਉਹ ਭੈਣ ਕਹਿੰਦੇ ਸਨ, ਉਨ੍ਹਾਂ ਇਕ ਇਕ ਕੀ ਦਰਜਨਾਂ ਦੀ ਇੱਜ਼ਤ ਲੁੱਟੀ ਤੇ ਮੂੰਹ ਕਾਲੇ ਕੀਤੇ। ਬੱਚਿਆਂ ਨੂੰ ਛੁਰਿਆਂ ਨਾਲ ਕੋਹਿਆ, ਕਈ ਥਾਈਂ ਤਾਂ ਦੇਵੀਆਂ ਨੂੰ ਨੰਗਿਆਂ ਕਰ ਜਲੂਸ ਕੱਢੇ। ਸੜਕਾਂ ਤੇ ਚੁਰਾਹੇ ਲਹੂ ਨਾਲ ਲਥ ਪਥ, ਨਹਿਰਾਂ ਤੇ ਦਰਿਆਵਾਂ ਵਿਚੋਂ ਨੰਗੇ ਤੇ ਝੁਲਸੇ ਦਾੜ੍ਹੀਆਂ ਕੇਸਾਂ ਵਾਲੇ ਜਾਂ ਜਨੇਊ ਵਾਲੀਆਂ ਲਾਸ਼ਾਂ ਵੇਖ ਸ਼ੈਤਾਨ ਵੀ ਸ਼ਰਮਸਾਰ। ਰੇਲਾਂ ਤੇ ਗੱਡੀਆਂ ਵਿਚ ਗੁੰਡਿਆਂ ਦਾ ਕਾਰਾ ਲਿਖਦਿਆਂ ਕਲਮ ਦਾ ਸੀਨਾ ਪਾਟਦਾ ਏ ਤੇ ਸਿਆਹੀ ਦਾ ਲਹੂ ਸੁੱਕਦਾ ਹੈ। ਪਰ ਏਧਰ ਪੂਰਬੀ ਪੰਜਾਬ ਵਿਚ ਕਲਮਾ-ਗੋ ਭਰਾਵਾਂ ਨਾਲ ਉਹੀ ਖੂਨੀ ਹੋਲੀ। ਫ਼ਰਕ ਕੇਵਲ ਏਨਾ ਪੱਛਮੀ ਪੰਜਾਬ ਵਿੱਚ 98% ਮਗਰ ਪੂਰਬੀ ਪੰਜਾਬ ਵਿਚ 95 %। ਪਰ ਇਹ ਮਾਣ ਨਾਲ ਕਹਿਣਾ ਪੈਂਦਾ ਹੈ ਕਿ ਉਸ ਸਮੇਂ ਜੀਉਂਦੇ ਜਾਗਦੇ ਅੱਲ੍ਹਾ-ਰਾਮ-ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸ ਤਾਂਡਵ ਨਾਚ ਤੋਂ ਆਪਣੇ ਇਲਾਕੇ ਸ੍ਰੀ ਭੈਣੀ ਸਾਹਿਬ ਅਥਵਾ ਸ੍ਰੀ ਜੀਵਨ ਨਗਰ ਦੇ ਸਤਿਜੁਗੀ ਸਿਪਾਹੀਆਂ ਨਾਮਧਾਰੀਆਂ ਨੂੰ ਇਸ ਕਰੂਰ ਕਰਮ ਤੋਂ ਰੋਕੀ ਰਖਿਆ; ਜਿਥੋਂ ਤਕ ਵਾਹ ਲੱਗੀ, ਉਨ੍ਹਾਂ ਦੀ ਤਨੋਂ ਮਨੋਂ ਸੇਵਾ ਕੀਤੀ, ਜੇ ਕਿਸੇ ਗੈਰ



Sri Satguru Jagjit Singh Ji Elibrary NamdhariElibrary@gmail.com

ਨਾਮਧਾਰੀ ਜਨੂਨੀ ਨੇ ਕਿਸੇ ਵਿਰੋਧੀ ਖਿਆਲਾਂ ਵਾਲੇ ਨੇ, ਨਾਹਕ ਖੂਨ ਕੀਤਾ ਤਾਂ ਉਸਨੂੰ ਮੱਥੇ ਨਹੀਂ ਲਾਇਆ।

ਕਈ ਬਹਾਦਰ ਦੇਵੀਆਂ ਖੂਹਨਾ ਵਿਚ ਛਾਲਾਂ ਮਾਰ ਜਾਨਾਂ ਵਾਰੀਆਂ ਤੇ ਇੱਜ਼ਤ ਬਚਾਈ। ਤਿਵੇਂ ਕਈ ਸੂਰੇ ਤਲਵਾਰ ਤੇ ਗੰਡਾਸੇ ਦੇ ਜੌਹਰ ਵਿਖਾ ਜਾਨਾਂ 'ਤੇ ਖੇਡ ਗਏ। ਪਰ ਇਸ ਹਨੇਰੇ ਝੱਖੜ ਵਿਚ ਕਈ ਨੂਰਾਨੀ ਝਲਕਾਂ ਵੀ ਨਜ਼ਰੀਂ ਆਈਆਂ। ਉਨ੍ਹਾਂ ਹਾਜ਼ੀਆਂ ਅਥਵਾ ਬ੍ਰਾਦਰਾਂ ਨੇ ਤੌਹੀਦ ਦਾ ਸਬੂਤ ਪੇਸ਼ ਕੀਤਾ। ਉਨ੍ਹਾਂ ਭਗਵਾਨ ਰਾਮ ਕ੍ਰਿਸ਼ਨ ਤੇ ਨਾਨਕ ਦੇ ਚਰਨ ਭੌਰਿਆਂ ਨੂੰ ਆਪਣੀ ਜਾਨ ਖਤਰੇ ਵਿਚ ਪਾ ਮੌਤ ਦੇ ਫ਼ਰਿਸ਼ਤਿਆਂ ਤੋਂ ਬਚਾਇਆ।

ਸਤਿਗੁਰੂ ਜੀ ਜ਼ਮੀਨ ਦੇ ਭਾਗੀਦਾਰਾਂ ਨੂੰ ਸ੍ਰੀ ਭੈਣੀ ਸਾਹਿਬੋਂ ਕੱਢਣ ਉਪ੍ਰੰਤ ਜੀਵਨ ਨਗਰ ਵੱਲ ਤੋਰਦੇ ਜਾਣ ਤੇ ਮਾਤਾ ਚੰਦ ਕੌਰ ਜੀ ਉਖੜਿਆਂ ਦੀ ਮਰਹਮਪੱਟੀ ਕਰਨ ਵਿੱਚ ਰੁੱਝੇ ਰਹਿਣ।

ਗ਼ਰੀਬ ਨਿਵਾਜ ਜੀ ਨੇ ਆਪਣਾ ਡੇਰਾ ਵਿਸ਼ੇਸ਼ ਕਰਕੇ ਸ੍ਰੀ ਅੰਮ੍ਰਿਤਸਰ ਲਾ ਲਿਆ। ਬ੍ਰਿਗੇਡੀਅਰ ਚਿਮਨੀ ਦੀ ਕੋਠੀ ਕੌਡੀ ਫੇਰਾ। ਉਹ ਵੀ ਫ਼ਰਿਸ਼ਤਾ ਸੀਰਤ ਸੀ। ਜਿਵੇਂ ਸਤਿਗੁਰੂ ਜੀ ਹੁਕਮ ਕੀਤਾ, ਉਸ ਅੱਗੇ ਸਿਰ ਝੁਕਾ ਦਿੱਤਾ।

ਸ੍ਰੀ ਸਤਿਗੁਰੂ ਜੀ ਦੇ ਇਸ ਉੱਚੇ ਤੇ ਸੁੱਚੇ ਵਿਹਾਰ ਨੂੰ ਵੇਖ ਸ੍ਰੀ ਅਬਦਲ ਗ਼ਨੀ ਰਹਿ ਨੇ ਸਕੇ ਤੇ ਕਿਹਾ ਕਿ ਜੇ ਬੇਟ ਦੇ ਇਲਾਕੇ ਵੱਲ ਸ੍ਰੀ ਭੈਣੀ ਸਾਹਿਬ ਨਾ ਹੁੰਦਾ ਤਾ ਬੇਟ ਦਾ ਇਕ ਮੁਸਲਮਾਨ ਵੀ ਬਚ ਕੇ ਨਾ ਜਾ ਸਕਦਾ।

ਇਸ ਖੂਨ ਖਰਾਬੇ ਤੇ ਉਥਲ ਪੁਥਲ ਨੂੰ ਵੇਖ ਮਾਸਟਰ ਤਾਰਾ ਸਿੰਘ ਜੀ ਕਿਹਾ ਕਿ ਅਸੀਂ ਤਾਂ ਕਹਿੰਦੇ ਸਾਂ ਇਹ ਸੌ ਸਾਖੀ ਬ੍ਰਾਹਮਣਾਂ ਦੇ ਗਪੌੜ ਸੰਖ ਪਰ ਇਹ ਤਾਂ ਠੀਕ ਸਿਧ ਹੋ ਰਹੀ ਹੈ। ਸ੍ਰ. ਕਿਹਰ ਸਿੰਘ ਰਾਖ ਸ੍ਰੀ ਭੈਣੀ ਸਾਹਿਬ ਦੇ ਮੁਖਤਿਆਰ, ਸ੍ਰ. ਪ੍ਰਤਾਪ ਸਿੰਘ ਕੈਰੋਂ ਨੂੰ ਕਿਸੇ ਵਿਹਾਰ ਖਾਤਰ ਚੰਡੀਗੜ੍ਹ ਮਿਲੇ ਤਾਂ ਉਸ ਦੋਵੇਂ ਬਾਹਾਂ ਉਚੀਆਂ ਕਰ ਕਿਹਾ—ਕੂਕੇ ਸੱਚੇ। ਕੂਕੇ ਸੱਚੇ!! ਕੂਕੇ ਸੱਚੇ!!!

## ਸਤਿਗੁਰੂ ਭੌਰਨ ਪੁਜੇ

### (ਭਗਤ ਸਿੰਘ ਦੇ ਛੋਟੇ ਭਰਾ ਨਾਲ ਪਿਛੇ ਜਿਹੇ ਹੋਈ ਗੱਲਬਾਤ)

*17 ਜਨਵਰੀ 1994 ਨੂੰ ਮਲੇਰਕੋਟਲੇ ਵਿਖੇ ਹੋਏ ਸ਼ਹੀਦੀ ਸਮਾਗਮ ਸਮੇਂ ਸ਼ਹੀਦ ਭਗਤ ਸਿੰਘ ਦੇ ਛੋਟੇ ਭਰਾ ਸ੍ਰ. ਰਾਜਿੰਦਰ ਸਿੰਘ ਜ਼ਿਲ੍ਹਾ ਨੈਨੀਤਾਲ ਯੂ. ਪੀ. ਤੋਂ ਆਏ। ਉਨ੍ਹਾਂ ਨਾਲ ਗਲਬਾਤ ਕਰ ਕੇ ਹਾਸਲ ਕੀਤੀ ਜਾਣਕਾਰੀ ਤੋਂ ਉਨ੍ਹਾਂ ਦੇ ਪਰਵਾਰ ਦੇ ਖਾਸ ਕਰਕੇ ਸ਼ਹੀਦ ਭਗਤ ਸਿੰਘ ਦੇ ਪ੍ਰੇਰਨਾਦਾਤਾ ਬਾਰੇ ਕੁਝ ਤਥ ਸਾਹਮਣੇ ਆਏ। ਗੱਲਬਾਤ ਦੇ ਕੁਝ ਅੰਸ਼ ਇਸ ਪ੍ਰਕਾਰ ਹਨ:*

— *ਅਸੀਂ ਪੰਜ ਭਰਾ ਸਾਂ। ਸਭ ਤੋਂ ਵੱਡੇ ਸ਼ਹੀਦ ਭਗਤ ਸਿੰਘ, ਉਨ੍ਹਾਂ ਤੋਂ ਛੋਟੀ ਸਾਡੀ ਭੈਣ ਅਮਰ ਕੌਰ ਸੀ। ਉਨ੍ਹਾਂ ਤੋਂ ਛੋਟੇ ਅਸੀਂ ਚਾਰ ਭਰਾ, ਸਵਰਗੀ ਸ੍ਰ: ਕੁਲਬੀਰ ਸਿੰਘ, ਕੁਲਤਾਰ ਸਿੰਘ, ਸਵਰਗੀ ਰਣਧੀਰ ਸਿੰਘ ਤੇ ਉਸ ਤੋਂ ਛੋਟਾ ਮੈਂ, ਰਾਜਿੰਦਰ ਸਿੰਘ।*

— *ਸ਼ਹੀਦ ਭਗਤ ਸਿੰਘ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਤੋਂ ਪ੍ਰੇਰਨਾ ਮਿਲੀ। ਸਤਿਗੁਰੂ ਰਾਮ ਸਿੰਘ ਜੀ ਸੇਧ ਦੇ ਕੇ ਪ੍ਰਦੇਸ ਚਲੇ ਗਏ ਸਨ। ਸਤਿਗੁਰੂ ਜੀ ਦੀ ਸ਼ਖਸੀਅਤ ਤੇ ਅਸੂਲਾਂ ਤੋਂ ਪ੍ਰਭਾਵਿਤ ਸਾਡੇ ਚਾਚਾ ਸ੍ਰ: ਅਜੀਤ ਸਿੰਘ ਵੀ ਪ੍ਰਭਾਵਿਤ ਹੋਏ। ਉਨ੍ਹਾਂ ਨੇ ਸਤਿਗੁਰੂ ਜੀ ਦੇ ਦਿਤੇ ਨਾਮਿਲਵਰਤਨ ਨਾਅਰੇ ਨੂੰ ਕਬੂਲ ਕੀਤਾ ਅਤੇ ਆਪਣਾ ਗੀਤ "ਪਗੜੀ ਸੰਭਾਲ ਜੱਟਾ" ਇਸੇ ਪ੍ਰਭਾਵ ਅਧੀਨ ਲਿਖਿਆ। ਮਹਾਤਮਾ ਗਾਂਧੀ ਨੇ ਵੀ ਇਹੀ ਸਤਿਗੁਰੂ ਰਾਮ ਸਿੰਘ ਜੀ ਦਾ ਦਰਸਾਇਆ ਨਾਮਿਲਵਰਤਣ ਦਾ ਅਸੂਲ ਪ੍ਰਯੋਗ ਵਿਚ ਲਿਆਂਦਾ।*

— *ਹਾਂ ਉਨ੍ਹਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਰੇ ਕਈ ਲੇਖ ਛਪਵਾਏ। ਸ਼ਹੀਦ ਭਗਤ ਸਿੰਘ ਦੀਆਂ ਲਿਖੀਆਂ ਚਿੱਠੀਆਂ ਮੈਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਭੇਟ ਕਰਨ ਲਈ ਲਿਆਇਆ ਹਾਂ। ਐਹ ਇਕ ਚਿੱਠੀ ਹਿੰਦੀ ਵਿਚ ਉਨ੍ਹਾਂ ਦੀ, ਅਖਬਾਰ 'ਮਹਾਰਥੀ' ਚਲਾਉਣ ਵਾਲੇ, ਪ੍ਰੈਸ ਵਾਲੇ ਨੂੰ ਲਿਖੀ ਹੋਈ ਹੈ, ਸ਼ਹਿਨਸ਼ਾਹ ਕੁਟੀਆ, ਸੂਰਤ ਮੰਡੀ ਲਾਹੌਰ ਤੋਂ, ਇਸ ਵਿਚ ਲਿਖਿਆ ਹੈ ਕਈ "ਤੁਸੀਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਰੇ ਮੇਰੇ ਲਿਖੇ ਲੇਖ ਨੂੰ ਛਾਪਿਆ, ਫ਼ੋਟੋ ਨਾਲ ਕਿਉਂ ਨਹੀਂ ਛਾਪੀ? ਤਿਰੰਗੇ ਬਲਾਕ ਬਣਵਾਓ ਮੈਂ ਫ਼ੋਟੋ ਭੇਜਾਂਗਾ। ਏਨੀ ਸ਼ਰਧਾ ਸੀ ਉਨ੍ਹਾਂ ਦੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਤੀ।*

— *ਸਾਨੂੰ ਮਾਣ ਹੈ ਇਸ ਗੱਲ 'ਤੇ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਾਡੇ ਪਰਿਵਾਰ ਦਾ ਬਹੁਤ ਧਿਆਨ ਰੱਖਿਆ। ਸ੍ਰ: ਭਗਤ ਸਿੰਘ ਦੀ ਸ਼ਹੀਦੀ ਤੋਂ ਬਾਅਦ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਾਡੇ ਪਿਤਾ ਜੀ ਕੋਲ ਆਪਣਾ ਇਕ ਸਿੱਖ, ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ ਭੇਜਿਆ, ਚਾਹੇ ਸੇਵਕ ਦੇ ਤੌਰ 'ਤੇ ਸਮਝ ਲਵੋ, ਚਾਹੇ ਬਾਡੀਗਾਰਡ ਜਾਂ ਸੈਕਟਰੀ ਆਖ ਲਵੋ, ਸੰਤ ਮੰਗਲ ਸਿੰਘ ਹਰ ਵੇਲੇ ਸਾਡੇ ਪਿਤਾ ਜੀ ਨਾਲ ਰਹਿੰਦੇ ਸਨ, ਬੜੇ ਜ਼ਿੰਦਾਦਿਲ ਸਨ, ਸਾਡੇ ਪਰਿਵਾਰ ਨਾਲ ਉਨ੍ਹਾਂ ਦਾ ਬੜਾ ਤਾਲੁੱਕ ਰਿਹਾ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸੰਤ ਮੰਗਲ ਸਿੰਘ ਨੂੰ ਸਾਡੇ ਪਿਤਾ ਜੀ ਕੋਲ ਭੇਜਣ ਦਾ ਮਕਸਦ ਸੀ ਕਿ ਨੌਜਵਾਨ ਪੁੱਤਰ ਦੀ ਕੁਰਬਾਨੀ ਨਾਲ ਕਿਤੇ ਉਹ ਡੋਲ ਨਾ ਜਾਣ। ਆਪ ਸਾਡੇ ਪਿਤਾ ਜੀ ਨੂੰ ਧੀਰਜ ਦਿੰਦੇ ਤੇ ਸਮਝਾਉਂਦੇ ਰਹੇ। ਜਿਥੇ ਕਿਧਰੇ ਜਾਣਾ ਉਨ੍ਹਾਂ ਨੇ ਲੋਕਾਂ ਨੂੰ ਦਸਣਾ ਕਿ ਇਹ ਸ਼ਹੀਦ ਭਗਤ ਸਿੰਘ ਦੇ ਪਿਤਾ ਜੀ ਹਨ, ਇਨ੍ਹਾਂ ਨੂੰ ਥਾਂ ਦਿਓ। ਰਸਤੇ ਵਿਚ ਲੰਘਦਿਆਂ ਦੁਕਾਨਾਂ ਤੋਂ ਉਠ ਉਠ ਕੇ ਲੋਕ ਸਾਡੇ ਪਿਤਾ ਜੀ ਨੂੰ ਵੇਖਦੇ ਸਨ। ਉਸ ਵੇਲੇ ਅੰਗ੍ਰੇਜ਼ਾਂ ਵਲੋਂ ਬੜੀ ਸਖਤੀ ਦਾ ਦੌਰ ਚਲ ਰਿਹਾ ਸੀ। ਜਿਥੇ ਕਿਧਰੇ ਕੋਈ ਵਿਸਫੋਟ ਹੁੰਦਾ, ਸਾਡੇ ਘਰ ਦੀ ਤਲਾਸ਼ੀ ਜ਼ਰੂਰ ਹੁੰਦੀ ਸੀ। ਸੰਤ ਮੰਗਲ ਸਿੰਘ ਸਾਡੇ ਪਿਤਾ ਜੀ ਨਾਲ ਢਾਈ ਸਾਲ ਰਹੇ। ਫਿਰ ਮਾਤਾ ਜੀ ਨੇ ਸੰਤਾਂ ਨੂੰ ਵਾਪਸ ਸ੍ਰੀ ਸਤਿਗੁਰੂ ਜੀ ਕੋਲ ਭੇਜ ਦਿੱਤਾ।*

*ਸੂਬਾ ਸੁਰਿੰਦਰ ਕੌਰ ਖਰਲ*



Sri Satguru Jagjit Singh Ji Elibrary NamdhariElibrary@gmail com

# ਤੇ ਢੋਲਕ ਵਜਦੀ ਰਹੀ

● ਜਗਦੀਸ਼ ਸਿੰਘ (ਸੰਪਾਦਕ "ਵਰਿਆਮ")

***ਇਹ ਗਲ ਤਾਂ ਦਾਅਵੇ ਨਾਲ ਵੀ ਆਖੀ ਜਾ ਸਕਦੀ ਹੈ ਕਿ ਜਦੋਂ ਅੰਗ੍ਰੇਜ਼ ਸਰਕਾਰ ਨੇ ਨਾਮਧਾਰੀਆਂ ਦਾ ਪ੍ਰਚਾਰ ਜਬਰਨ ਬੰਦ ਕਰ ਦਿੱਤਾ ਤਾਂ ਇਕੱਲਿਆਂ ਜਿਸ ਯੰਤਰ ਨਾਲ ਇਸ ਦਾ ਮੁਕਾਬਲਾ ਕੀਤਾ ਗਿਆ ਉਹ ਢੋਲਕੀ ਸੀ। ਮਸਤ ਕਰ ਦੇਣ ਵਾਲੀ ਢੋਲਕੀ। ਕਤੂ ਨਾਲ ਤੁਸੀਂ ਨਾਮਧਾਰੀ ਸ਼ਹੀਦੀ ਸਾਕਿਆਂ ਦੇ ਚਿੱਤਰ ਵੇਖੋ। ਚਾਹੇ ਉਹ ਅੰਮ੍ਰਿਤਸਰ ਦੇ ਬੋਹੜ ਨਾਲ ਫਾਂਸੀਆਂ ਲਗ ਰਹੇ ਹੋਣ ਚਾਹੇ ਮਲੇਰਕੋਟਲਾ ਵਿਚ ਤੋਪਾਂ ਅੱਗੇ ਉੱਡ ਰਹੇ ਹੋਣ, ਨਾਲੇ ਢੋਲਕੀ ਵਜਾਉਣ ਵਾਲੇ ਦਾ ਚਿਤਰ ਜ਼ਰੂਰ ਹੋਵੇਗਾ।***

### *1909–10 ਬਾਰੇ ਪ੍ਰੋ. ਸਾਹਿਬ ਸਿੰਘ*

"ਸਾਂਗਲੇ ਗੁਰੂ ਨਾਨਕ ਦੇਵ ਜੀ ਦੇ ਜਨਮ ਪੁਰਬ ਸਮੇਂ ਭਾਈ ਗਿਆਨ ਸਿੰਘ ਆਇਆ। ਭਾਈ ਗਿਆਨ ਸਿੰਘ ਡਸਕੇ ਜ਼ਿਲ੍ਹਾ ਸਿਆਲਕੋਟ ਦਾ ਰਹਿਣ ਵਾਲਾ ਸੀ। ਜ਼ਿਲ੍ਹਾ ਸਿਆਲਕੋਟ ਵਿਚ ਨਾਮਧਾਰੀ ਵੀਰਾਂ ਦੀ ਬਹੁਤ ਗਿਣਤੀ ਸੀ। ਮੈਨੂੰ ਉਨ੍ਹਾਂ ਦੇ ਸਤਸੰਗਾਂ ਵਿਚ ਜਾਣ ਦਾ ਕਦੇ ਮੌਕਾ ਨਹੀਂ ਸੀ ਬਣਿਆ। ਭਾਈ ਗਿਆਨ ਸਿੰਘ ਹੱਲੇ ਦੇ ਸ਼ਬਦ ਪੜ੍ਹਦਾ ਸੀ। ਗੁਰਪੁਰਬ ਦੇ ਨਗਰ ਕੀਰਤਨ ਸਮੇਂ ਉਨ੍ਹਾਂ ਹੱਲੇ ਦੇ ਸ਼ਬਦ ਪੜ੍ਹੇ। ਕੇਸ ਖੋਹਲ ਕੇ ਨਾਲ ਨੱਚਦੇ ਵੀ ਸਨ। ਉਨ੍ਹਾਂ ਦੀ ਧਾਰਨਾ ਤੇ ਵਿਆਖਿਆ ਸੁਣ ਕੇ ਮੈਂ ਤਾਂ ਗਿਆਨ ਸਿੰਘ ਉਤੇ ਲੱਟੂ ਹੁੰਦਾ ਗਿਆ। ਭਾਈ ਗਿਆਨ ਸਿੰਘ ਜੀ ਆਮ ਤੌਰ ਤੇ ਭਗਤ ਬਾਣੀ ਵਿਚੋਂ ਹੀ ਸ਼ਬਦ ਪੜ੍ਹਦੇ ਸਨ ਤੇ ਇਕ ਤੁਕ ਦੇ ਕਈ ਅਰਥ ਕਰਦੇ ਸਨ। ਮੈਨੂੰ ਉਨ੍ਹਾਂ ਦੀ ਵਿਦਵਤਾ ਬਹੁਤ ਹੀ ਪਸੰਦ ਆਈ। ਗੁਰਪੁਰਬ ਤੋਂ ਪਿਛੋਂ ਉਹ ਹਫ਼ਤਾ ਕੁ ਹੋਰ ਵੀ ਉਥੇ ਠਹਿਰੇ ਤੇ ਹਰ ਰੋਜ਼ ਹੱਲੇ ਦੀਆਂ ਧਾਰਨਾਂ ਉਤੇ ਸ਼ਬਦ ਸੁਣਾਂਦੇ ਰਹੇ।

"ਮੈਂ ਵੀ ਪੰਡਤ ਤਾਰਾ ਸਿੰਘ ਜੀ ਦਾ ਭਗਤ-ਬਾਣੀ ਸਟੀਕ ਮੰਗਾ ਲਿਆ। ਮੈਂ ਸਕੂਲ ਦੇ ਬੋਰਡਿੰਗ ਹਾਊਸ ਦਾ ਸੁਪ੍ਰਿੰਟੈਂਟ ਵੀ ਸਾਂ। ਆਪਣੇ ਕਮਰੇ ਵਿਚ ਮੈਂ ਇਕੱਲਾ ਗਿਆਨ ਸਿੰਘ ਜੀ ਵਾਂਗ ਭਗਤਾਂ ਦੇ ਸ਼ਬਦ ਹੱਲੇ ਦੀ ਧਾਰਨਾ ਤੇ ਗਾਇਆ ਕਰਦਾ ਤੇ ਨੱਚਿਆ ਕਰਦਾ ਸਾਂ।..."

ਉਪਰੋਕਤ ਸ਼ਬਦ ਕਿਸੇ ਸਾਧਾਰਨ ਲੇਖਕ ਦੇ ਨਹੀਂ ਹਨ ਸਗੋਂ (ਪ੍ਰੋ: ਪ੍ਰੀਤਮ ਸਿੰਘ ਪਟਿਆਲਾ ਅਨੁਸਾਰ) ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥਾਂ-ਪਰਮਾਰਥਾਂ ਦੇ ਸਭ ਤੋਂ ਵੱਡੇ ਗਿਆਨੀ, ਵਿਆਕਰਨ ਦੇ ਪਰਬੀਨ ਗਿਆਤਾ, ਸਰਲ ਪੰਜਾਬੀ ਦੇ ਉਤਮ ਲੇਖਕ, ਪ੍ਰੋ. ਸਾਹਿਬ ਜੀ ਦੇ ਹਨ। ਇਹ ਉਹ ਹੀ ਪ੍ਰੋ: ਸਾਹਿਬ ਸਿੰਘ ਜੀ ਹਨ ਜਿਨ੍ਹਾਂ ਨੇ ਦਰਜਨਾਂ ਹੋਰ ਪੁਸਤਕਾਂ ਤੋਂ ਇਲਾਵਾ ਸੰਪੂਰਨ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਕੀਤਾ ਹੈ। ਇਹ ਸ਼ਬਦ ਪ੍ਰੋ: ਸਾਹਿਬ ਦੀ ਆਤਮ ਕਥਾ "ਮੇਰੀ ਜੀਵਨ ਕਹਾਣੀ" ਦੇ ਪੰਨਾ 67-68 ਤੇ ਅੰਕਿਤ ਹਨ ਅਤੇ ਪ੍ਰਸੰਗ ਕੋਈ ਅਠਾਸੀ ਸਾਲ ਪਹਿਲਾਂ ਦਾ ਭਾਵ ਸੰਨ 1909-10 ਦਾ ਹੈ। ਉਪਰੋਕਤ ਹਵਾਲਾ ਇਸ ਕਰਕੇ ਦਿੱਤਾ ਗਿਆ ਹੈ ਕਿ ਨਾਮਧਾਰੀ ਦੀਵਾਨਾਂ ਦੀ ਜ਼ਬਰਦਸਤ ਖਿੱਚ ਅਤੇ ਪ੍ਰਭਾਵ ਖੇਤਰ ਦਾ ਅੰਦਾਜ਼ਾ ਲਾਇਆ ਜਾ ਸਕੇ। ਪ੍ਰੋ: ਸਾਹਿਬ ਸਿੰਘ ਬਾਅਦ ਵਿਚ ਇੱਕ ਤੁਕ ਇੱਕ ਹੀ ਅਰਥ ਕਰਨ ਦੇ ਸਮਰਥਕ ਬਣੇ ਪਰ ਨਾਮਧਾਰੀ ਦੀਵਾਨਾਂ ਦੀ ਸੰਗੀਤਕਤਾ, ਅਤੇ ਮਸਤੀ ਉਨ੍ਹਾਂ ਨੂੰ ਯਾਦ ਰਹੀ। ... ਇਸੇ ਪੁਸਤਕ ਦੇ ਹੀ ਪੰਨਾ 107-108 ਤੇ ਨਾਮਧਾਰੀ ਸ਼ੈਲੀ ਦੇ ਦੀਵਾਨ ਦੇ ਅਸਰ ਦਾ ਜ਼ਿਕਰ ਕਰਦੇ ਹਨ:-

### ਭਰੂਕਾ ਸਕੂਲ ਦੇ ਸਿੱਖ ਮੁੰਡੇ

"ਪਹਿਲਾਂ ਪਹਿਲਾਂ ਮੈਂ ਆਪਣੇ ਘਰੋਂ 6 ਸਤੰਬਰ 1915 ਸੋਮਵਾਰ ਨੂੰ ਸਵੇਰੇ ਚੱਲ ਕੇ ਭਰੂਕੇ ਮੰਗਲਵਾਰ ਸ਼ਾਮ ਨੂੰ ਪਹੁੰਚਿਆ ਸਾਂ। ਬੋਰਡਿੰਗ ਹਾਊਸ ਵਿਚ ਰਹਿਣ ਵਾਲੇ ਮੁੰਡਿਆਂ ਨੇ ਇਕ 'ਭੁਜੰਗੀ ਸਭਾ' ਬਣਾਈ ਹੋਈ ਸੀ। ਉਸ ਦੀ ਇਕੱਤਰਤਾ ਉਹ ਵੀਰਵਾਰ ਸ਼ਾਮ ਨੂੰ ਕਰਿਆ ਕਰਦੇ ਸਨ। ਪਹਿਲੇ ਹੀ ਵੀਰਵਾਰ ਮੁੰਡਿਆਂ ਨੇ ਕੁਝ ਮੈਥੋਂ ਸੁਣਨ ਦੀ ਇੱਛਿਆ ਜ਼ਾਹਰ ਕੀਤੀ। ਮੈਂ ਉਨ੍ਹਾਂ ਨੂੰ ਆਪਣੇ ਨਾਲ ਲੈ ਕੇ ਹੱਲੇ ਦੀਆਂ ਧਾਰਨਾਂ ਉਤੇ ਸ਼ਬਦ ਪੜ੍ਹੇ। ਭਾਈ ਗਿਆਨ ਸਿੰਘ ਡਸਕਾ ਨਿਵਾਸੀ ਵਾਂਗ ਹੀ ਸ਼ਬਦਾਂ ਦੇ ਅਰਥ ਕੀਤੇ। ਜਿਵੇਂ ਮੈਂ ਭਾਈ ਗਿਆਨ ਸਿੰਘ ਉਤੇ ਲੱਟੂ ਹੋ ਗਿਆ ਸਾਂ ਤਿਵੇਂ ਇਹ ਮੁੰਡੇ ਵੀ ਮੈਨੂੰ ਪਿਆਰ ਕਰਨ ਲਗ ਪਏ।

"ਗੁਰੂ ਨਾਨਕ ਦੇਵ ਜੀ ਦੇ ਜਨਮ-ਪੁਰਬ ਉਤੇ ਸਕੂਲ ਵਲੋਂ ਨਗਰ ਕੀਰਤਨ ਕੀਤਾ ਜਾਂਦਾ ਸੀ। ਭਰੂਕੇ ਦੇ ਬਾਜ਼ਾਰਾਂ ਵਿਚੋਂ ਦੀ। ਮੈਂ ਆਪ ਛੈਣੇ ਤੇ ਇਕ ਵਿਦਿਆਰਥੀ ਢੋਲਕੀ ਵਜਾਉਂਦਾ ਸੀ। ਸ਼ਹਿਰ ਦੇ ਲੋਕਾਂ ਵਾਸਤੇ ਵੀ ਹੱਲੇ ਦੀਆਂ ਧਾਰਨਾਂ ਇਕ ਨਵੀਂ ਚੀਜ਼ ਸੀ। ਸ਼ਹਿਰ ਨਿਵਾਸੀ ਸਿੱਖਾਂ ਦੇ ਦਿਲ ਵਿਚ ਵੀ ਮੇਰੇ ਲਈ ਕਦਰ ਬਣ ਗਈ। ਸੰਨ 1916 ਵਿਚ ਸਰਗੋਧੇ ਦੇ ਖਾਲਸਾ ਹਾਈ ਸਕੂਲ ਨੇ ਆਪਣਾ ਸਾਲਾਨਾ ਦੀਵਾਨ ਕੀਤਾ। ਭਰੂਕੇ ਦੇ ਮੁੰਡੇ ਤੇ ਉਸਤਾਦ ਵੀ ਸ਼ਾਮਿਲ ਹੋਏ। ਅਸੀਂ ਦਸ ਬਾਰਾਂ ਦਾ ਇਕ ਜੱਥਾ ਰਲ ਕੇ ਹੱਲੇ ਦੀ ਧਾਰਨਾ ਉਤੇ ਸ਼ਬਦ ਗਾਉਂਦੇ ਸਾਂ। ਪੰਡਿਤ ਤਾਰਾ ਸਿੰਘ ਜੀ ਦੀ ਭਗਤ ਬਾਣੀ ਸਟੀਕ ਦੇ ਆਧਾਰ ਉਤੇ ਮੈਂ ਭਾਈ ਗਿਆਨ ਸਿੰਘ ਵਾਂਗ ਵਿਖਾਇਆ ਕਰਦਾ ਸਾਂ। ਭਾਈ ਹੀਰਾ ਸਿੰਘ ਰਾਗੀ ਉਸ ਸਮਾਗਮ ਉਤੇ ਪਹੁੰਚੇ ਹੋਏ ਸਨ। ਉਨ੍ਹਾਂ ਨੇ ਵੀ ਮੇਰਾ ਉੱਦਮ ਅੱਖੀਂ ਵੇਖਿਆ। ਉਹ ਵੀ ਬੜੇ ਪ੍ਰਭਾਵਿਤ ਹੋਏ।

ਸੰਨ 1917 ਦੇ ਸ਼ੁਰੂ ਵਿਚ ਸਾਹੀਵਾਲ ਨਿਵਾਸੀ ਸਿੰਘਾਂ ਨੇ ਸਾਲਾਨਾ ਦੀਵਾਨ ਕੀਤਾ। ਭਰੂਕੇ ਤੋਂ ਸਾਹੀਵਾਲ 7 ਮੀਲ ਸੀ। ਭਰੂਕਾ ਸਕੂਲ ਦੇ ਵਿਦਿਆਰਥੀ ਤੇ ਉਸਤਾਦ ਵੀ ਗਏ। ਉਥੇ ਵੀ ਨਗਰ ਕੀਰਤਨ ਵਿਚ ਮੈਂ ਉਵੇਂ ਹੀ ਸ਼ਬਦ ਪੜ੍ਹੇ। ਸਾਹੀਵਾਲ ਵਾਲੇ ਨਵਾਂ ਖਾਲਸਾ ਹਾਈ ਸਕੂਲ ਖੋਲ੍ਹਣ ਲੱਗੇ ਸਨ। ਮੇਰਾ ਉਨ੍ਹਾਂ ਉਤੇ ਅਜਿਹਾ ਅਸਰ ਪਿਆ ਕਿ ਮੈਨੂੰ ਉਹ ਸਕੂਲ ਦਾ ਹੈਡ-ਮਾਸਟਰ ਬਨਾਉਣ ਨੂੰ ਤਿਆਰ ਹੋ ਪਏ ਪਰ ਮੈਂ ਧੰਨਵਾਦ ਕਰਕੇ ਇਨਕਾਰ ਕਰ ਦਿੱਤਾ।"

*(ਉਹੀ ਪੁਸਤਕ ਪੰਨਾ 107-108)*

ਨਾਮਧਾਰੀ ਦੀਵਾਨਾਂ ਦੇ ਪ੍ਰਭਾਵ ਖੇਤਰ ਦੀ ਵਿਸ਼ਾਲਤਾ ਦਾ ਅੰਦਾਜ਼ਾ ਲਾਉਣ ਵਾਸਤੇ ਹੀ ਉਪਰੋਕਤ ਲੰਬੀ ਟੂਕ ਦਿੱਤੀ ਗਈ ਹੈ।

### 'ਮੇਰਾ ਪਿੰਡ' ਵਿਚੋ

ਪੰਜਾਬੀ ਦੀ ਇਕ ਪ੍ਰਸਿਧ ਪੁਸਤਕ ਹੈ 'ਮੇਰਾ ਪਿੰਡ'। ਇਸ ਦੇ ਲੇਖਕ ਹਨ,



Sri Satguru Jagjit Singh Ji Elibrary NamdhariElibrary@gmail com

"ਗੁਰਦਿਤ ਸਿਘ ਗਿਆਨੀ"। ਗਿਆਨੀ ਜੀ ਕੇਂਦਰੀ ਸਿੰਘ ਸਭਾ ਲਹਿਰ ਦੇ ਸਥਾਪਿਤ ਨੇਤਾ ਹਨ। 'ਰੋਜ਼ਾਨਾ ਪ੍ਰਕਾਸ਼' ਦੇ ਸੰਪਾਦਕ ਰਹੇ ਹਨ, ਅਤੇ ਪੰਜਾਬ ਦੇ ਐਮ. ਐਲ. ਸੀ. ਵੀ ਰਹੇ ਹਨ। ਗਹਿਰ ਗੰਭੀਰ, ਖੋਜੀ ਲੇਖਣੀ ਅਤੇ ਗੱਲਾਂ ਵਾਲੇ ਗਿਆਨੀ ਜੀ ਦੀ ਉਪਰੋਕਤ ਪੁਸਤਕ ਆਪਣੇ ਲਿਖੇ ਅਨੁਸਾਰ ਹੀ ਚਟਪਟੇ ਸਾਹਿਤਕ ਖੇਤਰ ਦੀ ਗੱਲ ਹੈ।

ਹਾਸ ਬਿਲਾਸੀ ਢੰਗ ਨਾਲ ਲਿਖੀ ਪੁਸਤਕ ਵਿਚ ਪੰਜਾਬ ਦੇ ਪਿੰਡਾਂ ਦੇ ਜਨ ਜੀਵਨ ਦੇ ਹਰ ਪਹਿਲੂ ਤੇ ਲਿਖਿਆ ਗਿਆ ਹੈ। ਨਾਮਧਾਰੀਆਂ ਦੇ ਦੀਵਾਨ ਦੀ ਵੀ ਇਕ ਝਾਕੀ ਖਿੱਚੀ ਗਈ ਹੈ। ਆਪਣੇ ਖੁੱਲੇ ਵਿਨੋਦੀ ਅੰਦਾਜ਼ ਅਤੇ ਕੁਝ ਥਾਵਾਂ ਤੇ ਤੱਥਾਂ ਦੇ ਫ਼ਰਕ ਦੇ ਬਾਵਜੂਦ ਵੀ ਪੁਰਾਣੇ ਨਾਮਧਾਰੀ ਦੀਵਾਨਾਂ ਦਾ ਚਰਿਤਰ ਅਤੇ ਉਨ੍ਹਾਂ ਦਾ ਲੋਕ-ਮਨਾਂ ਤੇ ਪ੍ਰਭਾਵ ਉਘੜਦਾ ਹੈ। ਪੰਨਾ 96 ਤੋਂ 99 ਤਕ ਨਾਮਧਾਰੀ ਦੀਵਾਨ ਦਾ ਖਾਕਾ ਇਵੇਂ ਪੇਸ਼ ਕੀਤਾ ਹੈ:-

"ਇਕ ਵਾਰੀ ਭਾਰੀ ਮੀਂਹ ਪੈਣ ਪਿੱਛੋਂ ਹੜ੍ਹ ਵੀ ਆਏ, ਸਾਰੀਆਂ ਫ਼ਸਲਾਂ ਫ਼ਨਾਹ ਹੋ ਗਈਆਂ। ਲੋਕ ਉਦਰੇ ਹੋਏ ਮਨਾਂ ਨਾਲ ਉਬਾਸੀਆਂ ਭੰਨ ਰਹੇ ਸੀ, ਚੰਗੀ ਖਬਰ ਆ ਪੁੱਜੀ ਬਈ ਨਾਲ ਲਗਵੇਂ ਪਿੰਡ, ਝਾਪੇ, ਇਕ ਕੂਕੇ ਸੰਤਾਂ ਦਾ ਜੱਥਾ ਆਇਐ, ਬਈ ਸ਼ਬਦ ਲਾਉਂਦੇ ਨੇ, ਬੱਸ ਧਮੱਚੀ ਈ ਚੁੱਕ ਦਿੰਦੇ ਨੇ। ਲੋਕਾਂ ਨੇ ਕੂਕਿਆਂ ਬਾਰੇ ਕਈ ਬੋਲੀਆਂ ਤੇ ਟੱਪੇ ਜੋੜ ਰਖੇ ਸੀ:-

*'ਕੂਕੇ ਬੜੇ ਕਸੂਤੇ ਪਾਣੀ ਨਾ ਪੀਂਦੇ ਖੂਹ ਦਾ।*
*'ਕੂਕੇ ਬੜੇ ਕਸੂਤੇ ਗੜਵੀ ਨਾ ਦਿੰਦੇ ਨ੍ਹਾਉਣ ਨੂੰ।'*

"ਕਦੇ ਕਦੇ ਮੇਰੇ ਪਿੰਡ ਦੇ ਲੋਕਾਂ ਨੇ, ਇਕੇ ਦੁੱਕੇ ਲੰਘਦੇ ਕਰਦੇ, ਡੋਰੀ ਗੜਵਾ ਹੱਥਾਂ ਵਿਚ ਫੜੀ, ਚੁਸਤ ਪਜਾਮਿਆਂ ਤੇ ਕਲੀਆਂ ਵਾਲੇ ਕੁੜਤਿਆਂ ਵਾਲੇ ਕੂਕੇ ਦੇਖੇ ਤਾਂ ਸੀ ਪਰ ਉਨ੍ਹਾਂ ਦਾ ਦੀਵਾਨ ਲੱਗਿਆ ਨਹੀਂ ਸੀ ਸੁਣਿਆ, ਤੇ ਜਦੋਂ ਇਹ ਸੁਣਿਆ, ਬਈ, ਇਸ ਦੀਵਾਨ ਦਾ ਮਰੂਲੀ ਸੰਤ ਨੱਚਦਾ ਵੀ ਹੈ, ਫਿਰ ਤਾਂ ਲੋਕਾਂ ਦੇ ਸਭ ਗਮ ਦੂਰ ਹੋ ਗਏ।

'ਕਹਿੰਦੇ ਕੂਕਿਆਂ ਨੂੰ ਤਾਂ ਭਾਈ! ਏਨਾ ਹਾਲ ਪੈਂਦੈ, ਜਦੋਂ ਸੰਤ ਮਸਤਾਨਾ ਹੋ ਜਾਂਦੈ, ਸ਼ਬਦ ਗਾਉਂਦਾ ਛਾਲ ਮਾਰ ਕੇ ਦਰੱਖਤ ਉਤੇ ਜਾ ਚੜ੍ਹਦੈ।

'ਚਲੋ ਓਏ ਨਾਲੇ ਤਮਾਸ਼ਾ ਦੇਖਾਂਗੇ, ਨਾਲੇ ਚਾਰ ਰੱਬ ਦੇ ਘਰ ਦੀਆਂ ਵੀ ਸੁਣਾਂਗੇ।' ਇਉਂ ਗੱਲਾਂਬਾਤਾਂ ਕਰਦੇ ਲੋਕੀਂ, ਇਕ ਦੂਜੇ ਨੂੰ ਨਾਲ ਲੈਂਦੇ ਢਾਣੀਆਂ ਬਣਾ ਕੇ ਦੀਵਾਨ ਵਿਚ ਪੁਜ ਗਏ।

**ਕੂਕਿਆਂ ਦਾ ਦੀਵਾਨ:**

**ਅੱਖੀ ਵੇਖਿਆ ਹਾਲ**

"ਢੋਲਕੀ ਦੀ ਚਟਕ ਚਾਲ ਦੀ ਤਿੱਖੀ ਆਵਾਜ਼ ਨੇ ਦੂਰੋਂ ਹੀ ਲੋਕਾਂ ਨੂੰ ਦੱਸ ਦਿੱਤਾ ਬਈ ਦੀਵਾਨ ਕਿੱਥੇ ਲੱਗਾ ਹੋਇਆ ਹੈ? ਇਕ ਖੁਲ੍ਹੇ ਚੁਗਾਠ ਵਿਚ ਚਿੱਟੇ ਕਪੜਿਆਂ ਤੇ ਗੋਲ ਪਗੜੀਆਂ ਵਾਲੇ ਕੂਕਿਆਂ ਦਾ ਜੱਥਾ ਹੱਥਾਂ ਵਿਚ ਛੈਣੇ ਫੜੀ ਖੂਬ ਸਿਰ ਮਾਰ ਮਾਰ ਕੇ ਸ਼ਬਦ ਗਾ ਰਿਹਾ ਸੀ। ਅਚਾਨਕ ਹੀ ਭੀੜ ਵਿਚੋਂ ਇਕ ਕੂਕਾ ਸਪਰਿੰਗ ਵਾਂਗ ਵਲ ਖਾ ਕੇ ਉਠਿਆ ਤੇ ਕੰਨ ਵਿਚ ਉਂਗਲੀ ਪਾ ਕੇ ਆਵਾਜ਼ ਲੱਗੀ—

*'ਕੱਛੇ ਡੋਲ ਤੇ ਵਾਹਿਗੁਰੂ ਬੋਲੀਂ,*
*ਬਣ ਜਾਈਂ ਨਾਮਧਾਰੀਆ।'*

"ਉਸਦੇ ਮੂਹੋਂ ਧਾਰਨਾ ਨਿਕਲਣ ਦੀ ਦੇਰ ਸੀ ਕਿ, ਸ਼ਬਦੀ ਜੱਥਾ ਮੁੜ ਮੁੜ ਏ ਹੋ ਤੁਕ ਪੜ੍ਹਦਾ ਲੋਟ ਪੋਟਣੀਏ ਹੋ ਗਿਆ। ਬਸ ਦੇਰ ਕੀ ਸੀ, ਇਕ ਤੋਂ ਬਾਦ ਦੂਜੀ ਧਾਰਨਾ ਦਾ ਤੀਰ, ਕਮਾਣ ਦੇ ਕੁੰਦੇ ਵਿਚੋਂ ਛੁਟਦਾ ਤੇ ਸਰੋਤਿਆਂ ਨੂੰ ਵਿੰਨ੍ਹਦਾ ਗਿਆ—

*'ਓਏ! ਉਹ ਘਰ ਕੂਕਿਆਂ ਦਾ ਜਿਥੇ*
*ਛੈਣੇ ਢੋਲਕੀ ਖੜਕੇ।*
*'ਬਾਲੀ ਭੈਨ ਕੇ ਬਣਾ ਲਏ ਛੈਣੇ, ਬਈ,*
*ਬੱਲੇ ਏਨ੍ਹਾਂ ਕੂਕਿਆਂ ਨੇ।*
*'ਮੇਰੇ ਛੈਣਿਆਂ 'ਚੋਂ ਹਰਿ ਹਰਿ ਬੋਲੇ,*
*ਢੋਲਕੀ 'ਚੋਂ ਰਾਮ ਬੋਲਦਾ।'*

"ਉਨ੍ਹਾਂ ਦਿਨਾਂ ਵਿਚ ਕੂਕਿਆਂ ਨੇ ਦੋ ਲਹਿਰਾਂ ਚਲਾਈਆਂ ਹੋਈਆਂ ਸਨ। ਇਕ ਇਹ ਕਿ ਪੰਜਾਬ ਵਿਚ ਰੂਸ ਆਉਣ ਵਾਲਾ ਹੈ—ਉਹ ਸੌ ਸਾਖੀ ਵਿਚੋਂ ਤੁਕਾਂ ਪੜ੍ਹ ਕੇ ਸੁਣਾਇਆ ਕਰਦੇ ਸਨ—

*'ਜਦ ਰੂਸ ਪੰਜਾਬੇ ਆਵੇ,*
*ਟਕੇ ਸੇਰ ਅੰਨ ਵਿਕਾਵੇ।*
*ਮੇਰਾ ਸਿੱਖ ਭੁੱਖਾ ਨਾ ਜਾਵੇ।'*

"ਤੇ ਨਾਲ ਹੀ ਆਖਦੇ ਸਨ—ਇਸ ਖਲਬਲੀ ਤੋਂ ਬਚਣ ਲਈ ਲੋਕ ਭੱਜ ਕੇ ਰਵਾਲਸਰ ਪਹਾੜਾਂ ਉਤੇ ਜਾ ਵੱਸਣ ਤਾਂ ਹੀ ਬਚਣਗੇ! ਦੂਜੀ ਲਹਿਰ ਉਨ੍ਹਾਂ ਦੀ ਅੰਗ੍ਰੇਜ਼ਾਂ ਦੇ ਵਿਰੋਧ ਵਿਚ ਸੀ, ਜਿਸ ਵਿਚ ਇਸ ਗੱਲ ਦਾ ਗੁੱਸਾ ਵਧੇਰੇ ਸੀ ਕਿ 'ਉਨ੍ਹਾਂ ਕੂਕਿਆਂ ਦੇ ਗੁਰੂ, ਬਾਬਾ ਰਾਮ ਸਿੰਘ ਜੀ ਨੂੰ ਫੜ ਕੇ ਕਿਉਂ ਵਿਛੋੜਿਆ? ਕਿਸੇ ਨਾ ਕਿਸੇ ਢੰਗ ਨਾਲ ਉਹ ਆਪਣੇ ਪ੍ਰਚਾਰ ਦੀ ਤਾਣ ਏਨ੍ਹਾਂ ਗੱਲਾਂ ਤੇ ਹੀ ਲਿਆ ਕੇ ਤੋੜਦੇ ਸਨ।

"ਇਕ ਕੂਕੇ ਨੂੰ ਅਜਿਹਾ ਜੋਸ਼ ਚੜ੍ਹਿਆ ਕਿ ਉਸ ਨੇ ਨਾਲ ਲਗਦੇ ਦਰਖ਼ਤ ਦੀਆਂ ਪਲੂੰਬੜਾਂ ਨਾਲ ਲਟਕ ਲਟਕ ਕੇ ਸਿਰ ਮਾਰਨਾ ਸ਼ੁਰੂ ਕਰ ਦਿੱਤਾ ਤੇ ਜਦੋਂ ਮੁਖੀਏ ਸੰਤ ਨੇ ਬੈਠਿਆਂ ਲੋਕਾਂ ਦੀਆਂ ਚਾਰ ਪੰਜ ਪਗੜੀਆਂ ਉਤਾਂਹ ਨੂੰ ਵਗਾਹ ਕੇ ਧਾਰਨਾ ਲਾਈ—

*'ਦਿਨ ਤਾਂ ਰਹਿ ਗਏ ਥੋੜੇ ਹੁਣ ਕੀ ਦੇਖਦੈਂ।*
*ਓਏ ਭੱਜੇ ਜਾਂਦੇ ਗੋਰੇ ਹੁਣ ਕੀ ਦੇਖਦੈਂ।'*

"ਆਜ਼ਾਦੀ ਆਉਣ ਦੀ ਕਾਹਲੀ ਪਈ, ਖ਼ਾਲਸਾ ਤੇ ਇਸ ਖਿਆਲ ਤੋਂ ਕਿ ਬਾਬਾ ਰਾਮ ਸਿੰਘ ਜੀ ਅੰਗ੍ਰੇਜ਼ਾਂ ਦੇ ਜਾਣ ਪਿਛੋਂ ਛੇਤੀ ਆ ਜਾਣਗੇ, ਤੇ ਨਾਲ ਹੀ ਇਸ ਹੱਲੇ ਦੀ ਜੋਸ਼ੀਲੀ ਧਾਰਨਾ ਨੇ ਉਹ ਠਾਠ ਬੰਨ੍ਹਿਆਂ ਕਿ ਕਿਤਨੇ ਹੀ ਕੂਕੇ ਸਿਰ ਮਾਰ ਮਾਰ ਕੇ 'ਦੀਵਾਨੇ' ਬਣ ਗਏ। ਖੁੱਲ੍ਹੀਆਂ ਬਾਂਵਰੀਆਂ ਨਾਲ ਸਿਰ ਹਿਲਾ ਕੇ ਜਦੋਂ ਉਨ੍ਹਾਂ ਮੁੜ ਮੁੜ ਇਹ ਧਾਰਨਾ ਦੀ:-

*'ਭੱਜੇ ਜਾਂਦੇ ਗੋਰੇ ਹੁਣ ਕੀ ਦੇਖਦੈਂ।'*

ਤੁਕ ਗਾਉਣੀ ਸ਼ੁਰੂ ਕੀਤੀ ਤਾਂ ਕਈ ਟੈਣੀਆਂ ਦੇ ਮਨ ਵੀ ਮੰਨ ਗਏ ਕਿ ਹੁਣ ਗੋਰੇ ਨਹੀਂ ਰਹਿਣੇ। ਝਾਕੀ ਵਰਤਕੇ ਹੀ ਰਹੇਗੀ।

"ਫਿਰ ਇਕ ਦਮ ਵੱਡੇ ਸੰਤ ਨੇ ਹੱਥ ਖੜ੍ਹਾ ਕਰ ਕੇ ਇਕ ਵਾਰੀ ਚੁਪ ਵਰਤਾ ਦਿਤੀ ਤੇ ਫੇਰ ਉਸ ਨੇ ਕੰਨ ਵਿਚ ਉਂਗਲ ਦੇ ਕੇ ਗਾਇਆ:-

*ਓਏ ਅਸਾਂ ਹਿੰਦ ਵਿਚ ਗ਼ਦਰ ਮਚੌਣਾ,*
*ਕੱਢਣਾ ਫਰੰਗੀਏ ਨੂੰ।*
*ਏਥੋਂ ਚੁੱਕ ਲੈ ਫਰੰਗੀਆ ਡੇਰਾ,*
*ਖਾਲਸੇ ਨੇ ਰਾਜ ਕਰਨਾ।*
*ਛਾਉਣੀ ਕਰ ਦੇ ਫਰੰਗੀਆ ਖਾਲੀ,*
*ਖਾਲਸੇ ਨੇ ਡੇਰਾ ਬੰਨਣੀ।'*

"ਇਕ ਇਕ ਧਾਰਨਾ ਉਤੇ ਛਾਲਾਂ ਮਾਰ ਮਾਰ ਕੇ ਉਨ੍ਹਾਂ ਇਸ ਤਰ੍ਹਾਂ ਧੰਮਾ-ਚੌਕੜੀ ਚੁੱਕੀ, ਜਿਵੇਂ ਫਰੰਗੀ ਨੂੰ ਕੱਢ ਕੇ ਹੀ ਰਾਤ ਨੂੰ ਸੌਣਾ ਹੁੰਦਾ ਹੈ, ਵਿਚੋਂ ਦੀ ਹੀ ਜੱਥੇ ਨੇ, ਆਪਣੇ ਮਨੋ-ਭਾਵ ਪ੍ਰਗਟ ਕਰਨੇ ਸ਼ੁਰੂ ਕਰ ਦਿੱਤੇ:-

*'ਓਏ ਨਹੀਂ ਖੱਦਰ ਬਿਨਾਂ ਹੱਥ ਲਾਉਣਾ,*



Sri Satguru Jagjit Singh Ji Elibrary NamdhariElibrary@gmail.com

*ਅਤਲਸਾਂ ਪਾੜ ਦੇਣੀਆਂ*
*ਰਾਜ ਅੰਗ੍ਰੇਜ਼ਾਂ ਦਾ, ਓ, ਵਈ*
*ਚੰਦ ਰੋਜ਼ ਦਾ ਚਾਲਾ।*

"ਕੂਕਿਆਂ ਦਾ ਦੀਵਾਨ ਸੀ ਕਿ, ਰਾਜਨੀਤਿਕ ਜਲਸਾ? ਇਸ ਦਾ ਨਿਰਣਾ ਕਰਨਾ ਸਚਮੁੱਚ ਹੀ ਔਖਾ ਸੀ। ਜੇ ਉਨ੍ਹਾਂ ਦੇ ਹੋਰ ਭਵਿਖ ਵਾਕ ਸੱਚੇ ਨਹੀਂ ਹੋਏ ਤੇ ਅੰਗ੍ਰੇਜ਼ਾਂ ਦੇ ਜਾਣ ਵਾਲਾ ਤਾਂ ਪੂਰਾ ਹੋ ਗਿਆ। ਏਹੋ ਹੀ ਕਾਫ਼ੀ ਹੈ।

"ਇਸ ਮਜ਼ਮੂਨ ਪਿਛੋਂ ਉਨ੍ਹਾਂ ਨੇ ਬਾਣੀ ਵਿਚੋਂ ਕਈ ਵਿਸ਼ੇ ਛੋਹੇ। 'ਨਾਨਕ ਵਿਚਾਰਾ ਭਇਆ ਦੀਵਾਨਾ ਤਉ ਦਰਸਨ ਕੈ ਤਾਈਂ' ਸ਼ਬਦ ਰਾਹੀਂ ਕੂਕਿਆਂ ਨੇ ਆਪਣੇ ਦੀਵਾਨੇ ਹੋਣ ਦੀ ਗੱਲ ਨੂੰ ਠੀਕ ਦਰਸਾਇਆ। ਫਿਰ ਇੱਕ ਨੇ ਵਿਚੋਂ ਕੂਕ ਕੂੱਕੀ-

*'ਓਦੇ ਨੇਹੁੰ ਲਾਇਆ ਸੀ ਮੈਂ*
*ਕਾਰੀਗਰ ਜਾਣ ਕੇ,*
*ਕਾਰੀਗਰ ਜਾਣ ਕੇ ਤੇ*
*ਸੁੰਦਰ ਪਛਾਣ ਕੇ।*

"ਧਾਰਨਾ ਦਾ ਇਸ਼ਾਰਾ ਬਾਬਾ ਰਾਮ ਸਿਘ ਜੀ ਵੱਲ ਸੀ। ਕਿਉਂਕਿ ਉਹ ਕਾਰੀਗਰਾਂ, ਜਾਣੀ ਤਰਖਾਣਾਂ ਦੇ ਘਰ ਜਨਮੇ ਸਨ। ਦੀਵਾਨ ਦੀ ਸਮਾਪਤੀ ਪਿਛੋਂ ਕੂਕੇ ਤਾਂ ਠੰਡ ਵਿਚ ਵੀ ਘੱਟੀਆਂ ਹੋਈਆਂ ਸ਼ਰਦਾਈਆਂ ਛਕਣ ਲੱਗ ਪਏ, ਲੋਕ ਲੰਗਰ ਵਿਚੋਂ ਚੋਪੜੇ ਦਾਲ ਪ੍ਰਸ਼ਾਦੇ ਛੱਕ ਕੇ ਘਰਾਂ ਨੂੰ ਰਵਾਨਾ ਹੋ ਗਏ। 'ਕੂਕੇ ਕਾਹਦੇ ਨੇ ਵਈ ਅੱਗ ਦੀ ਨਾਲ ਈ ਨੇ, ਮਜਾਲ ਐ ਕਿਸੇ ਤੋਂ ਡਰਨ, ਸਰਕਾਰ ਦੀ ਬੜੀ ਮਿੱਟੀ ਪੁੱਟਦੇ ਨੇ।' ਵਾਪਸ ਆਉਂਦੇ ਕਈ ਨੁਕਤਾਚੀਨ, ਉਨ੍ਹਾਂ ਦੀ ਨਿਡਰਤਾ ਤੇ ਸਰਕਾਰ-ਵਿਰੋਧੀ ਜੋਸ਼ ਦੀ ਖੂਬ ਪ੍ਰਸੰਸਾ ਕਰਨ ਲੱਗੇ।

'ਲਉ ਜੀ ਕੂਕਿਆਂ ਦਾ ਦੀਵਾਨ ਵੀ ਵੇਖ ਲਿਆ, ਕਹਿੰਦੇ ਹੁੰਦੇ ਸੀ ਕੂਕੇ ਕੁਝ ਨੀ ਹੁੰਦੇ, ਏਹ ਕਿਹੜਾ ਦੀਵਾਨ ਘਟੀਆ ਲਾਉਂਦੇ ਨੇ। ਇਕ ਵਾਰੀ ਤਾਂ ਧਰਤੀ ਖੁਲਾ ਦਿੰਦੇ ਨੇ।' ਗਿੱਧਾ ਪਾਉਣ ਵਾਲੇ ਮੁੰਡਿਆਂ ਨੇ ਆਪਣੀਆਂ ਬੋਲੀਆਂ ਦੇ ਲੋਕ ਕਾਵਿ ਵਿੱਚ ਕੂਕਿਆਂ ਦੀ ਬੋਲੀ ਵੀ ਜੋੜ ਕੇ ਸ਼ਾਮਿਲ ਕਰ ਲਈ:-

*'ਪੰਥ ਤਾਂ ਜੱਗ ਤੇ ਬਹੁਤ ਚਲੇ ਨੇ,*
*ਕੂਕਿਆਂ ਦਾ ਪੰਥ ਨਿਰਾਲਾ।*
*ਹੱਥਾਂ ਦੇ ਵਿਚ ਗੜਵੇ ਰੱਖਦੇ,*
*ਗਲ ਵਿਚ ਉਨ ਦੀ ਮਾਲਾ।*
*ਕੱਛੇ, ਤੇਲ, ਵਾਹਿਗੁਰੂ ਬੋਲਣ,*
*ਟੁੰਭਾ ਲਾਉਣ ਨਿਰਾਲਾ।*
*ਸਣ ਕੇਸੀ ਇਸ਼ਨਾਨ ਨੇ ਕਰਦੇ,*
*ਗੁੜ ਦਾ ਪੀਣ ਪਿਆਲਾ।*
*ਰਾਜ ਅੰਗ੍ਰੇਜ਼ਾਂ ਦਾ ਚੰਦ ਰੋਜ਼ ਦਾ ਚਾਲਾ।*

"ਲੋਕਾਂ ਵਿਚ ਉਨ੍ਹਾਂ ਦੇ ਦੀਵਾਨ ਦੀਆਂ, ਹਾਲ ਪੈਣ ਤੇ ਛਾਲਾਂ ਮਾਰ ਕੇ ਦਰੱਖਤਾਂ ਉਤੇ ਚੜ੍ਹਨ ਦੀਆਂ ਕਲਾਬਾਜ਼ੀਆਂ ਦੀ ਕਿਤਨੇ ਹੀ ਦਿਨ ਸ਼ੋਭਾ ਹੁੰਦੀ ਰਹੀ।"

## ਸਾਂਝੇ ਗੁਰਦੁਆਰੇ

"ਬਸ ਨਾਮਧਾਰੀ ਸੰਤ ਆਉਂਦੇ ਸਨ ਸਾਡੇ ਪਿੰਡ। ਦੀਵਾਨ ਗੁਰਦੁਆਰੇ ਵਿਚ ਹੀ ਲਗਦਾ ਸੀ। ਅੱਜ ਵਾਂਗੂ ਵੱਖ ਵੱਖ ਵਹਿਣ ਨਹੀਂ ਸਨ ਹੁੰਦੇ ਸੋਚ ਦੇ। ਇਕ ਸਮੁੰਦਰ ਵਾਂਗ ਹੁੰਦਾ ਸੀ ਪਿੰਡ ਦਾ ਗੁਰਦੁਆਰਾ ਜਿਥੇ ਆ ਕੇ ਸਾਰੇ ਆਪਣੇ ਦੀਵਾਨ ਲਗਾ ਲੈਂਦੇ ਸਨ।"

"ਭੋਲੇ ਸਮੇਂ ਸਨ ਉਹ। ਲੋਕ ਵੀ ਭੋਲੇ ਹੁੰਦੇ ਸਨ।"

"ਸੱਚ ਆਖਨੀ ਏਂ। ਇਹ ਭੋਲਾਪਣ ਹੀ ਲੋਕਾਂ ਨੂੰ ਆਪਸ ਵਿਚ ਜੋੜਦਾ ਵੀ ਸੀ। ਅੱਜ ਲੋਕੀ ਬਹੁਤੇ ਹੀ ਸਿਆਣੇ ਹੋ ਗਏ ਨੇ, ਇਸੇ ਕਰਕੇ ਹੀ ਸ਼ਾਇਦ ਦੂਰੀਆਂ ਵਿਚ ਤਅਸੁਬ ਵੀ ਵਧ ਗਿਐ।"

## ਢੋਲਕੀ ਨਾਲ ਮੁਕਾਬਲਾ

ਅੱਜ ਪ੍ਰਚਾਰ ਪ੍ਰਸਾਰ ਦਾ ਯੁਗ ਹੈ। ਇਲੈਕਟਰਾਨਿਕ ਸਾਧਨਾਂ ਰੇਡੀਓ, ਟੀ. ਵੀ. ਦਾ ਜ਼ਮਾਨਾ ਹੈ। ਪ੍ਰਚਾਰ ਵਿਚ ਸਦਾ ਹੀ ਮੁਖ ਭੂਮਿਕਾ ਪੈਸੇ ਨੇ ਨਿਭਾਈ ਹੈ। ਨਾਮਧਾਰੀਆਂ ਕੋਲ ਸ਼ਾਇਦ ਅਜੇ ਵੀ ਇਨ੍ਹਾਂ ਸਾਧਨਾਂ ਨੂੰ ਅਪਨਾਉਣ ਨੂੰ ਸਮਾਂ ਲੱਗੇ। ਪਰ ਇਹ ਗੱਲ ਤਾਂ ਦਾਅਵੇ ਨਾਲ ਵੀ ਆਖੀ ਜਾ ਸਕਦੀ ਹੈ ਕਿ ਜਦੋਂ ਅੰਗ੍ਰੇਜ਼ ਸਰਕਾਰ ਨੇ ਨਾਮਧਾਰੀਆਂ ਦਾ ਪ੍ਰਚਾਰ ਜਬਰਨ ਬੰਦ ਕਰ ਦਿਤਾ ਤਾਂ ਇਕੱਲਿਆਂ ਜਿਸ ਯੰਤਰ ਨਾਲ ਇਸ ਦਾ ਮੁਕਾਬਲਾ ਕੀਤਾ ਗਿਆ ਉਹ ਢੋਲਕੀ ਸੀ। ਮਸਤ ਕਰ ਦੇਣ ਵਾਲੀ ਢੋਲਕੀ। ਗਹੁ ਨਾਲ ਤੁਸੀਂ ਨਾਮਧਾਰੀ ਸ਼ਹੀਦੀ ਸਾਕਿਆਂ ਦੇ ਚਿੱਤਰ ਵੇਖੋ। ਚਾਹੇ ਉਹ ਅੰਮ੍ਰਿਤਸਰ ਦੇ ਬੋਹੜ ਨਾਲ ਫਾਂਸੀਆਂ ਲੱਗ ਰਹੇ ਹੋਣ ਚਾਹੇ ਮਲੇਰਕੋਟਲਾ ਵਿਚ ਤੋਪਾਂ ਅੱਗੇ ਉੱਡ ਰਹੇ ਹਨ ਲਾਗੇ ਢੋਲਕੀ ਵਜਾਉਣ ਵਾਲੇ ਦਾ ਚਿੱਤਰ ਜ਼ਰੂਰ ਹੋਵੇਗਾ।

## ਮਲੇਰ ਕੋਟਲਾ ਸਾਕਾ:

### ਪ੍ਰਸਿੱਧ ਸ਼ਾਇਰ ਮੁਤਾਬਕ

ਪੰਜਾਬੀ ਦੇ ਪ੍ਰਸਿਧ ਸ਼ਾਇਰ ਪ੍ਰਤਾਪ ਸਿਘ ਸਫ਼ਰੀ ਨੇ ਤਾਹੀਓਂ ਤਾਂ ਕਿਹਾ ਹੈ:

*ਗੋਰੇ ਹਲ ਗਏ ਹੱਲੇ ਦੇ ਸ਼ਬਦ ਸੁਣ ਕੇ*

ਅੰਮ੍ਰਿਤਸਰ ਵਾਲੇ ਸ਼ਹੀਦਾਂ ਦੇ ਫਾਂਸੀ ਲੱਗਣ ਵਾਲੇ ਸਮੇਂ ਦਾ ਜ਼ਿਕਰ ਕਰਦਿਆਂ ਬਾਬਾ ਸੰਤੋਖ ਸਿਘ ਅਣਛਪੇ ਗ੍ਰੰਥ ਸਤਿਗੁਰੂ ਬਿਲਾਸ ਵਿਚ ਲਿਖਦੇ ਹਨ "... ਸਿਘਾਂ ਨੇ ਅੰਮ੍ਰਿਤਸਰ ਤਲਾ ਵਿਚ ਇਸ਼ਨਾਨ ਕਰਕੇ ਗ੍ਰੰਥ ਸਾਹਿਬ ਕਾ ਜੋ ਭੋਗ ਪਾਇਆ ਚੜ੍ਹਾਈ ਕਾ ਪੜ੍ਹ ਕੇ ਤਾਂ ਉਸ ਵਕਤ ਸਿਪਾਹੀ ਨੇ ਹੁਕਮ ਆਇ ਸੁਣਾਇਆ ਕਿ ਚਲੋ। ਸਿਘ ਢੋਲਕੀ ਬਜਾਇ ਕੇ ਸ਼ਬਦ ਪੜ੍ਹਦੇ ਗਏ:-

*"ਤੇਰੀ ਸਰਨ ਮੇਰੇ ਦੀਨ ਦਿਆਲਾ॥*
*ਸੁਖ ਸਾਗਰ ਮੇਰੇ ਗੁਰ ਗੋਪਾਲਾ॥*
*ਕਰ ਕਿਰਪਾ ਨਾਨਕ ਗੁਣ ਗਾਵੈ*
*ਰਾਖੋ ਸਰਮ ਅਸਾੜੀ ਜਿਓ।"*

"ਬੜੀ ਛਬ ਨਾਲ ਸ਼ਬਦ ਪੜ੍ਹਿਆ ਔਰ ਚਲੇ। ਬੀਲ੍ਹਾ ਸਿਘ ਨੇ ਅਰਦਾਸਾ ਕੀਤਾ ਔਰ ਤੁਰੇ। ਆਏ ਫਾਂਸੀ ਵਾਲੀ ਜਗ੍ਹਾ। ਸਿਘਾਂ ਕੇ ਚੇਹਰਿਆਂ ਉਪਰ ਲਾਲੀਆਂ ਦਗਦੀਆਂ ਹਨ। ਬੇ-ਗਮ ਹੈਂ ਜਿਨ੍ਹਾਂ ਕੇ ਮਨ ਮੇਂ ਮੌਤ ਕਾ ਭੈ ਨਹੀਂ ਹੈ, ਨਿਰਭੈ ਸ਼ਬਦ ਪੜ੍ਹਦੇ ਹੈਂ, ਤਖਤ ਪਰ ਚੜ੍ਹੇ। ਅਰਦਾਸਾ ਚੜ੍ਹਾਈ ਕਾ ਕੀਤਾ ਤੇ ਬੋਲਾ ਇਹ ਕੀਤਾ ਜੋ ਮੈਂ ਤੇਰੇ ਪ੍ਰਤਾਪ ਸੇ ਤਖਤ ਪਰ ਚੜ੍ਹਿਆ ਹਾਂ। ਬੜੀ ਨੇਕ ਨਾਮੀ ਪਾਈ ਹੈ ਬੜਾ ਔਹਦਾ ਹੋਇਆ ਹੈ।..."

## ਆਵਾਜ਼ਾਂ ਆਉਂਦੀਆਂ ਸਨ।

'ਨਾਮਧਾਰੀ ਇਤਿਹਾਸ', ਪਹਿਲਾ ਹਿੱਸਾ ਦੀ ਭੂਮਿਕਾ ਵਿਚ ਲੇਖਕ ਸ. ਨਾਹਰ ਸਿਘ ਜੀ ਮਲੇਰਕੋਟਲੇ ਸਾਕੇ ਦੇ ਪ੍ਰਸੰਗ ਵਿਚ ਜ਼ਿਕਰ ਕਰਦੇ ਹਨ:-

"ਰਕੜ ਦੇ ਇਰਦ ਗਿਰਦ ਦੇ ਪਿੰਡਾਂ ਵਿਚ ਇਹ ਰਵਾਇਤਾਂ ਅਜੇ ਤੀਕ ਚਲੀਆਂ ਆਉਂਦੀਆਂ ਹਨ ਕਿ ਏਥੇ ਬਹੁਤ ਵਾਰੀ ਕੂਕੇ ਸ਼ਹੀਦਾਂ ਦੇ ਹਾੜ ਬੋਲਿਆ ਕਰਦੇ ਸਨ। ਢੋਲਕ ਛੈਣਿਆਂ ਨਾਲ ਸ਼ਬਦ ਪੜ੍ਹਦੇ ਸ਼ਹੀਦਾਂ ਦੀਆਂ ਆਵਾਜ਼ਾਂ ਅਤੇ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਦੀਆਂ ਗੂੰਜਾਂ ਅਕਾਸ਼ ਵਿਚੋਂ ਟਿਕੀਆ ਰਾਤਾਂ ਵਿਚ ਸਾਫ਼ ਸੁਣਾਈ ਦਿਆ ਕਰਦੀਆਂ ਸਨ।..."



Sri Satguru Jagjit Singh Ji Elibrary NamdhariElibrary@gmail.com

### ਸ. ਸ. ਮੀਸ਼ਾ

ਸੰਨ 1983 ਦੀ ਗੱਲ ਹੈ। ਅਕਾਸ਼ਬਾਣੀ ਜਲੰਧਰ ਦੇ ਉਚ ਅਧਿਕਾਰੀ ਅਤੇ ਪੰਜਾਬੀ ਦੇ ਮਸ਼ਹੂਰ ਕਵੀ ਸ. ਸ. ਮੀਸ਼ਾ ਨੇ 15 ਅਗਸਤ ਨੂੰ ਆਜ਼ਾਦੀ ਦਿਵਸ ਤੇ ਨਾਮਧਾਰੀ ਲਹਿਰ ਅਤੇ ਆਜ਼ਾਦੀ ਸੰਗਰਾਮ ਬਾਰੇ ਇਕ ਰੂਪਕ ਲਿਖਣ ਵਾਸਤੇ ਮੈਨੂੰ ਆਖਿਆ। 15 ਅਗਸਤ ਸਵੇਰੇ ਇਸ ਦੀ ਸਟੂਡਿਓ ਵਿਚ ਰਿਕਾਰਡਿੰਗ ਸੀ। ਲਿਖੀ ਹੋਈ ਪਟਕੱਥਾ ਤੋਂ ਇਲਾਵਾ ਮੈਂ ਕੁਝ ਹੱਲੇ ਦੀਆਂ ਧਾਰਨਾਂ ਰਿਕਾਰਡ ਕਰ ਕੇ ਲੈ ਗਿਆ। ਉਹ ਜਦੋਂ ਸਟੂਡਿਓ ਦੇ ਰਿਕਾਰਡ ਤੇ ਵਜਾ ਕੇ ਸੁਣੀਆਂ ਤਾਂ ਸਾਰੇ ਕਰਮਚਾਰੀ ਮਸਤ ਹੋ ਗਏ। ਮੀਸ਼ਾ ਸਾਹਿਬ ਅੰਦਰ ਬਾਹਰ ਚੁਟਕੀ ਵਜਾਉਂਦੇ ਤੇ ਪੜ੍ਹੀ ਜਾਣ "ਨੱਠੇ ਜਾਂਦੇ ਗੋਰੇ ਹੁਣ ਕੀ ਦੇਖਦੈਂ"। ਹੇਮ ਰਾਜ ਸ਼ਰਮਾ, ਵਿੱਕੀ (ਅਜ ਦਾ ਚਾਚਾ ਰੌਣਕੀ ਰਾਮ) ਸਭ ਨੇ ਗਾ ਗਾ ਕੇ ਐਸਾ ਰੂਪਕ ਤਿਆਰ ਕਰ ਕੇ ਸ਼ਾਮ ਨੂੰ ਪਰਸਾਰਿਤ ਕੀਤਾ ਜੋ ਬਹੁਤ ਸਫ਼ਲ ਹੋਇਆ। ਉਸ ਦਿਨ ਹੱਲੇ ਦੇ ਦੀਵਾਨ ਨੇ ਸਭ ਨੂੰ ਮਸਤ ਕਰ ਦਿਤਾ। ਅਤੇ ਮੀਸ਼ਾ ਸਾਹਿਬ ਬਾਰ ਬਾਰ ਕਹਿਣ ਕਿ ਇਹ ਰਿਕਾਰਡਿੰਗ ਸਟੂਡੀਓ ਵਿਚ ਕਿਉਂ ਨਾ ਕਰਾਈ?

### ਢੋਲਕੀ ਛੈਣੇ ਨਾਲ ਪੁੱਤਰ ਦੀ ਲਾਸ਼

ਹਰ ਖੁਸ਼ੀ ਜਾਂ ਗਮੀ ਦੇ ਮੌਕੇ ਉਤੇ ਢੋਲਕੀ ਛੈਣਿਆਂ ਨਾਲ ਸ਼ਬਦ ਪੜ੍ਹਨੇ ਨਾਮਧਾਰੀ ਰਹਿਣ ਸਹਿਣ ਦਾ ਇਕ ਢੰਗ ਬਣ ਗਿਆ ਹੈ। ਇਹ ਗੱਲ ਨਾਮਧਾਰੀਆਂ ਦੇ ਹਿੱਸੇ ਹੀ ਆਈ ਹੈ ਕਿ ਜਵਾਨ ਜਹਾਨ ਪੁੱਤਰ ਦੇ ਨੜੋਏ 'ਤੇ ਆਪਣੇ ਗਲ ਵਿਚ ਢੋਲਕੀ ਪਾ ਕੇ ਸ਼ਬਦ ਪੜ੍ਹਦੇ ਜਾਣਾ। ਇਸ ਕਥਨ ਵਿਚ ਕੋਈ ਝੂਠ ਨਹੀਂ ਕਿ ਨਾਮਧਾਰੀਆਂ ਦੀ ਢੋਲਕੀ ਵਿਚੋਂ ਰਾਮ ਬੋਲਦਾ ਹੈ ਅਤੇ ਛੈਣਿਆਂ ਚੋਂ ਹਰਿ ਹਰਿ। ਜ਼ਬਾਨੀ ਸ਼ਬਦ ਪੜ੍ਹਨੇ ਪੁਰਾਤਨ ਸਿਖਾਂ ਦੀ ਰਹੁ ਰੀਤ ਵਿਚ ਸ਼ਾਮਲ ਸੀ।

### ਸਤਿਗੁਰੂ ਰਾਮ ਸਿੰਘ

ਸਤਿਗੁਰੂ ਰਾਮ ਸਿੰਘ ਜੀ ਦਾ ਚਾਨਣ ਜਦੋਂ ਜਗ ਤੇ ਪਸਰਿਆ ਤਾਂ ਆਪ ਨੇ ਪ੍ਰਚਾਰ ਹਿਤ ਰਾਗੀਆਂ ਦੀਆਂ ਜੋੜੀਆਂ ਵੀ ਤਿਆਰ ਕੀਤੀਆਂ। ਸ. ਨਾਹਰ ਸਿੰਘ ਨਾਮਧਾਰੀ ਇਤਿਹਾਸ ਵਿਚ ਲਿਖਦੇ ਹਨ:

"... 4 ਸਾਲ ਦੇ ਥੋੜ੍ਹੇ ਸਮੇਂ ਵਿਚ ਹੀ ਹਰ ਇਕ ਇਲਾਕੇ ਵਿਚ ਅੰਮ੍ਰਿਤ ਪ੍ਰਚਾਰ, ਭਜਨ ਬੰਦਗੀ ਕਰਨ ਅਤੇ ਗੁਰੂ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਵਨ ਦਾ ਪ੍ਰਵਾਹ ਚਲ ਪਿਆ। ਸਾਰੇ ਮਰਦਾਂ ਅਤੇ ਇਸਤਰੀਆਂ ਦਾ ਸੰਗਤ ਵਿਚ ਹੀ ਮਿਲ ਕੇ ਇਕੱਠਿਆ ਢੋਲਕ, ਛੈਣਿਆਂ ਨਾਲ ਸਿੱਧੀਆਂ ਸਾਦੀਆਂ ਪੇਂਡੂ ਧਾਰਨਾਂ ਵਿਚ ਗੁਰਬਾਣੀ ਦੇ ਸ਼ਬਦ ਪੜ੍ਹਨ ਦਾ ਰਿਵਾਜ ਦਿਨੋ ਦਿਨ ਫੈਲਦਾ ਚਲਿਆ ਗਿਆ। ਦੀਵਾਨਾਂ ਵਿਚ ਸ਼ਬਦ ਬਾਣੀ ਪੜ੍ਹਨ ਲਈ ਪਹਿਲੋਂ ਪਹਿਲੋਂ ਤੰਤੀ ਸਾਜ਼ਾਂ ਰਬਾਬ, ਤਾਊਸ ਅਤੇ ਤਬਲਿਆਂ ਵਾਲੀਆਂ ਤਿੰਨ ਚੌਕੀਆਂ ਭੈਣੀ ਵਿਖੇ ਤਿਆਰ ਕੀਤੀਆਂ ਗਈਆਂ। ਧੂਲੇਤੇ ਦੇ ਭਾਈ ਦਿੱਤੂ, ਭਾਈ ਫਕੀਰੀਆ ਅਤੇ ਭਾਈ ਵਜ਼ੀਰੇ ਨੂੰ ਦਰਾਪ ਅਥਵਾ ਸਿਆਲਕੋਟ ਵਾਲੇ ਇਲਾਕੇ ਦੀ ਸੇਵਾ ਦਿੱਤੀ ਗਈ। ਭਾਈ ਪ੍ਰੇਮ ਸਿੰਘ, ਭਾਈ ਕ੍ਰਿਪਾਲ ਸਿੰਘ ਭਦੌੜ ਵਾਲੇ ਮਜ਼੍ਹਬੀ ਸਿੰਘ ਸਮੇਤ ਭਾਈ ਸਾਹਿਬ ਸਿੰਘ ਬੱਸੀਆਂ ਵਾਲੇ ਦੇ ਜੱਥੇ ਨੂੰ ਮਾਲਵੇ ਦੇ ਇਲਾਕੇ ਵਿਚ ਸੇਵਾ ਕਰਨ ਲਈ ਲਗਾਇਆ ਗਿਆ। ਅਟਾਰੀ ਦੇ ਭਾਈ ਤਾਰਾ ਅਤੇ ਭਾਈ ਪਾਲੀ ਨੂੰ ਮਾਝੇ ਵਿਖੇ ਸੰਗਤਾਂ ਨੂੰ ਕੀਰਤਨ ਸੁਣਾਉਣ ਲਈ ਮੁਕੱਰਰ ਕੀਤਾ। ਮੱਲੀਆਂ ਦੀ ਕਲਵੰਡੀ ਦੇ ਭਾਈ ਪਸ਼ੌਰਾ ਤੇ ਭਾਈ ਸੰਤੂ ਨੂੰ ਢੱਡ ਸਰੰਗੀ ਨਾਲ ਸੰਗਤਾਂ ਨੂੰ ਵਾਰਾਂ ਦੀ ਤਰਜ਼ ਤੇ ਗੁਰਬਾਣੀ ਸੁਣਾਉਣ ਲਈ ਲਗਾਇਆ। ਇਹ ਪੰਜਾਬ ਦੇ ਸਭ ਇਲਾਕਿਆਂ ਵਿਚ ਹੀ ਜਾਂਦੇ ਸਨ। ਰਾਗੀਆਂ ਅਤੇ ਢਾਡੀਆਂ ਲਈ ਇਕ ਰੁਪਈਆ ਸ਼ਬਦ ਚੌਂਕੀ ਦੀ ਭੇਟ ਮੁਕਰਰ ਕੀਤੀ ਗਈ।"...*ਪੰਨਾ 144-45-46*

ਇਸ ਦੇ ਨਾਲ ਹੀ ਪੁਰਾਣੀ ਰੀਤ ਅਨੁਸਾਰ ਢੋਲਕੀ ਛੈਣਿਆਂ ਦਾ ਕੀਰਤਨ ਆਪ ਕਰਦੇ ਰਹੇ। ਉਹ ਵੀ ਕੈਸਾ ਸਮਾ ਹੋਵੇਗਾ ਜਦੋਂ ਸਤਿਗੁਰੂ ਰਾਮ ਸਿੰਘ ਜੀ ਆਪ ਪਰਿਵਾਰ ਅਤੇ ਸਤਿਸੰਗੀਆਂ ਵਿਚ ਬੈਠ ਕੇ ਢੋਲਕੀ ਨਾਲ ਕੀਰਤਨ ਕਰਦੇ ਹੋਣਗੇ।

### ਕੀਰਤਨ ਦੀਆਂ ਦੋ ਸ਼ੈਲੀਆਂ

ਗੁਰੂ ਘਰ ਵਿਚ ਦੋ ਤਰ੍ਹਾਂ ਦੀਆਂ ਸ਼ੈਲੀਆਂ ਕੀਰਤਨ ਦੀਆ ਚਲਦੀਆਂ ਆਈਆਂ ਹਨ। ਇਕ ਤਾਂ ਰਾਗੀਆਂ ਰਬਾਬੀਆਂ ਵਲੋਂ ਰਾਗਾਂ ਤੇ ਆਧਾਰਤ ਕੀਰਤਨ, ਨਿਰੋਲ ਸ਼ਬਦ ਗਾਇਨ ਅਤੇ ਸ਼ਾਸਤਰ ਅਨੁਸਾਰ ਗਾਇਨ ਦੂਸਰਾ ਸੰਗਤਾਂ ਵਲੋਂ ਪ੍ਰੇਮ ਵਿਚ ਰਲ ਕੇ ਗਾਉਣਾ।

ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਮਨ ਬਾਦ ਨਾਮਧਾਰੀਆਂ ਤੇ ਅਕੱਥ ਸਖਤੀਆਂ ਦਾ ਦੌਰ ਸ਼ੁਰੂ ਹੋਇਆ। ਇਨ੍ਹਾਂ ਦੇ ਦੀਵਾਨਾਂ ਅਤੇ ਪਾਠਾਂ 'ਤੇ ਵੀ ਪਾਬੰਦੀ ਲਾਈ ਗਈ ਪਰ ਢੋਲਕੀ ਵਜਦੀ ਰਹੀ। ਜਿਸ ਢੋਲਕੀ ਵਿਚੋਂ ਲੋਕਾਂ ਨੂੰ ਰਾਮ ਬੋਲਦਾ ਲੱਭਦਾ ਸੀ ਉਸੇ ਢੋਲਕੀ ਵਿਚੋਂ ਸ਼ਾਸਕਾਂ ਨੂੰ ਤੋਪ ਚਲਦੀ ਸੁਣਾਈ ਦਿੰਦੀ ਸੀ। ਜਿੰਨਾ ਚਿਰ ਨਾਮਧਾਰੀਆਂ ਦੀ ਢੋਲਕੀ ਵਜਦੀ ਰਹੀ ਓਨਾ ਚਿਰ ਅੰਗ੍ਰੇਜ਼ ਤੇ ਉਸਦੇ ਚਾਟੜਿਆਂ ਦੀ ਨੀਂਦ ਹਰਾਮ ਹੋਈ ਰਹੀ। ਇਸ ਢੋਲਕੀ ਦੀ ਆਵਾਜ਼ ਵਿਚ ਇਲਾਹੀ ਖਿੱਚ ਸੀ। ਲੋਕ ਦੌੜੇ ਹੀ ਆਉਂਦੇ ਸਨ।

ਉਂਗਲਾਂ ਤੋੜ ਦਿਓ ਕਿਹਾ ਜਾਂਦਾ ਹੈ ਕਿ ਜਿਸ ਸਮੇਂ ਤਰਨ ਤਾਰਨ ਵਿਖੇ ਨਾਮਧਾਰੀ ਦੀਵਾਨ 'ਤੇ ਡਾਂਗਾਂ ਨਾਲ ਹਮਲਾ ਹੋਇਆ ਤਾਂ ਇਹ ਹੀ ਕਿਹਾ ਜਾ ਰਿਹਾ ਸੀ ਕਿ ਮਹੰਤ ਦੀਦਾਰ ਸਿੰਘ ਦੀਆਂ ਉਂਗਲਾਂ ਤੋੜ ਦਿਓ, ਇਸ ਦੀਆਂ ਉਂਗਲਾਂ ਵਿਚੋਂ ਢੋਲਕ ਦੇ ਉਹ ਬੋਲ ਪੈਦਾ ਹੁੰਦੇ ਹਨ ਜੋ ਸਭ ਰੁਕਾਵਟਾਂ ਪਾਉਣ ਦੇ ਬਾਵਜੂਦ ਲੋਕਾਂ ਨੂੰ ਖਿੱਚਦੇ ਹਨ। ਬਾਕੀ ਸਿੱਖ ਭਾਈਚਾਰੇ ਦੇ ਚਲਣ ਵਿਚੋਂ ਜਦੋਂ ਗਿਆਨੀ ਗਿਆਨ ਸਿੰਘ ਦੀ ਕਹੀ ਇਹ ਰੀਤ ਮਨਫ਼ੀ ਹੋ ਗਈ:

*"ਹੋਮ ਜਗ ਕਰਵਾਤੇ ਪਰਸ਼ਾਦ ਬਟਵਾਤੇ*
*ਰੌਣਕ ਰਖਾਤੇ ਗਾਤੇ ਸ਼ਬਦ ਜ਼ਬਾਨੀ ਥੇ।"*

ਤਾਂ ਨਾਮਧਾਰੀ ਸਿੰਘਾਂ ਨੇ ਇਹ ਸਭ ਕੁਝ ਕਾਇਮ ਰਖਿਆ। ਇਤਿਹਾਸ ਦੇ ਕਾਲੇ ਦਿਨਾਂ ਵਿਚ ਕਿਵੇਂ ਇਨ੍ਹਾਂ ਨਾਮਧਾਰੀ ਜਥੇਦਾਰਾਂ ਪ੍ਰਚਾਰ ਜਾਰੀ ਰੱਖਿਆ, ਉਸ ਤੋਂ ਬਾਅਦ ਸਤਿਗੁਰੂ ਪ੍ਰਤਾਪ ਸਿੰਘ ਜੀ ਵੇਲੇ ਕਿਵੇਂ ਵਿਸਥਾਰ ਹੋਇਆ, ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵਿਚ ਹੱਲੇ ਦੇ ਦੀਵਾਨਾਂ ਦੇ ਨਜ਼ਾਰੇ, ਵਖ ਵਖ ਜਥੇਦਾਰਾਂ, ਮਹਾਂਪੁਰਖਾਂ ਦੇ ਦੀਵਾਨ ਲਾਉਣ ਦੇ ਢੰਗ, ਇਨ੍ਹਾਂ ਵਲੋਂ ਪੜ੍ਹੀਆਂ ਜਾਂਦੀਆਂ ਧਾਰਨਾਂ, ਢੋਲਕੀ ਦੇ ਵਧੀਆ ਵਜੰਤਰੀ, ਜਥਿਆਂ ਵਾਲੇ, ਇਨ੍ਹਾਂ ਦਾ ਲੋਕ ਸਭਿਆਚਾਰ ਤੇ ਪ੍ਰਭਾਵ ਇਹ ਸਭ ਗੱਲਾਂ ਬਹੁਤ ਵਿਸਥਾਰ ਵਾਲਾ ਮਜ਼ਮੂਨ ਹੈ।

### ਸਤਿਗੁਰੂ ਪ੍ਰਤਾਪ ਸਿੰਘ

... ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਢੋਲਕ ਛੈਣਿਆਂ ਨਾਲ ਆਸਾ ਦੀ ਵਾਰ ਦਾ ਕੀਰਤਨ ਵੀ ਪ੍ਰਚਲਤ ਕਰਵਾਇਆ। ਇਨ੍ਹਾਂ ਨੂੰ ਰਾਗ ਦੀਆਂ ਸੁਰਾਂ ਵਿਚ ਇਹ ਕੀਰਤਨ ਕਰਨਾ ਸਿਖਾਇਆ।

...ਸਤਿਗੁਰੂ ਪ੍ਰਤਾਪ ਸਿੰਘ ਆਪ



Sri Satguru Jagjit Singh Ji Elibrary NamdhariElibrary@gmail.com

ਤਾਊਸ ਲੈ ਕੇ ਬੈਠਦੇ। ਤਾਰਿਆਂ ਦੀ ਲੋਅ ਵਿਚ ਤੜਕੇ ਇਹ ਕੀਰਤਨ ਆਰੰਭ ਹੁੰਦਾ। ਉਚੀਆਂ ਸੁਰਾਂ ਨਾਲ ਮੋਰਾਂ ਦੀਆਂ ਸੁਰੀਲੀਆਂ ਹੂਕਾਂ ਵੀ ਸ਼ਾਮਲ ਹੁੰਦੀਆਂ। ਸਤਿਗੁਰੂ ਜੀ ਆਪ ਬਿਰਹਾ ਵਿਚ ਭਿੱਜੇ ਸ਼ਬਦ ਪੜ੍ਹਦੇ ਜਾਂ ਉਨ੍ਹਾਂ ਦੀ ਰਸਨਾ ਤੋਂ ਨਿਕਲਨ ਬਾਦ ਸ਼ਬਦ ਦਾ ਵਿਯੋਗੀ ਅਸਰ ਹੁੰਦਾ ਇਹ ਕਹਿਣਾ ਮੁਸ਼ਕਲ ਹੈ ਪਰ ਇਕ ਵਾਰ ਕੀਰਤਨ ਨੂੰ ਸੁਨਣ ਵਾਸਤੇ ਹੁਨਾਲ ਸਿਆਲ ਸੰਗਤ ਮਾਈ ਭਾਈ ਸਣਕੇਸੀ ਇਸ਼ਨਾਨ ਕਰ ਕੇ ਕੀਰਤਨ ਸ਼ੁਰੂ ਹੋਣ ਤੋਂ ਪਹਿਲਾਂ ਹੀ ਥਾਵਾਂ ਮਲ ਲੈਂਦੇ।

## ਕਲਜੁਗ ਵਿਚ ਰਿਗਵੇਦ ਕਾਲ?

ਕੀਰਤਨ ਬੰਗਾਲ ਦੇ ਚੈਤਨੰਯ ਪ੍ਰਭੂ ਦਾ ਹੋਵੇ, ਰਾਜਸਥਾਨ ਦਾ ਹੋਵੇ, ਜਾਂ ਦੱਖਣ ਦਾ ਢੋਲਕ ਜਾਂ ਮਰਦੰਗ ਨਾਲ, ਛੈਣੇ (ਝਾਂਜ) ਪ੍ਰਧਾਨ ਰਿਹਾ ਹੈ। ਪੰਜਾਬ ਵਿਚ ਇਹ ਕੇਵਲ ਨਾਮਧਾਰੀ ਸਮਾਜ ਕੋਲ ਹੈ। ਇਸ ਤਰ੍ਹਾਂ ਦੀ ਕੀਰਤਨ ਸ਼ੈਲੀ ਕੇਵਲ ਇਥੇ ਹੀ ਹੈ। ਇਸ ਵਿਚ ਸੂਫੀਆਨਾ ਵਜਦ ਵੀ ਹੈ ਤੇ ਪੁਰਾਤਨ ਵੇਦ ਕਾਲ ਦੀ ਪਰੰਪਰਾ ਵੀ ਹੈ। ਕਿਸੇ ਸਮੇਂ ਇਹ ਕੀਰਤਨ ਪ੍ਰਸਿਧ ਦੇਸ਼ ਭਗਤ, ਲੇਖਕ ਤੇ ਸਾਬਕਾ ਗਵਰਨਰ ਸ੍ਰੀ ਕੇ. ਐਮ. ਮੁਨਸ਼ੀ ਨੇ ਸੁਣਿਆ ਤਾਂ ਉਨ੍ਹਾਂ ਲਿਖਿਆ ਸੀ ਕਿ ਇਸ ਕਲਿਜੁਗ ਵਿਚ ਇਵੇਂ ਲਗਾ ਜਿਵੇਂ ਰਿਗਵੇਦ ਕਾਲ ਦੇ ਕਿਸੇ ਸੰਹਿਤਾ ਵਿਚ ਉਹ ਵਿਚਰ ਰਹੇ ਹੋਣ। ਉਸ ਵੇਲੇ ਦੀਵਾਨ ਦੇ ਵਿਚਕਾਰ ਖੁੱਲ੍ਹੀ ਜਗਹ ਛੱਡੀ ਹੋਈ ਹੁੰਦੀ ਸੀ ਜੋ ਅਕਸਰ ਮਸਤਾਨਿਆਂ ਨਾਲ ਹੀ ਭਰ ਜਾਂਦੀ।

*ਸੱਦ ਆਪਣਾ ਕ੍ਰਿਸ਼ਨ ਮੁਰਾਰੀ,*
*ਜਿਸ ਦਾ ਮਾਨ ਕਰਦੀ ਸੈਂ।*
*ਤੇਰੀ ਲਾਜ ਸਭਾ ਵਿਚ ਰੱਖ ਲੈ,*
*ਜਿਸ ਦਾ ਧਿਆਨ ਧਰਦੀ ਸੈਂ।*
*ਅੱਜ ਦੇਖਾਂ ਉਸ ਦੀ ਸ਼ਕਤੀ,*
*ਜੀਹਦੇ ਗੁਣ ਗਾਣ ਕਰਦੀ ਹੈਂ।*
*ਅੱਜ ਕਸ਼ਟ ਸਮੇਂ ਉਹ ਬਹੁੜੇ, ਜਿਸ ਦਾ*
*ਮਾਨ ਕਰਦੀ ਸੈਂ।*

...

ਸੰਤ ਬੰਤਾ ਸਿੰਘ ਬੂੜਾ ਭੱਲਾ ਆਪਣੇ ਪਤਲੇ ਸਰੀਰ ਨੂੰ ਕਮਾਨ ਵਾਂਗ ਢੋਲਕੀ ਵਾਲੇ ਉਤੇ ਪਿਛਲੇ ਬੰਨੇ ਝੁਕਾ ਦਿੰਦੇ। ਲੰਮ ਸਲੰਮੇ ਜਥੇ ਵਾਲੇ ਗੋਡਿਆਂ ਭਾਰ ਹੋ ਕੇ ਛੈਣੇ ਵਜਾਉਂਦੇ। ਜੰਗ ਅਤੇ ਹੱਲਾ ਤਾਂ ਪ੍ਰਤੱਖ ਹੀ ਸੀ ਜਦੋਂ ਉਹ ਪੜ੍ਹਦੇ:

*ਭੇਜਾਂ ਇਕੋ ਬਾਜ ਨੂੰ ਭੇਜਾਂ ਇਕੋ ਬਾਜ ਨੂੰ*

ਉਸਤਾਦ ਭਾਈ ਹਰਨਾਮ ਸਿੰਘ ਜੀ ਪੜ੍ਹਦੇ ਹਨ:

*ਚੜ੍ਹੇ ਦਲ ਸਾਜ ਮਹਾਰਾਜ ਗੁਰੂ ਗੋਬਿੰਦ ਸਿੰਘ*
*ਜ਼ਾਹਰ ਜੰਗ ਦਿਨ ਰੈਣ ਉਥਲ ਪਥਲਾ ਕਰਦੇ।*

ਸੰਤ ਅਤਰ ਸਿੰਘ ਦੀ ਹੂਕ ਪਿਘਲਾ ਦਿੰਦੀ:-

*ਲਗੀਆਂ ਵਾਲੇ ਜਾਣਦੇ ਬੇਦਰਦਾਂ ਨੂੰ ਕੀਹ।*

ਸ਼ਾਸਤਰੀ ਸੰਗੀਤ ਦੀਆਂ ਸੁਰਾਂ ਵਾਂਗ ਇਨ੍ਹਾਂ ਧਾਰਨਾਂ ਦੇ ਬੋਲ ਚਲਣ ਮਜ਼ਮੂਨ ਵੀ ਅਨਗਿਣਤ ਹਨ। ਹਰ ਸਮੇਂ ਵਾਸਤੇ ਹਰ ਰੰਗ ਵਾਸਤੇ ਗੁਰੂ ਰਾਮ ਸਿੰਘ ਨੂੰ ਵਾਪਸ ਆਉਣ ਦੇ ਹਾੜੇ ਤਾਂ ਬ੍ਰਿਹਾ ਵਿਯੋਗ ਦੀ ਸਿਖਰ ਹੋ ਨਿਬੜਦੇ।

*ਤਪ ਹੋ ਗਿਆ ਤਪੱਸੀਆ ਪੂਰਾ*
*ਮੁੜ ਆ ਪੰਜਾਬ ਦੇਸ ਨੂੰ।*

## ਅੱਜ ਦੇ ਸਮੇਂ ਵਿਚ

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵੇਲੇ ਦੇ ਨੌਜਵਾਨ ਜਥੇਦਾਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਸ਼ਕਤੀਸ਼ਾਲੀ ਪ੍ਰਚਾਰਕਾਂ ਦੇ ਰੂਪ ਵਿਚ ਸਾਹਮਣੇ ਆਏ। ਇਨ੍ਹਾਂ ਵਿਚੋਂ ਪ੍ਰਮੁਖ ਤਾਂ ਪੰਡਿਤ ਗੋਪਾਲ ਸਿੰਘ ਜੀ ਹਨ ਜਿਨ੍ਹਾਂ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਨੇ ਗਿਆਨ ਮਾਰਤੰਡ (ਗਿਆਨ ਦਾ ਸੂਰਜ) ਦੀ ਉਪਾਧੀ ਨਾਲ ਸਨਮਾਨਿਤ ਕੀਤਾ। ਪੰਡਿਤ ਜੀ ਪਾਸ ਗਿਆਨ ਅਤੇ ਵਿਦਿਆ ਦਾ ਅਖੁਟ ਭੰਡਾਰ ਹੈ। ਲੈਕਚਰ ਕਰਨ ਵਾਸਤੇ ਸ਼ੁਧ ਸ਼ਬਦਾਵਲੀ ਹੈ, ਮਰਦਾਵਾਂ ਸੁਨਹਿਰੀ ਕੰਠ ਤੇ ਜ਼ਬਾਨ ਤੇ ਸੁਰਸਤੀ ਹੈ। ਗੁਰੂ ਆਗਿਆ ਪਾਲਣ ਦੀ ਵਿਸ਼ੇਸ਼ਤਾ ਅਤੇ ਗੁਰੂ ਕਿਰਪਾ ਦੇ ਅਪਾਰ ਅਧਿਕਾਰੀ ਹਨ। ਲੰਮਾ ਕੱਦ, ਗੋਰਾ ਪ੍ਰਭਾਵਸ਼ਾਲੀ ਚਿਹਰਾ ਤੇ ਪੁਰਾਣੇ ਜਥੇਦਾਰਾਂ ਦੀਆਂ ਧਾਰਨਾਂ ਦਾ ਇਨ੍ਹਾਂ ਕੋਲ ਭੰਡਾਰ ਹੈ। ਪਰੰਪਰਾ ਅਤੇ ਆਧੁਨਕਤਾ ਦਾ ਸੁਮੇਲ। ਗੁਰਬਾਣੀ ਵੀ ਯਾਦ, ਪ੍ਰਸੰਗ ਵੀ, ਅਣਲਿਖੀਆਂ ਸਾਖੀਆਂ ਤੇ ਲਿਖਤੀ ਇਤਿਹਾਸ ਵੀ ਅਤੇ ਪੰਜਾਬੀ ਹਿੰਦੀ ਸੰਸਕ੍ਰਿਤ ਅੰਗ੍ਰੇਜ਼ੀ ਜ਼ਬਾਨਾਂ ਤੇ ਅਧਿਕਾਰ ਵੀ। ਸਮੇਂ ਦੀ ਪਾਬੰਦੀ ਅਤੇ ਸਮੇਂ ਅਨੁਸਾਰ ਮਜ਼ਮੂਨ ਇਨ੍ਹਾਂ ਦੀ ਵਿਸ਼ੇਸ਼ਤਾ ਹੈ। ਹਜ਼ਾਰਾਂ ਲੋਕਾਂ ਨੂੰ ਇਨ੍ਹਾਂ 'ਭਜਨ' ਦੇ ਕੇ ਸਤਿਗੁਰਾਂ ਦੇ ਚਰਨਾਂ ਨਾਲ ਜੋੜਿਆ ਹੈ। ਦੀਵਾਨ ਸਿਖਰ ਦੁਪਹਿਰੇ ਲਾਉਣ ਜਾਂ ਅੱਧੀ ਰਾਤ ਨੂੰ, ਸੰਗਤਾਂ ਹੁਮ ਹੁਮਾ ਕੇ ਪੁਜਦੀਆਂ ਹਨ। ਸਤਿਗੁਰੂ ਜਗਜੀਤ ਸਿੰਘ ਜੀ ਦੇ ਪਿਆਰੇ ਦੁਲਾਰੇ ਤੇ ਪ੍ਰਮੁਖ ਪ੍ਰਚਾਰਕ ਹਨ।

...

ਸਤਿਗੁਰੂ ਜਗਜੀਤ ਸਿੰਘ ਜੀ ਸਮੇਂ ਜਥੇਦਾਰਾਂ ਦੀ ਇਕ ਲੰਮੀ ਲੜੀ ਹੈ ਜੋ ਰਾਤ ਦਿਨ ਦੀਵਾਨ ਸਜਾਉਂਦੀ ਹੈ। ਹੋਲਿਆ ਮੇਲਿਆਂ ਤੇ ਸਾਰੀ ਰਾਤ ਦੀਵਾਨ ਲੱਗਦੇ ਹਨ ਅਤੇ ਅੰਮ੍ਰਿਤ ਵੇਲੇ ਆਸਾਂ ਦੀ ਵਾਰ ਦੇ ਜੱਥੇ ਆ ਕੇ ਇਨ੍ਹਾਂ ਦਾ ਸਥਾਨ ਲੈਂਦੇ ਹਨ।...

ਨਾਮਧਾਰੀ ਪੰਥ ਵਿਚ ਕਾਮਧੇਨ ਗਊਆਂ ਦੇ ਵਗ ਫਿਰਦੇ ਹਨ। ਪਿੰਡ ਪਿੰਡ ਸ਼ਹਿਰ ਸ਼ਹਿਰ ਵਧੀਆ ਕੀਰਤਨ ਕਰਨ ਵਾਲੇ ਜਥੇਦਾਰ ਹਨ। ...

ਇਕ ਹੋਰ ਪਰਚਾਰਕਾਂ ਦੀ ਟੋਲੀ ਹੈ ਕਵੀਸ਼ਰ ਜੱਥੇ। ਇਹ ਬਗੈਰ ਕਿਸੇ ਸਾਜ਼ ਦੇ ਕਵੀਸ਼ਰੀ ਨਾਲ ਪਰਸੰਗ ਸੁਣਾਉਂਦੇ ਹਨ।...

ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਸ੍ਰੀ ਭੈਣੀ ਸਾਹਿਬ ਦੇ ਬੱਚੇ ਵੀ ਪੁਰਾਤਨ ਜਥੇਦਾਰਾਂ ਦੀਆਂ ਸ਼ੈਲੀਆਂ ਵਿਚ ਦੀਵਾਨ ਲਾ ਕੇ ਇਨ੍ਹਾਂ ਕੀਰਤਨ ਢੰਗਾਂ ਨੂੰ ਸੁਰਜੀਤ ਰਖ ਰਹੇ ਹਨ। ਇਨ੍ਹਾਂ ਵਿਚ ਬਹੁਤ ਵਧੀਆ ਢੋਲਕ ਦੇ ਵਜੰਤਰੀ ਹਨ। ਹੋਲਿਆਂ ਮੇਲਿਆਂ ਤੇ ਇਨ੍ਹਾਂ ਦਾ ਦੀਵਾਨ ਵਿਸ਼ੇਸ਼ ਖਿੱਚ ਰਖਦਾ ਹੈ।

ਸਰਬ ਹਿੰਦ ਨਾਮਧਾਰੀ ਵਿਦਿਅਕ ਜੱਥਿਆਂ ਦੇ ਸਾਲਾਨਾ ਸਮਾਗਮਾਂ ਵਿਚ ਨੌਜਵਾਨ ਬੱਚਿਆਂ ਅਤੇ ਬੀਬੀਆਂ ਦੇ ਜਥਿਆਂ ਦੇ ਹੱਲੇ ਦੇ ਦੀਵਾਨ ਦੇ ਮੁਕਾਬਲੇ ਇਕ ਸਾਰਥਕ ਯਤਨ ਹੈ। ਜਿਸ ਨਾਲ ਇਹ ਕੀਰਤਨ ਕਰਨ ਦੀ ਪਰੰਪਰਾ ਜੀਵਤ ਰਹਿ ਸਕੀ ਹੈ ਅਤੇ ਅੱਗੇ ਵੀ ਵਧ ਰਹੀ ਹੈ।

ਲੋਕ ਗੀਤਾਂ ਵਿਚ ਕੂਕਿਆਂ ਦੇ ਘਰ ਦੀ ਨਿਸ਼ਾਨੀ ਮਿਥੀ ਗਈ ਹੈ, *"ਉਹ ਘਰ ਕੂਕਿਆਂ ਦਾ ਜਿਥੇ ਵਜਦੇ ਢੋਲਕੀ ਛੈਣੇ"*। ਘਰ ਘਰ ਪਿੰਡ ਪਿੰਡ ਵਿਚ ਇਹ ਢੋਲਕ ਛੈਣੇ ਵੱਜਦੇ ਰਹੇ ਹਨ।

ਨਾਮਧਾਰੀਆਂ ਦੇ ਢੋਲਕ ਛੈਣੇ ਭਗਤੀ ਦੀ ਪਰੰਪਰਾ ਨਾਲ ਜੁੜੇ ਹੋਣ ਦੇ ਬਾਵਜੂਦ ਵੀ ਵੱਖਰੀ ਪਛਾਣ ਰਖਦੇ ਹਨ।

ਸਤਿਗੁਰੂ ਰਾਮ ਸਿੰਘ ਜੀ ਨੇ ਇਸ ਢੋਲਕ ਵਿਚ ਉਹ ਰਸ ਭਰਿਆ ਹੈ ਜੋ ਸਭ ਨੂੰ ਮੁਗਧ ਕਰਦਾ ਹੈ। ਢੋਲਕ ਵਜਦੀ ਰਹੀ ਹੈ, ਵਜਦੀ ਰਹੇਗੀ।



Sri Satguru Jagjit Singh Ji Elibrary NamdhariElibrary@gmail com

# ਘੋੜਿਆਂ ਦਾ ਤਕੜਾ ਪ੍ਰੇਮੀ


## ਪ੍ਰੀਤਮ ਭੁੱਲਰ




ਜਦ ਕੋਈ ਕੂਕਿਆਂ ਦੀ ਗੱਲ ਕਰਦਾ ਹੈ ਤਾਂ ਮੇਰਾ ਧਿਆਨ ਮਹਾਰਾਜ ਪ੍ਰਤਾਪ ਸਿੰਘ ਵੱਲ ਜਾਂਦਾ ਹੈ ਜੋ ਕੂਕਿਆਂ ਦੇ ਮੌਜੂਦਾ ਸਤਿਗੁਰੂ ਜਗਜੀਤ ਸਿੰਘ ਦੇ ਪਿਤਾ ਸਨ। 1940ਵਿਆਂ ਵਿਚ ਮਹਾਰਾਜ ਪ੍ਰਤਾਪ ਸਿੰਘ ਦਾ ਲਾਹੌਰ ਰੇਸ ਕਲੱਬ ਵਿਚ ਘੋੜਿਆਂ ਪ੍ਰਤੀ ਉਨ੍ਹਾਂ ਦੇ ਸਦੀਵੀ ਪਿਆਰ ਕਰਕੇ ਬੜਾ ਆਦਰ ਸਤਿਕਾਰ ਸੀ। ਉਨ੍ਹਾਂ ਨਾਲ ਮੇਰੀਆਂ ਸੁਹਾਵਨੀਆਂ ਅਚਾਨਕ-ਮਿਲਣੀਆਂ, ਜਿਨ੍ਹਾਂ ਦੀ ਮੈਨੂੰ ਪੂਰੀ ਯਾਦ ਹੈ, ਅਕਸਰ ਘੁੜ-ਦੌੜਾਂ ਦੇ ਮੌਕੇ ਹੀ ਹੋਈਆਂ। ਜਦੋਂ ਵੀ ਬੰਦਾ ਉਨ੍ਹਾਂ ਨੂੰ ਮਿਲਦਾ, ਉਨ੍ਹਾਂ ਦਾ ਅਸ਼ੀਰਵਾਦ ਮਿਲਦਾ, ਜੋ ਅੱਖਾਂ ਵਿਚ ਇਕ ਨੂਰ ਅਤੇ ਚਿਹਰੇ ਉਤੇ ਸਪਸ਼ਟ ਪਛਾਣੀ ਜਾਂਦੀ ਮੁਸਕ੍ਰਾਹਟ ਨਾਲ ਉਹ ਹਰ ਇਕ ਤਾਈਂ ਪਹੁੰਚਾਦੇ।

1944-45 ਵਿਚ ਮੈਂ ਸਰਕਾਰੀ ਕਾਲਜ ਲਾਇਲਪੁਰ ਪੜ੍ਹਦਾ ਸੀ ਅਤੇ ਸਾਡੇ ਵੀ ਘੋੜੇ ਲਾਹੌਰ ਰੇਸਾਂ ਵਿਚ ਦੌੜਦੇ ਸਨ। ਘੋੜਿਆਂ ਲਈ ਅਤੇ ਰੇਸਾਂ ਵਿਚ ਉਨ੍ਹਾਂ ਨੂੰ ਦੁੜਾਉਣ ਲਈ ਮੇਰੇ ਦਿਲ ਵਿਚ ਮੋਹ ਸੀ ਜਿਸ ਕਰਕੇ, ਰੇਸਾਂ ਦੇ ਸੀਜ਼ਨ ਵਿਚ ਯਾਨੀ ਨਵੰਬਰ ਤੋਂ ਮਾਰਚ ਤੱਕ ਮਹੀਨੇ ਵਿਚ ਕੋਈ ਦੋ ਵਾਰ ਲਾਹੌਰ ਰੇਸ ਕਲੱਬ ਮੈਂ ਅਕਸਰ ਜਾਂਦਾ ਰਹਿੰਦਾ। ਆਪਣੇ ਚਾਚੇ ਦੇ ਨਾਲ (ਉਹ ਵੀ ਘੋੜਿਆਂ ਦੇ ਪ੍ਰੇਮੀ ਸਨ) ਅਕਸਰ ਮੈਂ ਲਾਇਲਪੁਰੋਂ ਲਾਹੌਰ ਜਾਂਦਾ। ਉਹ ਮਹਾਰਾਜ ਪ੍ਰਤਾਪ ਸਿੰਘ ਦੀ ਉਮਰ ਦੇ ਨੇੜੇ ਹੋਣ ਕਰਕੇ ਮਿੱਤਰਾਂ ਵਾਂਗੂ ਹੀ ਉਨ੍ਹਾਂ ਦੇ ਨੇੜੇ ਸਨ।

ਭੈਣੀ ਸਾਹਿਬ ਦੇ ਮਹਾਰਾਜ, ਜਿਵੇਂ ਹਰ ਕੋਈ ਉਨ੍ਹਾਂ ਬਾਰੇ ਗੱਲ ਕਰਦਾ, ਦੇ ਹਰ ਸੀਜ਼ਨ ਲਾਹੌਰ ਕਈ ਘੋੜੇ ਦੌੜਾਂ ਵਿਚ ਹੁੰਦੇ। ਦੌੜਾਂ ਵਾਲੇ ਪਤਵੰਤੇ ਉਨ੍ਹਾਂ ਨੂੰ ਏਨਾ ਪਿਆਰ ਕਰਦੇ ਸਨ ਕਿ ਜਿਵੇਂ ਹੀ ਉਹ ਰੇਸ ਕੋਰਸ ਪੁਜਦੇ, ਲੋਕ ਭੱਜ ਕੇ ਉਨ੍ਹਾਂ ਨੂੰ ਮਿਲਣ ਜਾਂਦੇ ਅਤੇ ਹਾਲ-ਚਾਲ ਪੁਛਦੇ। ਉਹ ਘੋੜਿਆਂ ਨੂੰ ਆਪਣੇ ਬੱਚਿਆਂ ਵਾਂਗ ਸਮਝਦੇ ਸਨ। ਤਬੇਲਿਆਂ ਵਿਚ ਹਰ ਘੋੜੇ ਕੋਲ ਉਹ ਖਲੋਂਦੇ, ਤੇ ਉਸਦੀ ਸਿਹਤ, ਖੁਰਾਕ ਅਤੇ ਕਸਰਤ ਬਾਰੇ ਪੁਛਗਿਛ ਕਰਦੇ। ਇਥੋਂ ਤਕ ਕਿ ਘੋੜੇ ਵੀ ਸਪਸ਼ਟ ਹੀ ਉਨ੍ਹਾਂ ਨੂੰ ਵੇਖ ਖੁਸ਼ ਹੁੰਦੇ ਦਿਸਦੇ। ਉਨ੍ਹਾਂ ਦੇ ਕੁਝ ਘੋੜਿਆਂ ਦੇ ਨਾਂ ਅਜੇ ਵੀ ਮੈਨੂੰ ਚੇਤੇ ਹਨ ਜਿਵੇਂ ਡੀਮ, ਬ੍ਰੇਲ ਅਤੇ ਵਿਜੇ ਹਿੰਦ।

1947 ਵਿਚ ਦੇਸ਼ ਦੀ ਵੰਡ ਹੋਈ ਤਾਂ ਮੁਲਕ ਦਾ ਇਕ ਦੌੜਾਂ ਵਾਲਾ ਅਹਿਮ ਕੇਂਦਰ ਸਾਡੇ ਤੋਂ ਖੁੱਸ ਗਿਆ, ਦੂਜੇ ਦੋ ਸਨ ਬੰਬਈ ਅਤੇ ਕਲਕੱਤਾ। ਅਤੇ ਵੰਡ ਤੋਂ ਬਾਦ, ਘੋੜਿਆਂ ਦੇ ਹਿੰਦੂ ਸਿੱਖ ਮਾਲਕ ਜੋ ਭਾਰਤ ਆ ਗਏ, ਉਨ੍ਹਾਂ ਆਪਣੇ ਘੋੜੇ ਦਿੱਲੀ ਅਤੇ ਮੇਰਠ ਤਬਦੀਲ ਕਰ ਦਿੱਤੇ।

ਪਰ ਦਿੱਲੀ ਮੇਰਠ ਦਾ ਮਿਆਰ ਲਾਹੌਰ ਰੇਸਾਂ ਸਾਮ੍ਹਣੇ ਕੁਝ ਵੀ ਨਹੀਂ ਸੀ। ਲਾਹੌਰ ਰੇਸਾਂ ਨਾਲੋਂ ਇਥੇ ਇਨਾਮ ਦੀ ਰਕਮ ਵੀ ਅੱਧੀ ਹੀ ਸੀ।

ਪਰ ਵੇਰ ਚਾਰਾ ਵੀ ਹੋਰ ਕੋਈ ਨਹੀਂ ਸੀ ਅਤੇ ਦਿੱਲੀ ਘੋੜੇ ਲਿਆਉਣੇ ਹੀ ਪੈਣੇ ਸਨ। ਮੈਨੂੰ ਅਜੇ ਵੀ ਯਾਦ ਹੈ ਕਿ 1947 ਵਿਚ ਮਹਾਰਾਜ ਪ੍ਰਤਾਪ ਸਿੰਘ ਦਿੱਲੀ ਰੇਸ ਕਲੱਬ ਦੇ ਇਕ ਮੁਹਤਬਰ ਸਨ। ਦਿੱਲੀ ਦੌੜਨ ਵਾਲੇ ਉਨ੍ਹਾਂ ਦੇ ਕੁਝ ਘੋੜੇ ਸਨ ਪਾਰਾ, ਬਾਗ਼ਿਬ਼, ਮੋਤੀ ਅਤੇ ਫੁਲਝੜੀ। ਸਾਡੇ ਵੀ ਉਥੇ ਭੁੱਲਰ ਅਤੇ ਲਿਲੀ ਭੁੱਲਰ ਦੌੜਦੇ ਸਨ।

ਕੋਈ ਨਵੰਬਰ 1947 ਵਿਚ ਮੈਂ ਫ਼ੌਜ ਵਿਚ ਭਰਤੀ ਹੋ ਗਿਆ ਅਤੇ ਘੋੜਿਆਂ ਨਾਲ ਰਾਬਤਾ ਟੁੱਟ ਗਿਆ। ਮੁੜ ਕਦੇ ਮਹਾਰਾਜ ਪ੍ਰਤਾਪ ਸਿੰਘ ਨਾਲ ਮਿਲਣ ਦਾ ਸੁਭਾਗ ਨਾ ਹੋਇਆ। ਪਰ ਉਨ੍ਹਾਂ ਦੀ ਸ਼ਾਂਤ ਨਿਰਮਲਤਾ ਅਤੇ ਚੰਗੇ ਸੁਭਾਅ ਦੀਆਂ ਪਿਆਰੀਆਂ ਯਾਦਾਂ ਅਜੇ ਵੀ ਮੇਰੇ ਜ਼ਿਹਨ ਵਿਚ ਰਹਿੰਦੀਆਂ ਹਨ।

ਇਹ ਅਫ਼ਸੋਸ ਦੀ ਗੱਲ ਹੈ ਕਿ ਪੰਜਾਬ ਦੇ ਲੋਕਾਂ ਦੀ, ਵੰਡ ਬਾਅਦ, ਘੋੜਿਆਂ ਵਿਚ ਦਿਲਚਸਪੀ ਨਹੀਂ ਰਹੀ ਹੈ। ਇਕ ਸਮਾਂ ਸੀ ਜਦ ਲੋਕਾਂ ਨੂੰ ਪੰਜਾਬ ਵਿਚ ਘੋੜੇ ਰੱਖਣ ਵਿਚ ਬੜੀ ਦਿਲਚਸਪੀ ਸੀ ਕਿਉਂਕਿ ਸਰਕਾਰ ਘੋੜੇ ਪਾਲਣ ਵਾਲਿਆਂ ਨੂੰ ਉਤਸ਼ਾਹਿਤ ਕਰਦੀ ਸੀ। ਇਹੋ ਨਹੀਂ, ਅਕਸਰ ਸਾਰੇ ਜ਼ਿਲ੍ਹਾ ਅਫ਼ਸਰ, ਸਣੇ ਡਿਪਟੀ ਕਮਿਸ਼ਨਰ ਅਤੇ ਪੁਲਿਸ ਸੁਪਰਿਨਟੇਂਡੈਂਟ ਦੇ, ਜਦੋਂ ਇਲਾਕੇ ਦੇ ਦੌਰੇ ਉਤੇ ਜਾਂਦੇ ਸਨ ਤਾਂ ਘੋੜਿਆਂ ਉਤੇ ਜਾਂਦੇ ਸਨ। ਅੱਜ ਪਿੰਡ ਵਿਚ ਵੀ ਘੋੜਾ ਮੁਸ਼ਕਿਲ ਨਾਲ ਦਿਸਦਾ ਹੈ ਅਤੇ ਸਟੱਡ ਫ਼ਾਰਮ ਤਾਂ ਕੋਈ ਹੀ ਰਹਿ ਗਏ ਹਨ ਪੰਜਾਬ ਵਿਚ।

ਜਿਥੋਂ ਤੱਕ ਰੇਸ ਕੋਰਸਾਂ ਦੀ ਗੱਲ ਹੈ, ਦਿੱਲੀ ਦੇ ਉੱਤਰ ਵੱਲ ਤਾਂ ਇਕ ਵੀ ਨਹੀਂ ਹੈ ਸਾਡੇ ਕੋਲ। ਅਫ਼ਸੋਸ, ਮਨੁਖ ਨੇ ਹੌਲੀ ਹੌਲੀ ਘੋੜਿਆਂ ਦਾ ਚੰਗਾ ਸਾਥ ਗੁਆ ਲਿਆ ਹੈ, ਤੇ ਇਕ ਚੰਗੀ ਖੇਡ ਤੋਂ ਵੀ ਵਾਂਝਾ ਹੋ ਗਿਆ ਹੈ। ਤਾਂ ਹੀ ਤਾਂ ਮੁਲਕ ਭਰ ਵਿਚ ਪ੍ਰਦੂਸ਼ਣ ਏਨਾ ਵਧ ਗਿਆ ਹੈ ਕਿ ਹੱਦਾਂ ਟੱਪ ਗਿਆ ਹੈ, ਕਿਉਂਕਿ ਅਸੀਂ ਘੋੜਿਆਂ ਦੀ ਥਾਂ ਮੋਟਰ ਵਾਹਨ ਅਪਨਾ ਲਏ ਹਨ। ਕਿੰਨਾ ਚੰਗਾ ਹੁੰਦਾ ਜੇ ਮਹਾਰਾਜ ਪ੍ਰਤਾਪ ਸਿੰਘ ਵਰਗੇ ਘੋੜਿਆਂ ਦੇ ਆਸ਼ਕ ਕੁਝ ਅੱਜ ਵੀ ਹੁੰਦੇ ਜੋ ਲੋਕਾਂ ਦੀ ਘੋੜਿਆਂ ਵਿਚ ਦਿਲਚਸਪੀ ਨੂੰ ਹੱਲਾਸ਼ੇਰੀ ਦਿੰਦੇ।


*73, ਸੈਕਟਰ 2 ਚੰਡੀਗੜ੍ਹ*
*(ਲੇਖਕ ਸੇਵਾਮੁਕਤ ਕਰਨਲ ਹਨ।)*





Sri Satguru Jagjit Singh Ji Elibrary NamdhariElibrary@gmail com

## ਅੰਮ੍ਰਿਤ ਰੁਬਾਈਆਂ

### ਕੇਹਰ ਸਿੰਘ ਹਮਰਾਹੀ

ਤੂੰ ਸਾਗਰ ਮੈਂ ਸਿੱਪ ਅਨਘੜਿਆ
ਲੋਚਾਂ ਦਰਸਨ ਬੂੰਦਾਂ॥
ਜੇ ਬਖ਼ਸ਼ੇਂ ਤਾਂ ਨਿਰਮਲ ਹੋਵਾਂ,
ਸਵਾਂਤ ਬੂੰਦ ਲੈ ਮੂੰਦਾਂ॥
ਬਣ ਮੋਤੀ ਤੁਧ ਪਵਾਂ ਖਜਾਨੇ,
ਚੋਗ ਬਣਾ ਤੁਧ ਹੰਸਾ॥
ਸਿਮਰ ਸਿਮਰ ਤੇਰਾ ਹੋ ਜਾਵਾਂ,
ਮਨ ਮਾਲਾ ਵਿਚ ਗੁੰਦਾਂ॥

...

ਭਾਗੀ ਭਾਗ ਭਇਆ ਮਨ ਨਿਰਮਲ
ਕਵਲ ਨੈਣ ਘਰ ਆਇਆ॥
ਰੁਤ ਫਿਰੀ ਮਨ ਚਾਨਣ ਚਾਨਣ,
ਜਦ ਤੁਧ ਦਰਸਨ ਪਾਇਆ॥
ਹੈ ਕੋਈ ਸਾਨੀ ਇਸ ਜਗ ਉਸ ਦਾ,
ਜੋ ਤਪਦਾ ਮਨ ਠਾਰੇ॥
ਰਚਨ ਹਾਰ ਆਪੇ ਰਚ ਰਚਨਾ,
ਜੋਤ ਰੂਪ ਧਰ ਆਇਆ।

ਮਨ ਵਿਚੋਂ ਨਾ ਭੋਗੀਂ ਅੜਿਆ
ਫਿਰ ਨਹੀਓਂ ਉਠ ਹੋਣਾ॥
ਸਾਰੀ ਉਮਰਾ ਤੜਫ ਤੜਫ ਕੇ,
ਪੱਲੇ ਪੈ ਜਾਊ ਰੋਣਾ॥
ਨਾਲ ਸ਼ਰੀਕਾਂ ਆਢਾ ਲਗ ਜਾਊ,
ਇਹ ਨਹੀਂ ਸਾਡਾ ਯਾਰੇ॥
ਇਸ ਜੀਵਨ ਤੋਂ ਮੌਤ ਚੰਗੇਰੀ,
ਨਾਲ ਨਵ੍ਹਾਂ ਜੋ ਕੋਹਣਾ॥

...

ਨਾ ਕਸਵੱਟੀ ਪਰਖੀਂ ਯਾਰਾ,
ਇਹ ਔਖੀ ਸਹਿਜਾਣੀ॥
ਪਾਣੀ ਤੋਂ ਵੀ ਪਤਲਾ ਹੋ ਜਾਊਂ,
ਰਿੜਕੂ ਜਗਰ ਮਧਾਣੀ॥
ਜੇ ਪਰਖੇਂ ਤਾਂ ਹੱਥ ਦੇ ਰਖੀਂ,
ਲੱਕ ਨਾ ਲੈਣ ਪਰਾਏ॥
ਦੋ ਟਕਿਆਂ ਸੰਗ ਭਾਵੇਂ ਵੇਚੀਂ,
ਪਰ ਕੀਮਤ ਤੁੱਧ ਪਾਣੀ॥

**ਸ਼ਹਿਰਾਂ ਦੇ ਦਸਵੰਧ ਦੀ ਉਗਰਾਹੀ ਲਈ**

*ਹਰ ਮਹੀਨੇ ਸ਼ਹਿਰਾਂ ਵਿਚੋਂ ਦਸਵੰਧ ਇਕੱਠਾ ਕਰਕੇ ਸ੍ਰੀ ਭੈਣੀ ਸਾਹਿਬ ਪਹੁੰਚਾਉਣ ਦੀਆਂ ਡਿਊਟੀਆਂ ਲੱਗੀਆਂ ਹਨ। ਹਰਿਆਣੇ, ਪੰਜਾਬ, ਯੂ. ਪੀ, ਰਾਜਸਥਾਨ, ਮੱਧ ਪ੍ਰਦੇਸ਼, ਮਹਾਂਰਾਸ਼ਟਰ ਆਦਿ 22 ਖਿੱਤਿਆਂ ਵਿਚ ਵੰਡੇ ਮੁਲਕ ਤੋਂ ਦਸਵੰਧ ਉਗਰਾਹੁਣ ਦੀਆਂ ਡਿਊਟੀਆਂ ਲੱਗੀਆਂ ਹਨ।*

ਦਿਵਾਲੀ ਦੀਆਂ ਖੁਸ਼ੀਆਂ ਪਟਾਕੇ ਚਲਾਉਣ ਦੀ ਥਾਂ ਤੇ ਭਗਵਾਨ ਰਾਮ ਦਾ ਸਿਮਰਨ ਕਰ ਕੇ ਮਨਾਈਆਂ ਜਾਣ—

ਸ੍ਰੀ ਸਤਿਗੁਰੂ ਜੀ

ਮਲੇਰ ਕੋਟਲੇ ਦੇ ਨਾਮਧਾਰੀ ਸ਼ਹੀਦਾਂ ਬਾਰੇ ਇਕ ਅੰਗ੍ਰੇਜ਼ ਲਿਖਦਾ ਹੈ, "ਸਾਰਾ ਯੋਰਪ ਏਕ ਈਸਾ ਪਰ ਗਰਵ ਕਰਤਾ ਹੈ। ਮੈਨੇ ਆਜ ਕਈ ਈਸਾ ਬਲੀਦਾਨ ਹੋਤੇ ਦੇਖੇਂ ਹੈ।"

***ਸਤਿਗੁਰਾਂ ਦੀ ਨੂੰਹ***

(ਮੌਜੂਦਾ ਸਤਿਗੁਰੂ ਜੀ ਦੀ ਪਹਿਲੀ ਪਤਨੀ) ਮਾਤਾ ਰਾਜਿੰਦਰ ਕੌਰ ਜੀ ਦੇ ਚੜ੍ਹਾਈ ਕਰਨ ਮਗਰੋਂ ਵੱਡੇ ਬਾਬਾ ਜੀ ਲਈ ਕਈ ਹੋਰ ਰਿਸ਼ਤੇ ਆਏ। ਇਕ ਵਾਰ ਸ. ਅਰਜਨ ਸਿੰਘ ਬਾਗੜੀਆ ਨੇ ਆਪਣੀ ਧੀ ਦਾ ਰਿਸ਼ਤਾ ਬਾਬਾ ਜਗਜੀਤ ਸਿੰਘ ਨਾਲ ਕਰਨ ਦਾ ਆਪਣਾ ਵਿਚਾਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅੱਗੇ ਰੱਖਿਆ। ਸ੍ਰੀ ਸਤਿਗੁਰੂ ਜੀ ਨੇ ਨਿਮਰਤਾ ਸਹਿਤ ਬਚਨ ਕੀਤਾ, "ਮਹਾਰਾਜ, ਤੁਹਾਡਾ ਬਹੁਤ ਬਹੁਤ ਧੰਨਵਾਦ! ਤੁਹਾਡੀ ਧੀ ਮਹਿਲਾਂ ਵਿਚ ਪਲੀ ਹੋਈ ਹੈ। ਅਨੇਕਾਂ ਨੌਕਰ ਚਾਕਰ ਹਰ ਵਕਤ ਸੇਵਾ ਵਿਚ ਰਹਿੰਦੇ ਹਨ। ਮੇਰੀ ਇੱਛਾ ਹੈ ਕਿ ਮੇਰੀ ਨੂੰਹ ਅਜਿਹੀ ਆਵੇ ਜਿਸ ਦੇ ਹੱਥ ਅਰਕਾਂ ਤੀਕ ਸੁਆਹ ਨਾਲ ਲਿਬੜੇ ਰਹਿਣ ਤੇ ਉਹ ਸਾਧ ਸੰਗਤ ਦੇ ਭਾਂਡੇ ਮਾਂਜਣ ਵਾਲੀ, ਤੇ ਸੇਵਾ ਕਰਨ ਵਾਲੀ ਹੋਵੇ।"

***ਦੂਜਾ ਅਨੰਦ-ਕਾਰਜ***

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਰਜ਼ਾ ਅਨੁਸਾਰ ਵੱਡੇ ਬਾਬਾ ਜੀ ਦਾ ਦੂਜਾ ਅਨੰਦ ... ਪਿਤਾ ਸ. ਸਰਵਣ ਸਿੰਘ ਸਿੱਧੂ ਬਰਾੜ ਅਤੇ ਮਾਤਾ ਸਮਾਂ ਕੌਰ ਦੇ ਘਰ ਸੰਮਤ 1989 ਨੂੰ ਜਨਮੀ ਧੀ ਕਰਤਾਰ ਕੌਰ ਨਾਲ ਹੋਇਆ।... ਅਨੰਦ-ਕਾਰਜਾਂ ਉਪਰੰਤ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬੀਬੀ ਕਰਤਾਰ ਕੌਰ ਦਾ ਨਾਂ ਬਦਲ ਕੇ 'ਚੰਦ ਕੌਰ' ਰੱਖ ਦਿੱਤਾ।...

ਮਾਤਾ ਚੰਦ ਕੌਰ ਜੀ ਖ਼ੁਦ ਹੱਥੀਂ ਸੇਵਾ ਕਰਦੇ ਹਨ। ਡੰਗਰਾਂ ਵਾਲੀ ਥਾਂ ਆਪ ਗੋਹਾ ਚੁੱਕਣਾ, ਸਫ਼ਾਈ ਕਰਨੀ, ਦੁੱਧ ਚੋਣਾ, ਲੰਗਰ ਵਿਚ ਮਾਈਆਂ ਬੀਬੀਆਂ ਨੂੰ ਨਾਲ ਲਾ, ਦਾਲਾ ਚੁਗਣ ਭਾਜੇ ਕੱਟਣ ਦੀ ਸੇਵਾ ਕਰਨੀ, ਭਾਂਡੇ ਮਾਂਜਣੇ, ਹਰ ਤਰ੍ਹਾਂ ਨਾਲ ਸੇਵਾ ਦੇ ਖੇਤਰ ਵਿਚ ਰੁੱਝੇ ਰਹਿੰਦੇ ਹਨ।

**ਮਾਡਰਨ ਇੰਟਰਨੈਸ਼ਨਲ ਸਕੂਲ, ਬੈਂਕਾਕ**

*ਬੈਂਕਾਕ, ਥਾਈਲੈਂਡ ਦੀ ਰਾਜਧਾਨੀ ਹੈ। ਇਸ ਥਾਂ ਵੱਸਦੇ ਭਾਰਤੀਆਂ ਖਾਸ ਕਰ ਕੇ ਪੰਜਾਬੀਆਂ ਦੀ ਆਪਣੇ ਅਮੀਰ ਵਿਰਸੇ ਨਾਲ ਸਾਂਝ ਰੱਖਣ ਲਈ, ਇੰਟਰਨੈਸ਼ਨਲ ਪੱਧਰ ਉੱਤੇ ਉੱਤਮ ਸਿਖਿਆ ਪ੍ਰਾਪਤ ਕਰਨ ਲਈ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਬੈਂਕਾਕ ਵਿਚ ਮਾਡਰਨ ਇੰਟਰਨੈਸ਼ਨਲ ਸਕੂਲ ਦਾ ਉਦਘਾਟਨ ਕੀਤਾ। ਆਪਣੇ ਉਦਘਾਟਨੀ ਫ਼ਰਮਾਨ ਵਿਚ ਆਪ ਜੀ ਨੇ ਬਚਨ ਕੀਤਾ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਐਸਾ ਸਕੂਲ ਸਥਾਪਤ ਕਰਨ ਦੀ ਬੜੀ ਰੀਝ ਸੀ। ਆਪਣੇ ਥਾਈਲੈਂਡ ਦੇ ਪਤਵੰਤੇ ਸਜਣਾਂ, ਸਭ ਨਾਮਧਾਰੀ ਸਿੱਖਾਂ ਖਾਸ ਕਰਕੇ ਨਾਮਧਾਰੀ ਨੌਜਵਾਨਾਂ ਦੀ ਪ੍ਰਸੰਸਾ ਕੀਤੀ, ਜਿਨ੍ਹਾਂ ਇਸ ਸਕੂਲ ਨੂੰ ਚਲਾਉਣ ਦਾ ਬੀੜਾ ਉਠਾਇਆ ਹੈ।*

*ਸ੍ਰੀ ਸਤਿਗੁਰੂ ਜੀ 1959 ਵਿਚ ਗੱਦੀ ਨਸ਼ੀਨ ਹੋਣ ਪਿਛੋਂ ਇਸ ਦੇਸ਼ ਦੇ 109 ਤੋਂ ਵੱਧ ਦੌਰੇ ਕਰ ਚੁੱਕੇ ਹਨ। ਆਪ ਨੇ ਮਹਿਸੂਸ ਕੀਤਾ ਕਿ ਇਥੋਂ ਦੀ ਭਾਰਤੀ ਕੌਮ ਆਪਣੀ ਭਾਸ਼ਾ ਤੇ ਸਭਿਆਚਾਰ ਤੋਂ ਦੂਰ ਜਾ ਰਹੀ ਹੈ। ਹੋਰ ਤਾਂ ਹੋਰ ਨਾਮਧਾਰੀ ਪਨੀਰੀ ਵਿਚ ਵੀ ਬਹੁਤ ਵੱਡਾ ਹਿੱਸਾ ਕੇਵਲ ਥਾਈ ਬੋਲੀ ਬੋਲਦਾ ਹੈ। ਉਸਨੂੰ ਪੰਜਾਬੀ ਬੋਲਣੀ ਹੀ ਨਹੀਂ ਆਉਂਦੀ, ਪੰਜਾਬੀ ਪੜ੍ਹਨੀ ਤਾਂ ਹੋਰ ਦੂਰ ਦੀ ਗੱਲ। ਪੰਜਾਬੀ ਆਉਣ ਬਿਨਾ ਸਤਿਗੁਰੂ ਦੀ ਬਾਣੀ, ਸਤਿਗੁਰੂ ਦੇ ਉਪਦੇਸ਼, ਗੁਰੂ-ਇਤਿਹਾਸ ਆਦਿ ਨਾ ਪੜ੍ਹ ਸਕੀਦਾ ਹੈ ਨਾ ਸਮਝ ਸਕੀਦਾ ਹੈ ਤੇ ਨਾ ਉਸ ਉੱਤੇ ਗੌਰਵ ਕੀਤਾ ਜਾ ਸਕਦਾ ਹੈ। ਗੰਭੀਰ ਚਿੰਤਨ ਬਾਦ ਆਪ ਨੇ ਇਸ ਦਾ ਹੱਲ ਐਸਾ ਸਕੂਲ ਹੀ ਉਚਿਤ ਸਮਝਿਆ ਜਿਥੇ ਪੰਜਾਬੀ ਤੇ ਧਾਰਮਿਕ ਦੀ ਸਿਖਿਆ ਮੁੱਢ ਤੋਂ ਦਿੱਤੀ ਜਾ ਸਕੇ।*



Sri Satguru Jagjit Singh Ji Elibrary NamdhariElibrary@gmail.com

## ਕੁਝ ਹੋਰ ਗੱਲਾਂ ਅੱਜ ਦੀਆਂ

### ਇਕ ਰਿਕਾਰਡ?

● ਜਸਵਿੰਦਰ ਸਿੰਘ

ਜਿਨ੍ਹਾਂ ਨਾਮ ਸਿਮਰਨ ਸਤਿਗੁਰੂ ਜੀ ਆਪ ਕਰਦੇ ਅਤੇ ਸਾਧ ਸੰਗਤ ਪਾਸੋਂ ਕਰਵਾਉਂਦੇ ਹਨ, ਸ਼ਾਇਦ ਹੀ ਧਰਤੀ ਤੇ ਕਿਸੇ ਨੇ ਕੀਤਾ ਕਰਵਾਇਆ ਹੋਵੇ। ਸਤਿਗੁਰੂ ਦਾ ਤਾਂ ਕੰਮ ਹੀ ਲੋਕਾਈ ਪਾਸੋਂ ਨਾਮ ਜਪਾਉਣਾ ਹੁੰਦਾ ਹੈ, ਪਰ ਬੇਅੰਤ ਪਾਤਸ਼ਾਹ ਸਤਿਗੁਰੂ ਜਗਜੀਤ ਸਿੰਘ ਜੀ ਤਾਂ ਹੱਦ ਤੋਂ ਵੀ ਪਾਰ ਲੰਘ ਗਏ ਹੋਏ ਹਨ। ਆਪ ਜੀ ਜਦੋਂ ਸ੍ਰੀ ਭੈਣੀ ਸਾਹਿਬ ਹੋਣ ਤਾਂ ਰਾਤ ਬਾਰ੍ਹਾਂ ਵਜੇ ਹੀ ਇਸ਼ਨਾਨ ਕਰ ਸਿਮਰਨ ਕਰਨ ਲਈ ਆ ਬੈਠਦੇ ਹਨ ਅਤੇ ਫੇਰ ਸਿੱਖ ਸੇਵਕ ਵੀ ਆ ਜੁੜਦੇ ਹਨ। ਬਾਹਰ ਦੌਰਿਆਂ ਤੇ ਵੀ ਕਦੀ ਅੱਧੀ ਰਾਤ 12 ਵਜੇ, ਕਦੀ 2 ਵਜੇ, ਸਤਿਗੁਰੂ ਜੀ ਆਪ ਸਿਮਰਨ ਕਰਨ ਲਈ ਬੈਠ ਜਾਂਦੇ ਹਨ ਅਤੇ ਲੋਕਾਈ ਨੂੰ ਵੀ ਇਸ ਪਾਸੇ ਲਗਾਉਂਦੇ ਹਨ। ਸ੍ਰੀ ਭੈਣੀ ਸਾਹਿਬ ਜਾ ਕੇ ਦੇਖੋ, ਇਹ ਨਗਰ ਇਕ ਤਰ੍ਹਾਂ ਨਾਲ ਸਾਰੀ ਰਾਤ ਹੀ ਜਾਗਦਾ ਹੈ। ਰਾਤ 12 ਵਜੇ ਤੋਂ ਕਿਤੇ ਸਿਮਰਨ ਸੰਗਤਾਂ ਕਰ ਰਹੀਆਂ ਹੁੰਦੀਆਂ ਹਨ, ਕਿਤੇ ਬੱਚੇ ਇਸ਼ਨਾਨ ਕਰ ਤਿਆਰ ਹੋ ਛੇਂ ਵਜੇ ਸੰਗੀਤ ਸਿੱਖਿਆ ਲਈ ਨਾਮਧਾਰੀ ਕਲਾ ਕੇਂਦਰ ਪਹੁੰਚ ਜਾਂਦੇ ਹਨ। ਇਸੇ ਤਰ੍ਹਾਂ ਦੁਪਹਿਰ ਨੂੰ ਨਿਤਨੇਮ ਜ਼ਰੂਰੀ ਹੁੰਦਾ ਹੈ। ਸਤਿਗੁਰੂ ਜੀ ਕਦੋਂ ਬਿਰਾਜਦੇ ਹਨ, ਕੋਈ ਪਤਾ ਨਹੀਂ ਲਗਦਾ। 'ਅਲਪ ਅਹਾਰ ਸੁਲਪ ਸੀ ਨਿਦ੍ਰਾ' ਵਾਲੀ ਗੱਲ ਦੇਖੀ ਜਾ ਸਕਦੀ ਹੈ। ਹੱਦ ਦੀ ਵੀ ਕੋਈ ਹੱਦ ਨਹੀਂ ਹੈ ਰਹਿਣ ਦਿੱਤੀ ਗਈ।

**ਲੜਕੀਆਂ ਨੂੰ ਮੱਲਾਂ ਮਾਰਨ ਲਈ ਉਤਸ਼ਾਹ**

ਕੈਪਟਨ ਕੰਵਲਜੀਤ ਕੌਰ, ਹਵਾਈ ਜਹਾਜ਼ ਚਲਾਉਣ ਵਾਲੀ ਨਾਮਧਾਰੀ ਸਮਾਜ ਵਿਚੋਂ ਹੀ ਨਹੀਂ ਸਗੋਂ ਸਾਰੇ ਰਾਮਗੜ੍ਹੀਆ ਸਮਾਜ ਵਿਚੋਂ ਵੀ ਪਹਿਲੀ ਇਸਤਰੀ ਹੈ। ਇਸ ਉਪਲੱਬਧੀ ਤੋਂ ਦਿੱਲੀ ਦੇ ਅਸ਼ੋਕ ਹੋਟਲ ਵਿਚ 12-13 ਫ਼ਰਵਰੀ 19995 ਨੂੰ ਹੋਈ ਦੂਸਰੀ ਅੰਤਰਰਾਸ਼ਟਰੀ ਰਾਮਗੜ੍ਹੀਆ ਕਾਨਫ੍ਰੰਸ ਵਿਚ ਇਸ ਬੀਬੀ ਨੂੰ ਵਿਸ਼ੇਸ਼ ਤੌਰ ਤੇ ਸਨਮਾਨਤ ਵੀ ਕੀਤਾ ਗਿਆ ਹੈ। ਗੌਤਮ ਨਗਰ, ਨਵੀਂ ਦਿੱਲੀ ਵਿਚ ਰਹਿਣ ਵਾਲੀ ਬੀਬੀ ਇੰਦਰਜੀਤ ਕੌਰ, ਰਾਸ਼ਟਰੀ ਪੱਧਰ ਦੀ ਹਾਕੀ ਖਿਡਾਰਨ ਰਹਿ ਚੁੱਕੀ ਹੈ। ਇਸ ਤਰ੍ਹਾਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਪ੍ਰੇਰਨਾ ਅਤੇ ਪਿਆਰ ਨਾਲ ਬੀਬੀਆਂ ਵਿਚ ਉਤਸ਼ਾਹ ਦੀ ਲਹਿਰ-ਦੌੜ ਪਈ ਹੈ। ਏਸੇ ਕਰਕੇ ਹੀ ਸ੍ਰੀ ਸਤਿਗੁਰੂ ਜੀ ਨੇ ਜਿੱਥੇ ਲੜਕਿਆਂ ਦੇ ਵਿਦਿਅਕ ਜਥੇ ਨੂੰ ਨਿੱਗਰ ਹੋਂਦ ਬਖਸ਼ੀ ਹੈ, ਉਥੇ 14 ਸਾਲ ਪਹਿਲਾਂ ਬੀਬੀਆਂ ਦੇ ਵਿਦਿਅਕ ਜਥੇ ਦੀ ਸਥਾਪਨਾ ਕਰਕੇ, ਬੀਬੀਆਂ ਨੂੰ ਰਚਨਾਤਮਕ ਪਲੇਟਫ਼ਾਰਮ ਪ੍ਰਦਾਨ ਕਰ ਦਿੱਤਾ ਹੈ। ਕਿਤੇ ਤੁਸੀਂ ਬੀਬੀਆਂ ਦੇ ਵਿਦਿਅਕ ਸੰਮੇਲਨਾਂ ਵਿਚ ਜਾ ਕੇ ਛੋਟੀਆਂ ਛੋਟੀਆਂ ਬੱਚੀਆਂ ਦਾ ਭਾਸ਼ਣ ਸੁਣੋ, ਹੈਰਾਨ ਹੋ ਜਾਵੋਗੇ ਉਨ੍ਹਾਂ ਦੀ ਮੇਹਨਤ ਅਤੇ ਹਿੰਮਤ 'ਤੇ। ਏਨਾ ਪ੍ਰਭਾਵਸ਼ਾਲੀ ਅਤੇ ਵਧੀਆ ਤਾਂ ਬਹੁਤ ਸਾਰੇ ਬੁਲਾਰੇ ਵੀ ਨਹੀਂ ਬੋਲ ਸਕਦੇ। ਇਹ ਸਭ ਵਰਤਮਾਨ ਸਤਿਗੁਰੂ ਜੀ ਦੀ ਹੀ ਕਿਰਪਾ ਹੈ ਜਿਨ੍ਹਾਂ ਨੇ ਬੀਬੀਆਂ ਨੂੰ ਵੀ ਕਿਸੇ ਵੀ ਖੇਤਰ ਵਿਚ ਪਿਛੇ ਨਹੀਂ ਰਹਿਣ ਦਿੱਤਾ ਅਤੇ ਇਨ੍ਹਾਂ ਨੂੰ ਹਰ ਤਰ੍ਹਾਂ ਨਾਲ ਹੌਸਲਾ ਅਤੇ ਰਹਿਨੁਮਾਈ ਬਖਸ਼ੀ ਹੈ। ਨਿਸੰਦੇਹ ਆਉਂਦੇ ਸਮੇਂ ਵਿਚ ਇਹ ਪ੍ਰਾਪਤੀਆਂ ਹੋਰ ਗੌਰਵਮਈ ਹੋਣਗੀਆਂ।

**ਪੱਛਮੀ ਅਸਰਾਂ ਨਾਲ ਸਿੱਝਣਾ**

ਪੱਛਮੀ ਸਭਿਅਤਾ ਅਤੇ ਟੈਲੀਵਿਜ਼ਨ ਕਲਚਰ ਹਰ ਸਮਾਜ 'ਤੇ ਬੁਰੀ ਤਰ੍ਹਾਂ ਪ੍ਰਭਾਵੀ ਹੋ ਰਿਹਾ ਹੈ। ਸਭ ਜਾਣਦੇ ਹਨ ਕਿ ਬੱਚੇ-ਬੱਚੀਆਂ 'ਤੇ ਸਭ ਤੋਂ ਪਹਿਲਾ ਅਤੇ ਸਭ ਤੋਂ ਜ਼ਿਆਦਾ ਪ੍ਰਭਾਵ ਮਾਤਾ ਦਾ ਪੈਂਦਾ ਹੈ। ਇਸ ਲਈ ਸ੍ਰੀ ਸਤਿਗੁਰੂ ਜੀ ਦੇ ਉਪਦੇਸ਼ਾਂ ਤੇ ਚਲਦਿਆਂ ਹੋਇਆ ਥਾਈਲੈਂਡ, ਇੰਗਲੈਂਡ, ਕੈਨੇਡਾ ਅਤੇ ਅਫ਼ਰੀਕੀ ਦੇਸ਼ਾਂ ਵਿਚ ਮਾਇਆ ਅਤੇ ਪਦਾਰਥਾਂ ਤੋਂ ਭਰਪੂਰ ਵਾਤਾਵਰਨ ਵਿਚ ਰਹਿੰਦਿਆਂ ਬੀਬੀਆਂ ਆਪ ਤੜਕੇ ਉਠਦੀਆਂ ਹਨ, ਸ-ਕੇਸੀ ਇਸ਼ਨਾਨ ਕਰਕੇ ਨਾਮ ਸਿਮਰਨ ਕਰਦੀਆਂ ਹਨ ਅਤੇ ਬੱਚਿਆਂ ਨੂੰ ਉਠਾ, ਇਸ਼ਨਾਨ ਕਰਵਾ ਨਾਮ-ਸਿਮਰਨ ਕਰਨ ਵੱਲ ਲਗਾਉਂਦੀਆਂ ਹਨ। ਅੱਜ ਦੇ ਯੁਗ ਵਿਚ ਹਰ ਤਰ੍ਹਾਂ ਦੇ ਦੁਨਿਆਵੀ ਸੁਖ ਮਾਣਦਿਆਂ ਇਓ ਕਰਨਾ ਬਹੁਤ ਕਠਿਨ ਹੈ ਪਰ ਫਿਰ ਵੀ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪ੍ਰੇਮ ਪ੍ਰੇਰਨਾ ਐਸੀ ਹੀ ਹੈ, ਸਵੈ-ਇੱਛਾ ਨਾਲ ਬੀਬੀਆਂ ਆਪ ਨਾਮ-ਸਿਮਰਨ ਕਰ, ਬਾਣੀ ਪੜ੍ਹਦੀਆਂ ਹਨ ਅਤੇ ਆਪਣੇ ਘਰ ਸਾਰਿਆਂ ਨੂੰ ਇਸ ਪਾਸੇ ਪ੍ਰੇਰਦੀਆਂ ਹਨ। ਥਾਈਲੈਂਡ ਅਤੇ ਇੰਗਲੈਂਡ ਵਿਚ ਇਸ ਤਰ੍ਹਾਂ ਦੇ ਵਾਤਾਵਰਨ ਮੈਂ ਆਪ ਦੇਖੇ ਹਨ। ਸ੍ਰੀ ਭੈਣੀ ਸਾਹਿਬ ਦੀਆਂ ਮਾਈਆਂ ਬੀਬੀਆਂ ਦੀ ਤਾਂ ਰੀਸ ਹੀ ਕੀ ਹੈ। ਸਵੇਰੇ 1 ਵਜੇ ਇਸ਼ਨਾਨ ਪਾਣੀ ਕਰਨ ਉਪਰੰਤ, ਛੋਟੇ ਛੋਟੇ ਬੱਚਿਆਂ ਸਹਿਤ ਇਕ ਥਾਂ ਇਕੱਠੇ ਬੈਠ ਕੇ ਸਿਮਰਨ ਕਰਦੀਆਂ ਹਨ। ਜਿਸਦੇ ਹੀ ਹੈਰਾਨੀ ਹੁੰਦੀ ਹੈ ਨਾ?

**ਪਹਿਲੀ ਵਾਰ ਇੰਗਲੈਂਡ**

ਅਗਸਤ 1967 ਵਿਚ ਜਦੋਂ ਸਤਿਗੁਰੂ ਜਗਜੀਤ ਸਿੰਘ ਜੀ ਪਹਿਲੀ ਵਾਰ ਇੰਗਲੈਂਡ ਦੀ ਯਾਤਰਾ ਤੇ ਗਏ ਸਨ, ਇਨ੍ਹਾਂ ਨੂੰ ਉਚੇਚਾ ਸਤਿਕਾਰ ਦਿੱਤਾ ਗਿਆ ਸੀ। ਨਾਲ ਕਾਰਪੇਟ ਵਿਛਾਇਆ ਗਿਆ ਸੀ ਅਤੇ ਹਵਾਈ ਜਹਾਜ਼ ਨਾਲ ਲੱਗੀ ਪੌੜੀ ਦੇ ਆਖਰੀ ਪਾਏਦਾਨ ਤੋਂ ਸਿੱਧੇ ਕਾਰ ਵਿਚ ਬਿਠਾਲ ਕੇ ਸੇਵਕ ਲੈ ਗਏ ਸਨ। ਕਿਸੇ ਤਰ੍ਹਾਂ ਦੀ ਕੋਈ ਸੁਰੱਖਿਆ ਜਾਂਚ ਵੀ ਨਹੀਂ ਕੀਤੀ ਗਈ। ਹੋਰ ਤੇ ਹੋਰ ਹਵਾਈ ਜਹਾਜ਼ ਦੇ ਹੀਥਰੋ ਹਵਾਈ ਅੱਡੇ ਤੇ ਪਹੁੰਚਣ ਤੋਂ ਪਹਿਲਾਂ ਹੀ ਹਵਾਈ ਜਹਾਜ਼ ਦੇ ਕਪਤਾਨ ਨੇ ਇਕ ਐਲਾਨ ਮਾਈਕ ਤੇ ਕੀਤਾ ਸੀ ਕਿ:-

"ਇਸ ਜਹਾਜ਼ ਵਿਚ ਇੱਕ ਮਹਾਨ ਅਤੇ ਪਵਿਤ੍ਰ ਹਸਤੀ ਯਾਤਰਾ ਕਰ ਰਹੀ ਹੈ, ਹਿਜ਼ ਹੋਲੀਨੇਸ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਮਹਾਰਾਜ ਬੀਰ ਸਿੰਘ ਅਤੇ ਉਨ੍ਹਾਂ ਦੇ ਸਾਥੀ। ਹੀਥਰੋ ਹਵਾਈ ਅੱਡੇ 'ਤੇ ਵੱਡੀ ਗਿਣਤੀ ਵਿਚ ਸਿੱਖ ਇਨ੍ਹਾਂ ਦਾ ਸੁਆਗਤ ਸਤਿਕਾਰ ਕਰਨ ਲਈ ਪਹੁੰਚੇ ਹੋਏ ਹਨ। ਇਨ੍ਹਾਂ ਨੂੰ ਵੀ. ਆਈ. ਪੀ. ਦਾ ਸਤਿਕਾਰ ਦਿੱਤਾ ਜਾ ਰਿਹਾ ਹੈ। ਜਹਾਜ਼ ਦੇ ਯਾਤਰੂਆਂ ਨੂੰ ਬੇਨਤੀ ਹੈ ਕਿ ਹਵਾਈ ਅੱਡੇ ਤੋਂ ਪਹਿਲਾਂ ਇਸ ਮਹਾਨ ਅਤੇ ਪਵਿਤ੍ਰ ਹਸਤੀ ਨੂੰ ਅਤੇ ਇਨ੍ਹਾਂ ਦੇ ਸਾਥੀਆਂ ਨੂੰ ਉਤਰ ਲੈਣ ਦੇਣ, ਅਤੇ ਫੇਰ ਸਾਰੇ ਯਾਤਰੂ ਉਤਰਨ।"



Sri Satguru Jagjit Singh Ji Elibrary NamdhariElibrary@gmail.com

**ਸ਼੍ਰੋਮਣੀ ਅਕਾਲੀ ਦਲ ਦੇ ਕੇ. ਐਸ. ਬਰਾੜ ਨੇ ਕਿਹਾ**

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਉਪਦੇਸ਼ਾਂ ਨੂੰ ਇਨੀ ਸਫ਼ਲਤਾ ਨਾਲ ਸੰਸਾਰ ਅਗੇ ਪੇਸ਼ ਕੀਤਾ, ਉਸ ਵੱਲੋਂ ਪ੍ਰਭਾਵਿਤ ਹੋ ਕੇ ਇੰਗਲੈਂਡ ਵਿਚ ਰਹਿੰਦੇ ਸ਼ਰੋਮਣੀ ਅਕਾਲੀ ਦੱਲ ਦੇ ਸ੍ਰੀ ਕੇ. ਐਸ. ਬਰਾੜ ਨੇ ਦੇਸ-ਪਰਦੇਸ ਰਸਾਲੇ ਵਿਚ 14 ਜੁਲਾਈ 1974 ਦੇ ਆਪਣੇ ਇਕ ਲੇਖ "ਕੁਝ ਨਾਮਧਾਰੀਆਂ ਤੋਂ ਸਿੱਖੋ" ਵਿਚ ਲਿਖਿਆ ਸੀ:-

"ਅੱਜ ਦੇ ਸਮੇਂ, ਜਦੋਂ ਕਿ ਕੁਝ ਕੁ ਰਾਜਸੀ ਪਾਰਟੀਆਂ, ਰਾਜ ਕੁਰਸੀ ਦੀ ਖ਼ਾਤਰ ਜਨਤਾ ਨੂੰ ਗੁਮਰਾਹ ਕਰ ਰਹੀਆਂ ਹਨ, ਬਦਅਮਨੀ ਫੈਲਾ ਰਹੀਆਂ ਹਨ ਅਤੇ ਧਰਮ ਦੀ ਅਯੋਗ ਵਰਤੋਂ ਕਰ ਰਹੀਆਂ ਹਨ, ਤਾਂ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਆਪਣੇ ਦ੍ਰਿੜ੍ਹ ਇਰਾਦੇ ਨਾਲ ਸਿੱਖ ਧਰਮ ਦਾ ਪ੍ਰਚਾਰ ਕਰ ਰਹੇ ਹਨ। ਇਨ੍ਹਾਂ ਦੀ ਕਿਰਪਾ ਨਾਲ ਨਾਮਧਾਰੀ ਸੰਪਰਦਾ ਬਹੁਤ ਉੱਚੇ ਆਚਰਨ ਵਾਲੇ ਲੋਕਾਂ ਦੀ ਜਥੇਬੰਦੀ ਬਣ ਗਈ ਹੈ, ਜਿਸ ਨੇ ਸਭ ਤੋਂ ਪਹਿਲਾਂ ਆਜ਼ਾਦੀ ਦੀ ਲੜਾਈ ਲੜੀ ਅਤੇ ਸਵਦੇਸ਼ੀ ਲਹਿਰ ਚਾਲੂ ਕੀਤੀ।

ਜੇ ਧਰਮ ਪੱਖੋਂ, ਇਤਿਹਾਸਕ ਗੁਰਦੁਆਰਿਆਂ ਉੱਤੇ ਨਿਗਾਹ ਮਾਰੀਏ ਜਾਂ ਸੰਤ ਸੰਪ੍ਰਦਾਵਾਂ ਨੂੰ ਤੱਕੀਏ ਤਾਂ ਉਥੋਂ ਦੀ ਹਾਲਤ ਵੇਖ ਕੇ ਮਨ ਬੜਾ ਦੁਖੀ ਹੁੰਦਾ ਹੈ... ਪਰ ਪਿਛਲੀ ਇਕ ਸਦੀ ਤੋਂ ਸੱਚੇ ਸਿੱਖ ਧਰਮ ਦੀ ਝਲਕ ਨਾਮਧਾਰੀ ਦਰਬਾਰਾਂ ਵਿਚ ਪੈਂਦੀ ਨਜ਼ਰ ਆ ਰਹੀ ਹੈ। ਸਾਰੇ ਸ਼ਰਧਾਲੂ ਨਾਮ ਦਾ ਅਭਿਆਸ ਕਰਦੇ ਹਨ ਤੇ ਸਰੀਰ ਨੂੰ ਨਰੋਆ ਰੱਖਦੇ ਹਨ। ਆਪਣੀ ਰੋਜ਼ੀ ਕਿਰਤ ਕਰਕੇ ਕਮਾਉਂਦੇ ਹਨ। ਕੋਈ ਕਿਰਸਾਨ ਹੈ ਤੇ ਕੋਈ ਮਜ਼ਦੂਰ ਜਾਂ ਛੋਟਾ ਦੁਕਾਨਦਾਰ ਹੈ। ਇਮਾਨਦਾਰੀ ਅਤੇ ਸੱਚਾਈ ਇਨ੍ਹਾਂ ਲੋਕਾਂ ਪਾਸ ਹੈ। ਨੇਕ ਕਮਾਈ ਤੇ ਭਜਨ ਬੰਦਗੀ ਇਨ੍ਹਾਂ ਦਾ ਜੀਵਨ ਹੈ। ਸਾਦਾ ਖਾਣਾ, ਸਾਦਾ ਪਹਿਨਣਾ ਅਤੇ ਸਾਦਾ ਵਿਵਾਹ ਕਰਨੇ, ਇਨ੍ਹਾਂ ਦਾ ਆਦਰਸ਼ ਹੈ। ਇਸ ਧਰਤੀ ਦੇ ਟੁਕੜੇ ਤੇ ਜੇ ਕੋਈ ਪੂਰਨ ਸਿੱਖ ਹਨ ਤਾਂ ਉਹ ਨਾਮਧਾਰੀ ਹੀ ਹਨ। ਬਾਕੀ ਸਾਰਿਆਂ ਸਿੱਖੀ ਦੇ ਲੇਬਲ ਤਾਂ ਜ਼ਰੂਰ ਲਾਏ ਹੁੰਦੇ ਹਨ ਪਰ ਅੰਦਰ ਉਹੀ ਵਸਤੂ ਹੈ ਜਿਹੜੀ ਪਹਿਲਾਂ ਸੀ।...

ਸਾਡੇ ਸਮਾਜਿਕ ਰਿਵਾਜ ਸਾਨੂੰ ਤਬਾਹ ਕਰ ਰਹੇ ਹਨ, ਖਾਸ ਕਰਕੇ ਵਿਆਹਾਂ ਦੇ ਖਰਚਾਂ ਨੇ ਤਾਂ ਅੱਧੀ ਦੁਨੀਆ ਤਬਾਹ ਕਰਕੇ ਰੱਖ ਦਿੱਤੀ ਹੈ ਅਤੇ ਧੀਆਂ ਵੱਲੋਂ ਫੇਰ ਵੀ ਸੁਖ ਦਾ ਸਾਹ ਨਹੀਂ ਆਉਂਦਾ।... ਸਮਾਜ ਦੇ ਇਸ ਕੋਹੜ ਨੂੰ ਜਿਸ ਢੰਗ ਅਤੇ ਸਮਝ ਨਾਲ ਨਾਮਧਾਰੀ ਸਤਿਗੁਰਾਂ ਨੇ ਖ਼ਤਮ ਕੀਤਾ ਹੈ ਇਸ ਦੀ ਮਿਸਾਲ ਦੁਨੀਆਂ ਭਰ ਵਿਚ ਕਿਤੇ ਹੋਰ ਨਹੀਂ ਮਿਲਦੀ। ਇਨ੍ਹਾਂ ਦੀ ਵਿਵਾਹ ਦੀ ਰਸਮ ਬੜੀ ਸਾਦਾ ਹੈ ਅਤੇ ਬੜੀ ਸੌਖੀ ਹੈ। ਖੁਸ਼ੀ ਦੀ ਗੱਲ ਇਹ ਹੈ ਕਿ ਇਨ੍ਹਾਂ ਵਿਵਾਹਾਂ ਦੀ ਸ਼ਾਨ ਵੱਡੇ ਵੱਡੇ ਸਮਾਗਮਾਂ ਨੂੰ ਮਾਤ ਪਾਉਂਦੀ ਹੈ। ਭਰੇ ਦਰਬਾਰ ਵਿਚ ਵਿਆਹੁਤਾ ਜੋੜੀਆਂ ਦਾਇਰੇ ਵਿਚ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਆ ਖੜ੍ਹੀਆਂ ਹੁੰਦੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵੀ ਪ੍ਰਕਾਸ਼ ਕੀਤਾ ਹੁੰਦਾ ਹੈ। ਸਾਰੇ ਜਾਂਞੀ ਘਰ ਦੇ ਅਤੇ ਮੇਲੀ ਇੱਕ ਪੱਧਰ ਉੱਤੇ ਬਿਰਾਜਮਾਨ ਹੁੰਦੇ ਹਨ। ਹਰ ਪਾਸੇ ਸ਼ਾਂਤਮਈ ਵਾਤਾਵਰਨ ਹੁੰਦਾ ਹੈ ਅਤੇ ਅਨੰਦਮਈ ਕੀਰਤਨ ਸੁਣਾਈ ਦਿੰਦਾ ਹੈ। ਇਕ ਪਾਸੇ ਸ਼ਬਦ ਦੀ ਮਧੁਰ ਧੁਨ ਸੁਣਾਈ ਦੇ ਰਹੀ ਹੁੰਦੀ ਹੈ ਤੇ ਦੂਜੇ ਪਾਸੇ ਨੌਜਵਾਨ ਯੁਵਕ ਤੇ ਯੁਵਤੀਆਂ ਬੇਦੀ ਦੀ ਪ੍ਰਕਰਮਾਂ ਕਰ ਰਹੇ ਹੁੰਦੇ ਹਨ। ਜਿੰਨੀ ਸ਼ਾਨ ਉਸ ਵਕਤ ਇਨ੍ਹਾਂ ਜੋੜੀਆਂ ਦੀ ਹੁੰਦੀ ਹੈ, ਉਹ ਵਰਨਨ ਕਰਨੀ ਬੜੀ ਕਠਨ ਹੈ। ਵਿਆਹੁਤ ਮੁੰਡਿਆਂ ਅਤੇ ਕੁੜੀਆਂ ਦੇ ਨਿਸੰਗ ਚੇਹਰੇ ਦਰਸ਼ਕਾਂ ਉਪਰ ਜਾਦੂ ਦਾ ਅਸਰ ਪਾ ਰਹੇ ਹੁੰਦੇ ਹਨ।

ਜਦੋਂ ਇਨ੍ਹਾਂ ਵੀਹਾਂ ਜਾਂ ਤੀਹਾਂ ਜੋੜੀਆਂ ਦਾ ਅਨੰਦ ਕਾਰਜ ਸਮਾਪਤ ਹੋ ਜਾਂਦਾ ਹੈ ਤਾਂ ਸਾਰੇ ਕੁੜੀ ਮੁੰਡੇ ਦੇ ਰਿਸ਼ਤੇਦਾਰ ਸਾਦਾ ਦਾਲ ਰੋਟੀ ਗੁਰੂ ਕੇ ਲੰਗਰ ਵਿੱਚੋਂ ਛਕਦੇ ਹਨ ਤੇ ਆਪੋ ਆਪਣੇ ਘਰੀਂ ਚਲੇ ਜਾਂਦੇ ਹਨ। ਨਾ ਕੋਈ ਲੈਣ ਅਤੇ ਨਾ ਕੋਈ ਦੇਣ ਕੀਤਾ ਜਾਂਦਾ ਹੈ। ਮਠਿਆਈ ਦਾ ਕੋਈ ਖ਼ਰਚ ਨਹੀਂ ਹੁੰਦਾ। ਜਾਂਞੀਆਂ ਦੀ ਕੋਈ ਆਓ ਭਗਤ ਨਹੀਂ ਕਰਨੀ ਪੈਂਦੀ। ਨਾ ਕੁੜੀ ਦੇ ਘਰ ਦਿਆਂ ਨੂੰ ਵਿਆਕੁਲ ਹੋਣਾ ਪੈਂਦਾ ਹੈ ਅਤੇ ਨਾ ਹੀ ਮੁੰਡੇ ਦੇ ਰਿਸ਼ਤੇਦਾਰ ਆਪਣੀ ਹੈਂਕੜ ਵਿਖਾਉਂਦੇ ਹਨ।

ਆਓ ਅੱਜ ਆਪਾਂ ਇੰਗਲੈਂਡ ਦੇ ਵਸਨੀਕ ਸਾਰੇ ਨਾਮਧਾਰੀ ਅਤੇ ਸਹਿਜਧਾਰੀ ਸਿੱਖ ਸਤਿਗੁਰਾਂ ਦੀ ਸ਼ਰਨ ਆਈਏ ਅਤੇ ਉਨ੍ਹਾਂ ਨੂੰ ਬੇਨਤੀ ਕਰੀਏ ਕਿ ਜਿਸ ਤਰ੍ਹਾਂ ਇਸ ਵਿਵਾਹਕ ਰਸਮ ਨੇ ਨਾਮਧਾਰੀਆਂ ਦੇ ਜੀਵਨ ਨੂੰ ਨਾ ਕੇਵਲ ਸੁਖੀ ਬਲਕਿ ਬੜਾ ਆਦਰਸ਼ਕ ਬਣਾ ਦਿੱਤਾ ਹੈ, ਇਸੇ ਤਰ੍ਹਾਂ ਹੀ ਸਾਰੇ ਭਾਰਤ ਵਾਸੀਆਂ ਦੇ ਜੀਵਨ ਨੂੰ ਸੁਖਾਲਾ ਤੇ ਚਿੰਤਾ ਰਹਿਤ ਬਨਾਉਣ ਲਈ ਇਹ ਵਿਵਾਹਕ ਰਸਮ ਦਾ ਪ੍ਰਯੋਗ ਪਿੰਡ ਪਿੰਡ ਅਤੇ ਸ਼ਹਿਰ ਸ਼ਹਿਰ ਵਿਚ ਕੀਤਾ ਜਾਵੇ ਤਾਂ ਅਸੀਂ ਏਥੇ ਬੈਠੇ ਹੀ ਆਪਣੇ ਭਾਰਤੀ ਭਾਈਆਂ ਦੀ ਸੇਵਾ ਕਰ ਸਕਦੇ ਹਾਂ...।

ਅੱਜ ਦਾ ਸਮਾਂ ਮੰਗ ਕਰਦਾ ਹੈ ਕਿ ਨਾਮਧਾਰੀ ਤੇ ਸਹਿਜਧਾਰੀ ਸਤਿਗੁਰੂ ਜੀ ਦੀ ਸ਼ਰਨ ਵਿਚ ਆ ਕੇ ਇੱਕ ਪਲੇਟਫ਼ਾਰਮ ਉੱਤੇ ਬਿਰਾਜਮਾਨ ਹੋਣ ਅਤੇ ਸਮਾਜਿਕ ਭੈੜੀਆਂ ਰਸਮਾਂ ਦੇ ਕੋਹੜ ਨੂੰ ਖ਼ਤਮ ਕਰਨ ਲਈ ਨੌਜਵਾਨਾਂ ਵਿਚ ਬੇਕਾਰੀ ਲਾਹਨਤ ਹਟਾਉਣ ਲਈ ਅਤੇ ਸ਼ਾਂਤ ਸਵਰਗ ਧਰਤੀ ਤੇ ਉਤਾਰਨ ਲਈ ਤਨ, ਮਨ ਤੇ ਧਨ ਦੀ ਸੇਵਾ ਕਰਕੇ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਜਾਣ।"

**ਨਵੀਂ ਪਰੰਪਰਾ**

ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮ ਸਿਮਰਨ ਬਾਰੇ ਇੱਕ ਨਵੀਂ ਪ੍ਰੰਪਰਾ ਕਾਇਮ ਕੀਤੀ ਹੈ, ਕਿ ਹਰ ਨਾਮਧਾਰੀ ਨੇਮ ਨਾਲ ਸਾਲ ਦੇ 365 ਘੰਟੇ ਨਾਮ ਸਿਮਰਨ ਦੇ ਖਾਤੇ ਵਿੱਚ ਜਮ੍ਹਾ ਕਰੇ। ਇਸ ਤੋਂ ਵੱਖ 4 ਘੰਟੇ ਨਾਮ ਸਿਮਰਨ ਕਾਰ ਵਿਹਾਰ ਕਰਦਿਆਂ ਪੂਰਾ ਕਰਨਾ ਲੋੜੀਂਦਾ ਹੈ। ਇਸ ਸ਼ੁਭ ਕੰਮ ਵਾਸਤੇ ਆਪ ਜੀ ਨੇ ਬੱਚਿਆਂ ਨੂੰ ਵੀ ਛੋਟ ਨਹੀਂ ਦਿੱਤੀ। ਆਪ ਦਾ ਹੁਕਮ ਹੈ ਕਿ ਬੱਚੇ ਦੇ ਜਨਮ ਤੋਂ ਲੈ ਕੇ ਇੱਕ ਘੰਟਾ ਨਾਮ ਸਿਮਰਨ ਬੱਚੇ ਵਾਸਤੇ ਉਸ ਦੇ ਮਾਤਾ ਪਿਤਾ ਕਰਨ ਤੇ ਜਦ ਬੱਚਾ ਹੋਸ਼ ਸੰਭਾਲ ਲਵੇ ਤਾਂ ਉਸ ਬੱਚੇ ਦੀ ਜ਼ੁੰਮੇਵਾਰੀ ਉਸ ਨੂੰ ਸੌਂਪ ਦੇਣ ਤਾਂ ਕਿ ਉਸਦੇ ਖਾਤੇ ਵਿੱਚ ਕਮੀ ਨ ਰਹੇ। ਹਜ਼ੂਰ ਦਾ ਇਹ ਵੀ ਉਪਦੇਸ਼ ਹੈ ਕਿ ਬੱਚਿਆਂ ਦੀ ਮਾਤਾ ਉਨ੍ਹਾਂ ਨੂੰ ਸਵੇਰੇ ਸਾਰ ਸੂਰਜ ਚੜ੍ਹਨ ਤੋਂ ਪਹਿਲਾਂ ਇਸ਼ਨਾਨ ਕਰਾਉਣ ਤੇ 15 ਮਿੰਟ-10 ਮਿੰਟ ਤੱਕ ਸਾਹਮਣੇ ਬਿਠਾ ਨਾਮ ਸਿਮਰਨ ਤੇ ਲਗਾਵੇ। ਜਿਸ ਦਾ ਫਲ ਇਹ ਹੋਇਆ ਹੈ ਕਿ ਹਲ ਵਾਹੁਣ ਵਾਲਾ, ਤੱਕੜੀ ਤੋਲਣ ਵਾਲਾ, ਮਸ਼ੀਨ ਤੇ ਬੈਠਾ ਮਸ਼ੀਨ ਮੈਨ, ਦਫ਼ਤਰ ਦਾ ਕਲਰਕ ਜਾਂ ਬਾਸ ਤੁਹਾਨੂੰ ਨਾਮ ਸਿਮਰਨ ਕਰਦਾ ਮਿਲੇਗਾ।



Sri Satguru Jagjit Singh Ji Elibrary NamdhariElibrary@gmail.com

# ਇਹ ਅੰਕ
# ਤੇ ਸਤਿਗੁਰੂ ਦੀ ਭੈਣੀ

• ਪੂਨਮ ਸਿੰਘ

ਇਕੋ ਜਿਹੇ ਚਿੱਟੇ ਪਹਿਰਾਵੇ ਵਾਲੇ, ਇਕੋ ਜਿਹੇ ਸੁਚੇਤ ਅਨੁਸ਼ਾਸਨਬੱਧ ਲੋਕਾਂ ਨੂੰ ਵੇਖਣਾ ਤੇ ਉਨ੍ਹਾਂ ਦੀ ਤਾਬ ਝੱਲਣੀ ਹੀ ਕੋਈ ਸੌਖੀ ਨਹੀਂ ਹੁੰਦੀ। ਫੇਰ ਜੇ ਤੁਸੀਂ ਪ੍ਰੀਤਮ ਸਿੰਘ ਕਵੀ ਵਰਗੇ ਇਕ ਇਹੋ ਜਿਹੇ ਬਜ਼ੁਰਗ ਨੂੰ ਵੇਖਿਆ ਵੀ ਹੋਵੇ ਜੋ ਨਿਰਮਾਣਤਾ, ਚੜ੍ਹਦੀਕਲਾ, ਸੰਵੇਦਨਸ਼ੀਲਤਾ ਚੇਤੰਨ ਮੁਸਕ੍ਰਾਂਦੇ ਅਤੇ ਜਵਾਨਾਂ ਜਿਹੇ ਹੀ ਤੁਹਾਨੂੰ 90 ਵਰ੍ਹਿਆਂ ਦੇ ਨੇੜੇ ਤੇੜੇ ਵੀ ਲੱਭੇ ਹੋਣ ਤਾਂ ਇਹ ਤਾਬ ਝੱਲਣੀ ਹੋਰ ਵੀ ਔਖੀ ਹੋ ਜਾਂਦੀ ਹੈ। ਪ੍ਰੀਤਮ ਸਿੰਘ ਕਵੀ ਜਿਨ੍ਹਾਂ ਨਾਲ ਪਹਿਲੀ 'ਮੁਲਾਕਾਤ' ਜਗ ਬਾਣੀ ਵਿਚ ਛਪੇ ਉਨ੍ਹਾਂ ਦੇ ਬਜ਼ੁਰਗਾਂ ਦੇ ਰਹਿਣ-ਸਹਿਣ ਸੰਬੰਧੀ ਸੁਭਾਵਾਂ ਬਾਰੇ ਇਕ ਲੇਖ ਤੋਂ ਹੋਈ, ਜਿਸ ਨੂੰ ਪੜ੍ਹ ਕੇ ਮੈਂ ਉਨ੍ਹਾਂ ਨੂੰ ਪਹਿਲਾ ਖ਼ਤ ਪਾਇਆ ਸੀ, ਤੇ ਇੰਝ ਚਿੱਠੀ-ਪੱਤਰ ਕਦੇ ਕਦਾਈਂ ਹੋਣ ਦੇ ਸਿਲਸਿਲੇ ਤੋਂ ਬਾਦ ਉਹ ਘਰ ਵੀ ਆਏ ਅਤੇ ਆਪਣੇ ਪਰਿਵਾਰ ਦੇ ਕੁਝ ਜੀਅ ਵੀ ਮਿਲਾਏ ਜੋ ਬਾਬੇ ਦੀ ਇਸ 'ਧੀ' ਨੂੰ ਮਿਲਣਾ ਚਾਹੁੰਦੇ ਸਨ। ਉਨ੍ਹਾਂ ਨੂੰ ਮਿਲਣ ਤੋਂ ਪਹਿਲਾਂ ਉਨ੍ਹਾਂ ਦੇ ਖ਼ਤਾਂ ਕਰਕੇ ਹੀ ਮੈਂ ਦੋ-ਇਕ ਔਖੀਆਂ ਘੜੀਆਂ ਉਨ੍ਹਾਂ ਦੇ ਹੌਸਲੇ ਨੂੰ ਯਾਦ ਕਰਦਿਆਂ ਕੱਟੀਆਂ ਸਨ ਤਾਂ ਉਨ੍ਹਾਂ ਨੂੰ ਚਿੱਠੀ ਲਿਖੀ ਸੀ ਇਸ ਬਾਰੇ। ਸੋਚਦੀ ਹਾਂ, ਉਨ੍ਹਾਂ ਆਪਣੇ ਧਰਮ ਦੇ ਪ੍ਰਚਾਰ ਲਈ ਕਦੇ ਇਕ ਲਫ਼ਜ਼ ਵੀ ਨਹੀਂ ਕਿਹਾ। ਕਦੇ ਕਿਸੇ ਚੀਜ਼ ਵਲੋਂ ਸੰਕੇਤ ਨਹੀਂ ਕੀਤਾ। ਕਦੇ ਪ੍ਰੇਰਿਆ ਵੀ ਨਹੀਂ, ਬਸ ਤਾਰੀਫ਼ ਹੀ ਕੀਤੀ ਜੋ ਕੀਤੀ। ਉਹ ਤਾਰੀਫ਼ ਕਮਾਉਣੀ ਸਾਨੂੰ ਅਹਿਮ ਲੱਗਣ ਲੱਗੀ।

ਉਨ੍ਹਾਂ ਕਦੇ ਆਪਣੇ ਧਰਮ ਜਾਂ ਨਿੱਤ ਨੇਮ ਆਦਿ ਬਾਰੇ ਕੋਈ ਗੱਲ ਨਾ ਕੀਤੀ ਪਰ ਅੱਜ ਜਦ ਉਹ ਕੁਝ ਚੁਪ ਹਨ ਤਾਂ ਸਾਲ ਛੇ ਮਹੀਨੇ ਬਾਦ ਖਿਆਲ ਜ਼ਰੂਰ ਆ ਜਾਂਦਾ ਹੈ ਕਿ ਉਨ੍ਹਾਂ ਦੀ ਤਾਕਤ, ਉਨ੍ਹਾਂ ਦੀ ਜਿਸਮਾਨੀ ਤਾਕਤ ਵੀ, ਸਿਰਫ ਉਨ੍ਹਾਂ ਕਰਕੇ ਹੀ ਨਹੀਂ ਸੀ, ਉਨ੍ਹਾਂ ਦੇ ਵਿਸ਼ਵਾਸ, ਉਨ੍ਹਾਂ ਦੇ ਨਿਤਨੇਮ ਕਰਕੇ ਸੀ। ਉਨ੍ਹਾਂ ਦੇ ਮੰਨੇ 'ਸਤਿਗੁਰੂ' ਕਰਕੇ ਸੀ। ਅਤੇ ਸਤਿਸੰਗ ਯਾਨੀ ਖਾਸ ਗੁਣ ਧਿਆਉਣ ਵਾਲੀ ਸੰਗਤ, ਕਰਕੇ ਸੀ।

ਭੈਣੀ ਸਾਹਿਬ ਕੋਲੋਂ ਲੰਘਿਆਂ ਧਿਆਨ ਜਾਂਦਾ ਸੀ—ਕਿ ਇਥੇ ਕੁਝ ਲੋਕ ਰਹਿੰਦੇ ਹਨ ਜੋ ਸਖਤ ਅਨੁਸ਼ਾਸਨ ਨੂੰ ਮੰਨਦੇ ਹਨ, ਨਿਮਰ ਹਨ, ਸ਼ਾਕਾਹਾਰ ਹਨ। ਕਿਸੇ ਨੂੰ ਦੁਖ ਨਹੀਂ ਦਿੰਦੇ। ਸ਼ਾਇਦ ਹਿਰਨਾਂ ਦੀ ਜਾਤ ਵਰਗੀ ਕਿਸੇ ਕੋਮਲਤਾ ਦੀ ਖਿੱਚ?

ਭੈਣੀ ਸਾਹਿਬ ਦੇ ਸਤਿਗੁਰੂ ਕੋਈ ਰਹਿਮਤ ਦਾ ਸਮੁੰਦਰ ਸਨ ਜੋ ਨਾਸਤਿਕਾਂ ਨੂੰ ਵੀ 'ਦੇਂਦੇ' ਸਨ। ਵੇਖਣ ਵਿਚ ਤਾਂ ਇਹੋ ਆਉਂਦਾ ਹੈ ਕਿ 'ਆਸਤਿਕਾਂ' ਦਾ ਹੰਕਾਰ ਪੱਥਰ ਵਰਗੀ ਕੋਈ ਸ਼ੈਅ ਹੁੰਦੀ ਹੈ ਜੋ ਮਜਨੂੰਆਂ ਦੇ ਵੱਜਣੀ ਹੁੰਦੀ ਹੈ। ਇਹ ਰਹਿਮਤਾਂ ਕਿਹੀਆਂ?

ਨਾਮਧਾਰੀਆਂ (ਕੂਕਿਆਂ) ਦੇ ਸਿਆਸੀ ਯੋਗਦਾਨ ਬਾਰੇ ਤਾਂ ਇਸ ਅੰਕ ਦੀ ਤਿਆਰੀ ਦੌਰਾਨ ਹੀ ਸਮਝ ਆਈ ਹੈ। ਕਿਸ ਕਾਰਨ ਸਾਨੂੰ ਪਹਿਲਾਂ ਕੁਝ ਪਤਾ ਨਹੀਂ ਸੀ, ਇਹ ਸੁਆਲਾਂ ਦਾ ਸੁਆਲ ਹੈ।

ਇਥੋਂ ਸ਼ੁਰੂ ਹੁੰਦਾ ਹੈ ਇਕ ਸਿਲਸਿਲਾ—ਇਕ ਨਾਵਾਕਫ਼ੀ ਨੂੰ ਵਾਕਫ਼ੀ ਬਣਾਉਣ ਦਾ। ਰਹਿਮਤਾਂ ਦੇ ਇਕ ਸਮੁੰਦਰ ਨੂੰ ਫੋਲਣ ਦਾ। ਪ੍ਰੀਤਮ ਸਿੰਘ ਕਵੀ ਦੀ ਤਾਕਤ ਅਤੇ ਠਰ੍ਹੰਮੇ ਅਤੇ ਨਿਮਰਤਾ ਦੇ ਰਾਜ਼ ਨੂੰ ਜਾਨਣ ਦਾ। ਉਸ ਪ੍ਰਕਾਸ਼ ਨੂੰ ਫੋਲਣ ਦੇ ਅਚੰਭੇ ਦਾ ਜੋ ਉਸ ਜਿਹੇ ਦਾ ਇਸ਼ਟ ਹੈ। ਇਕ ਅਜਿਹੀ ਧਾਰਮਕਤਾ ਨੂੰ ਘੋਖਣ ਦਾ ਜੋ ਖੱਬੀਆਂ ਧਿਰਾਂ ਦਿਆਂ ਕਈ ਮੰਚਾਂ ਤੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਵੇਖੀ ਹੈ।

ਅਤਿਵਾਦ ਦੇ ਦੌਰ ਵਿਚ ਜਦ ਅੱਗਾਂ ਵਰ੍ਹ ਰਹੀਆਂ ਸਨ ਤੇ ਅੱਗਾਂ ਵਰਗੇ ਵਿਚਾਰ ਤੇ ਵਿਹਾਰ ਕੋਹ ਰਹੇ ਸਨ, ਤਾਂ ਹੋਰ ਕਈ ਸੰਪਰਦਾਵਾਂ ਵਾਂਗ ਨਾਮਧਾਰੀ ਵੀ "ਨਰਕਧਾਰੀਆਂ" ਦੇ ਗਲ ਪੈਣ ਦੀ ਥਾਂ, ਇਕ ਮਿਠਾਸ ਜਿਊਂਦੀ ਰੱਖ ਰਹੇ ਸਨ, ਉਸੇ ਤਰ੍ਹਾਂ ਜਿਵੇਂ ਉਹ ਸ਼ਬਦ ਅਤੇ ਅਗਨੀ ਦੋਹਾਂ ਨੂੰ ਪਾਲਦੇ ਹਨ, ਆਪਣੀ ਮਰਯਾਦਾ ਦੀ ਸ਼ੁੱਧਤਾ ਕਾਇਮ ਰਖਦੇ ਹਨ। ਅਤਿਵਾਦ ਉਤੇ ਅਖੀਰਲੀਆਂ ਜਿੱਤਾਂ ਪਾਉਣ ਸਮੇਂ ਸਰਕਾਰ ਨੇ ਇਨ੍ਹਾਂ ਸੰਪਰਦਾਵਾਂ ਦੇ ਮੁਖੀਆਂ ਦੀ ਛਾਪ ਵੀ ਆਪਣੇ ਅਮਲਾਂ ਉਤੇ ਲੁਆਈ ਸੀ ਸ਼ਾਇਦ।

ਖ਼ੈਰ, "ਪ੍ਰੀਤਲੜੀ" ਦਾ ਇਹ ਮਾਰਚ ਦਾ ਅੰਕ ਕੱਢਣਾ ਤੈਅ ਹੋਇਆ ਤਾਂ ਸਤਿਗੁਰਾਂ ਨਾਲ ਇਕ ਮਿਲਣੀ ਵੀ ਤੈਅ ਕੀਤੀ।

•

ਬੱਚਿਆਂ ਦੀਆਂ ਛੁੱਟੀਆਂ ਵਿਚ, ਬਹੁਤ ਹੀ ਬਹੁਤ ਸਰਦੀ ਵਿਚ ਅਸੀਂ ਭੈਣੀ ਸਾਹਿਬ ਵੱਲ ਚੱਲੇ। ਅੰਤਾਂ ਦੀ ਧੁੰਦ ਸੀ ਰਾਹ ਵਿਚ। ਪਿਛਲੀ ਰਾਤ ਨੀਂਦ ਉੱਖੜ ਉੱਖੜ ਜਾ ਰਹੀ ਸੀ ਮੇਰੀ ਅਤੇ ਇਕ 'ਸਤਿਗੁਰੂ' ਨੂੰ ਮਿਲਣ ਵੇਖਣ ਦੀ ਘੜੀ ਨੇੜੇ ਹੋਣ ਦੀ ਖੁਸ਼ੀ ਸੀ। "ਨਿਰਾ ਨੂਰ ਤੁਸੀਂ ਹਥ ਨਾ ਆਵੇ ਸਾਡੀ ਕੰਬਦੀ ਰਹੀ ਕਲਾਈ" ਨਿਰਾ ਨੂਰ, ਸਾਮ੍ਹਣੇ, ਪ੍ਰਤੱਖ? ਜਿੰਨਾ ਕੁ ਨੂਰ ਇਨਸਾਨਾਂ ਨੂੰ ਦਿਸ ਸਕਦਾ ਹੈ, ਉਹ ਸਾਮ੍ਹਣੇ।—

ਭੈਣੀ ਸਾਹਿਬ ਕਿਸੇ ਪੁਰਾਣੇ ਆਸ਼ਰਮ ਵਰਗਾ ਹੈ। ਮਿਲਣ-ਕਮਰੇ ਦੀ ਸਾਦਗੀ ਨੇ ਟੁੰਬਿਆ। ਚੰਗੀ ਲੱਗੀ—ਆਡੰਬਰ ਰਹਿਤਤਾ। ਭੁੰਜੇ ਦਰੀ ਉਤੇ ਬੈਠ ਉਡੀਕ ਕਰਨਾ ਜ਼ਰੂਰ ਕੁਝ ਅਜੀਬ ਲੱਗਾ। 'ਸਤਿਗੁਰੂ' ਦੀਆਂ ਦੋ ਰੰਗੀਨ ਤਸਵੀਰਾਂ ਲੱਗੀਆਂ ਮੁਸਕ੍ਰਾ ਰਹੀਆਂ ਸਨ। ਇਕ ਧਿਆਨ ਖਿਚਵੀਂ ਮੁਸਕ੍ਰਾਹਟ—ਬੇਸ਼ਕ ਉਦਾਸੀਆਂ ਦੀ ਥਾਹ ਪਾ ਚੁੱਕੇ ਇਨਸਾਨ ਦੀ। ਅੱਖਾਂ ਵੀ ਆਮ ਲੋਕਾਂ ਤੋਂ ਕੁਝ ਵਖਰੀਆਂ। ਬਣਤਰ ਵਜੋਂ ਵੀ ਤੇ ਡੂੰਘਾਈ ਪਖੋਂ ਵੀ। ਮਗਰੋਂ ਭੈਣੀ ਸਾਹਿਬ ਫਿਰਦਿਆਂ ਵੇਖਦਿਆਂ ਇਹੋ ਅੱਖਾਂ ਸਤਿਗੁਰੂ ਦੇ ਮਾਤਾ ਜੀ ਦੀ ਤਸਵੀਰ ਵਿਚ ਵੇਖੀਆਂ।

ਲੱਕੜੀ ਉਤੇ ਕਾੜ੍ਹੇ ਦੁੱਧ ਦਾ ਸੁਆਦ ਲਿਆ।

ਛੇਤੀ ਹੀ ਸਤਿਗੁਰੂ ਮਿਲਣ-ਕਮਰੇ ਵਿਚ ਪਧਾਰੇ। ਸਰਦੀ ਕਰਕੇ ਕੁਝ



Sri Satguru Jagjit Singh Ji Elibrary NamdhariElibrary@gmail.com

ਕਾਹਲੀ ਨਾਲ, ਸਾਦੇ ਵਿਛੌਣੇ ਵਾਲੀ ਮੰਜੀ ਤੇ ਬਹਿ ਗਏ। ਨਜ਼ਰ ਵਿਚ ਨਿਰਮਾਣ ਨੀਵਾਂਪਣ ਸੀ ਅਤੇ ਮੁਸਕ੍ਰਾਹਟ ਵਿਚ ਵੀ। "ਨੇੜੇ ਆ ਜਾਓ, ਦਰੀ ਨੇੜੇ ਖਿੱਚ ਲਓ। "ਏਨੀ ਠੰਡ ਵਿਚ ਕਿਸ ਤਰ੍ਹਾਂ ਆਉਣਾ ਹੋਇਆ?" ਅੰਕ ਬਾਰੇ ਜਾਣ ਕੇ ਮੁਸਕ੍ਰਾਏ। ਮੈਂ ਕੁਝ ਇਹੋ ਜਿਹਾ ਕਿਹਾ—"ਧਰਮ ਨੂੰ ਜੋ ਕਰਨਾ ਚਾਹੀਦੈ, ਮਾਰਗ-ਦਰਸ਼ਨ, ਉਹ ਕਰਦਾ ਨਹੀਂ ਹੈ, ਧਰਮ ਵੀ ਸਿਆਸੀ ਹੋ ਗਿਆ ਹੈ।" ਉਨ੍ਹਾਂ ਨੂੰ ਮੇਰੀ ਸ਼ਬਦਾਵਲੀ ਜਾਂ ਕੋਈ ਹੋਰ ਗੱਲ ਸ਼ਾਇਦ ਸਮਝ ਨਹੀਂ ਆਈ ਇਕ ਦਮ, ਤੇ ਉਨ੍ਹਾਂ ਆਪਣੇ ਸਕੱਤਰ "ਸੇਵਕ" ਵੱਲ ਨਿਮਰ ਜਿਹੀਆਂ ਸੁਆਲੀਆ ਨਿਗਾਹਾਂ ਘੁਮਾਈਆਂ। ਉਸ ਕਿਹਾ ਜ਼ਰਾ ਉੱਚੀ, "ਧਰਮ ਦੇ ਕਮਰਸ਼ਲ ਹੋਣ ਬਾਰੇ" ਤੇ ਉਹ ਜ਼ਰਾ ਵੱਧ ਮੁਸਕਰਾ ਪਏ। ਬੱਸ। ਉਨ੍ਹਾਂ ਆਪਣੇ ਸਕੱਤਰ ਨੂੰ ਉਚੇਚਾ ਕਿਹਾ ਕਿ ਇਨ੍ਹਾਂ ਨੂੰ "ਨਾਮਧਾਰੀ ਸੀਡਜ਼" ਬਾਰੇ ਜਾਣਕਾਰੀ ਵਾਲੀ ਕਿਤਾਬਚੀ ਵੀ ਦੇਣੀ ਅਤੇ ਹੋਰ ਕਿਤਾਬਾਂ ਵੀ। ਧਾਰਮਕ ਆਗੂ ਦੇ ਮੂੰਹੋਂ ਬੀਜਾਂ ਦੀਆਂ ਕਿਸਮਾਂ ਬਾਰੇ ਜ਼ਿਕਰ ਅਤੇ ਇਸ ਕੰਮ ਪਖੋਂ ਮਿਨਾ ਮਿਨਾ ਡਖਰ ਵੇਖ ਕੇ ਕੁਝ ਹੈਰਾਨੀ ਤੇ ਖੁਸ਼ੀ ਹੋਈ।

ਬਾਹਰ ਆ "ਸੇਵਕ" ਨੇ ਦੱਸਿਆ ਕਿਵੇਂ ਮੋਰ ਉਨ੍ਹਾਂ ਦੇ ਹਥੋਂ ਚੂਰਕੀ ਖਾ ਲੈਂਦੇ ਹਨ ਅਤੇ ਕਿਵੇਂ ਉਹ ਬਿਰਧ ਆਸ਼ਰਮ ਵੱਲ ਰੋਜ਼ ਜਾ ਕੇ ਨਿਜੀ ਧਿਆਨ ਦੇਂਦੇ ਹਨ ਤੇ ਬਾਹਰੋਂ ਭੈਣੀ ਆਉਣ ਤਾਂ ਪਹਿਲਾਂ ਉਥੇ ਜਾਂਦੇ ਹਨ। ਉਸ ਦੱਸਿਆ ਕਿ ਅੰਮ੍ਰਿਤ ਵੇਲੇ ਦਾ ਕੀਰਤਨ ਦੇਖਣ ਵਾਲਾ ਹੁੰਦਾ ਹੈ ਜਿਥੇ ਸਤਿਗੁਰੂ ਆਪ ਹੁੰਦੇ ਹਨ। ਇਹ ਵੀ ਕਿਸੇ ਦੱਸਿਆ ਕਿ ਇਕ ਮੌਕ ਉਤੇ ਅਕਾਲੀਆਂ ਦਾ ਇਕ ਮੰਤਰੀ ਸਤਿਗੁਰਾਂ ਦੇ ਨੇੜੇ ਬੈਠਾ ਕੁਝ ਖਿੱਚਿਆ ਜਿਹਾ ਤੇ ਪਾਸਾ ਵੱਟੀ ਬੈਠਾ ਸੀ ਕਿ ਸਤਿਗੁਰਾਂ ਨੇ ਉਸ ਵੱਲ ਝੁਕ ਕੇ ਪਤਾ ਨਹੀਂ ਕੀ ਸੁਹਾਵਨਾ ਕਿਹਾ ਕਿ ਉਹ ਮੰਤ੍ਰੀ ਰਹਿ ਨਾ ਸਕਿਆ ਤੇ ਕਈ ਕਈ ਵਾਰ ਨਿਵ ਕੇ ਹੁੰਗਾਰਾ ਭਰਨ ਲੱਗਾ।

ਉਸ ਦਿਨ ਉਹ "ਕੇਂਦਰੀ ਚਿਹਰਾ" ਮੁੜ ਨਹੀਂ ਦਿਸਿਆ। ਮੁੜ ਫੇਰੀ ਆਉਣ ਦਾ ਇਕਰਾਰ ਕਰ ਅਸੀਂ ਕੇਰੀ ਆ ਗਏ।

●

ਅਗਲੀ ਵਾਰ ਗਏ ਲੋਹੜੀ ਦੇ ਬਾਦ, ਜਦ ਦਿਨ ਬਕਰੇ ਜਿੱਡੀ ਛਾਲ ਮਾਰ ਵੀ ਲੈਂਦਾ ਹੈ।

ਇਕ ਨੌਜਵਾਨ, ਸੂਬਾ ਸਰਬਜੀਤ ਸਿੰਘ (ਗਵਾਲੀਅਰ) ਸਬੱਬੀ ਆਏ ਹੋਏ ਸਨ। ਉਨ੍ਹਾਂ ਸਾਨੂੰ ਵਿਖਾਉਣ ਫਿਰਾਉਣ ਦੀ ਜ਼ਿੰਮੇਵਾਰੀ ਸਾਂਭ ਲਈ। ਇਹ ਗਵਾਲੀਅਰ ਇਲਾਕੇ ਲਈ ਸਤਿਗੁਰਾਂ ਦੇ ਨੁਮਾਇੰਦੇ ਹਨ। ਗੰਭੀਰ ਅਤੇ ਸੰਵੇਦਨਸ਼ੀਲ ਹਨ। ਜਿੰਨੇ ਘੰਟੇ ਰਹੇ ਸਾਥ ਵਿਚ ਇਕ ਵੀ ਹਲਕਾ ਜਾਂ ਕੌੜਾ ਸ਼ਬਦ ਅਸੀਂ ਉਨ੍ਹਾਂ ਦੇ ਮੂੰਹੋਂ ਨਹੀਂ ਸੁਣਿਆ। ਉਨ੍ਹਾਂ ਸਾਨੂੰ ਦੱਸਿਆ ਕਿ ਸਤਿਗੁਰੂ ਜੰਮੂ ਦੀ ਇਕ ਬੱਚੀ ਤੋਂ ਸ਼ਬਦ ਅਤੇ ਸ਼ਾਸਤ੍ਰੀ ਸੰਗੀਤ ਸੁਣ ਰਹੇ ਹਨ। ਸਾਨੂੰ ਪ੍ਰਸ਼ਾਦਾ ਛਕਾਉਣ ਉਹ ਲੰਗਰ ਵਾਲੀ ਥਾਂ ਲੈ ਗਏ। ਇਥੇ ਹੀ ਸਤਿਗੁਰੂ ਅਲਾਣੀ ਮੰਜੀ ਉਤੇ ਬਹਿ ਲੰਗਰ ਛਕਦੇ ਹਨ। ਸਤਿਗੁਰਾਂ ਦੇ "ਮਹਿਲ" ਮਾਤਾ ਚੰਦ ਕੌਰ ਜੀ ਦੇ ਦਰਸ਼ਨ ਹੋਏ। ਜਿਵੇਂ ਦੁੱਧ ਮੱਖਣ ਦੇ ਹੀ ਬਣੇ ਹੋਣ। ਨਿਰਭਾਵ। ਖ਼ੁਦ ਮਟਰ ਕੱਢ ਰਹੇ ਸੀ। ਕੋਮਲਤਾ ਨਾਲ ਉਨ੍ਹਾਂ ਸੂਬਾ ਜੀ ਨੂੰ ਪੁਛਿਆ, "ਲੰਗਰ ਛਕਣੈ?" ਤੇ ਹਾਂ ਹੋਣ ਤੇ ਪ੍ਰਬੰਧ ਕਰਾਉਣ ਤੁਰ ਪਏ। ਸਾਨੂੰ ਦੱਸਿਆ ਗਿਆ ਕਿ ਲੰਗਰ ਇਥੇ ਸਚਮੁਚ ਅਤੁੱਟ ਵਰਤਦਾ ਹੈ। ਇਸਦੇ ਸੰਚਾਲਕ ਮਾਤਾ ਜੀ ਹਨ। ਮਗਰੋਂ ਥੋੜ੍ਹੀ ਦੂਰ ਰਸੋਈ ਘਰ ਗਏ ਜਿਥੇ ਸੇਵਾਦਾਰ ਕੰਮੀਂ ਲੱਗੇ ਸਨ। ਇਕ ਸੇਵਾਦਾਰ ਦੇ ਪੁੱਤਰ ਪਰਦੇਸ ਵਿਚ ਪੜ੍ਹਨੇ ਭੇਜੇ ਗਏ ਹਨ। ਇਕ ਬਹੁਤ ਤੰਦਰੁਸਤ ਨੌਜਵਾਨ ਸੇਵਾਦਾਰ ਹੋਰ ਵੇਖਿਆ ਜਿਸ ਬਾਰੇ ਸਾਨੂੰ ਦੱਸਿਆ ਗਿਆ ਕਿ ਇਸ ਨੂੰ ਕੈਂਸਰ ਸੀ ਤੇ ਡਾਕਟਰਾਂ ਨੇ ਜੁਆਬ ਦੇ ਦਿੱਤਾ ਸੀ। ਉਸਦੀ ਮਾਤਾ ਲੈ ਆਈ ਤਾਂ ਸਤਿਗੁਰੂ ਨੇ ਕਿਹਾ, "ਮੈਂ ਤਾਂ ਜੁਆਬ ਨਹੀਂ ਦਿੱਤਾ ਨਾ?" ਅੱਜ ਇਹ ਕੁਦਰਤੀ ਇਲਾਜ ਕੇਂਦਰ ਭੈਣੀ ਸਾਹਿਬ ਦੇ ਇਲਾਜ ਤੋਂ ਬਾਦ ਪੂਰੀ ਤਰ੍ਹਾਂ ਤੰਦਰੁਸਤ ਹੋ ਗਿਆ ਹੈ। ਡਾਕਟਰ ਹੈਰਾਨ ਹਨ। ਉਥੇ ਹੀ ਅਸੀਂ ਸਤਿਗੁਰੂ ਰਾਮ ਸਿੰਘ ਦੀ ਹੱਥੀਂ ਬਣਾਈ ਲੋਹ ਵੀ ਦੇਖੀ ਜੋ ਅਜੇ ਵੀ ਵਰਤੀ ਜਾਂਦੀ ਹੈ।

ਸਾਨੂੰ ਇਕ ਅਧਖੜ ਔਰਤ ਲੰਗਰ ਪਰੋਸ ਗਈ। ਉਸਨੇ ਰੋਟੀਆਂ ਸਾਡੇ ਹੱਥ ਵਿਚ ਰੱਖੀਆਂ ਨਹੀਂ ਹੌਲੇ ਜਿਹੇ ਸੁੱਟੀਆਂ। ਸੁੱਚ ਦੇ ਆਦੀ ਸਮਾਜ ਦੇ ਅੰਗ ਹਾਂ, ਗੌਲਿਆ ਨਾ, ਪਰ ਸੂਬਾ ਸਰਬਜੀਤ ਸਿੰਘ ਨੇ ਕਿਹਾ ਕਿ ਅਸੀਂ ਬੁਰਾ ਤਾਂ ਨਹੀਂ ਮਨਾਇਆ, ਇਥੇ ਸੁੱਚ ਕਰਕੇ ਇਸ ਤਰ੍ਹਾਂ ਕੀਤਾ ਜਾਂਦਾ ਹੈ। ਬਹੁਤ ਹੀ ਬਹੁਤ ਨਿਰਮਲ ਸੁਆਦ ਵਾਲੀ ਖੁਰਾਕ ਅਸੀਂ ਖਾਧੀ। ਮੇਰੇ ਕੋਲ ਦਾਲ ਵਧਦੀ ਲਗਦੀ ਸੀ, ਅਸੀਂ ਦੋਏ ਜੀਆਂ ਰਲ ਕੇ ਮੁਕਾ ਦਿੱਤੀ। ਪਤਾ ਨਹੀਂ ਨਾਮਧਾਰੀ ਇਝ ਕਰਦੇ ਹਨ ਕਿ ਨਹੀਂ? ਪਰੋਸਣ ਵਾਲੀ ਬੀਬੀ ਬਾਰੇ ਉਨ੍ਹਾਂ ਦੇ ਸਾਮ੍ਹਣੇ ਸੂਬਾ ਜੀ ਨੇ ਦੱਸਿਆ ਕਿ ਉਹ ਭੋਪਾਲ ਦੇ ਹਨ, ਬੜਾ ਚੰਗਾ ਕੰਮ ਘਰਦਿਆਂ ਦਾ ਹੈ ਪਰ ਪਤਾ ਨਹੀਂ ਕੀ ਗੱਲ ਹੈ, ਇਥੇ ਹੁੰਦੇ ਹਨ ਤਾਂ ਚੰਗੇ ਭਲੇ ਤੇ ਘਰ ਜਾਂਦੇ ਹਨ ਤਾਂ ਪਤਾ ਨਹੀਂ ਕੀ ਹੋ ਜਾਂਦਾ ਹੈ। ਆਲਾ ਦੁਆਲਾ ਉਨ੍ਹਾਂ ਦੇ ਬਿਆਨ ਦੀ ਹਾਮੀ ਭਰ ਰਿਹਾ ਜਾਪਦਾ ਸੀ।

ਸੂਬਾ ਜੀ ਨੇ ਸਾਡੇ ਪੁੱਛਣ ਤੇ ਦਸਿਆ ਕਿ ਸਤਿਗੁਰੂ ਜੀ ਦੀ ਇਕ ਸਪੁਤਰੀ ਹੈ ਤੇ ਦੁਹਤਾ ਇਸੇ ਪਹਿਰਾਵੇ ਵਿਚ ਪਰਦੇਸ ਪੜ੍ਹਦਾ ਹੈ।

ਅਸੀਂ ਸੰਗੀਤ-ਘਰ ਵੇਖਣ ਵੱਲ ਹੋਏ। ਜੋ ਬੱਚੀ ਹੁਣੇ ਸ਼ਬਦ ਸੁਣਾ ਕੇ ਹਟੀ ਸੀ ਉਸ ਨੂੰ ਅਤੇ ਉਸਦੀ ਮਾਂ ਨੂੰ ਮਿਲੇ। ਉਹ ਪ੍ਰਤਿਲਜ਼ੀ ਤੋਂ ਵਾਕਿਫ਼ ਸਨ ਤੇ ਪਿਆਰ ਨਾਲ ਮਿਲੇ। ਇਹ ਹਾਲ ਕਮਰਾ ਸੀ। ਕਈ ਤਸਵੀਰਾਂ ਲੱਗੀਆਂ ਸਨ, ਜਿਨ੍ਹਾਂ ਵਿਚ ਮੁਸਲਮਾਨਾਂ ਦੀਆਂ ਵੀ ਸਨ। ਇਨ੍ਹਾਂ ਤੋਂ ਸਤਿਗੁਰਾਂ ਨੇ ਸੰਗੀਤ ਵਿਦਿਆ ਲਈ ਸੀ। ਹੋਰ ਨਾਮਵਰ ਉਸਤਾਦ ਉਨ੍ਹਾਂ ਦੇ ਪਿਆਰੇ ਅਤੇ ਪ੍ਰਸ਼ੰਸਕ ਸਨ। ਅਮਜਦ ਅਲੀ ਖਾਂ ਜੋ ਚੇਲਾ ਨਹੀਂ ਬਣਾਂਦੇ ਕਿਸੇ ਨੂੰ ਪਰ ਸਤਿਗੁਰੂ ਦੇ ਕਹਿਣ ਉਤੇ ਇਕ ਨਾਮਧਾਰੀ ਨੌਜਵਾਨ ਉਨ੍ਹਾਂ ਕੋਲੋਂ ਸਿੱਖ ਰਿਹਾ ਹੈ। ਵਿਲਾਇਤ ਖਾਂ, ਜੋ ਸਤਿਗੁਰੂ ਨੂੰ ਪੀਰ ਪੈਗੰਬਰ ਕਰ ਕੇ ਮੰਨਦੇ ਹਨ ਤੇ ਅਮਰੀਕਾ ਆਪਣੇ ਨਵੇਂ ਘਰ 'ਚ ਚਰਨ ਪੁਆਏ... ਦੋ ਤਾਨਪੂਰੇ ਵਿਲਾਇਤ ਖਾਂ ਹੁਰਾਂ ਦੇ ਦਿੱਤੇ ਹੋਏ। ਭੈਣੀ ਸਾਹਿਬ ਸਕੂਲ ਦੇ ਬੱਚੇ ਜਦੋਂ ਮਰਜ਼ੀ ਆ ਕੇ ਰਿਆਜ਼ ਕਰਦੇ ਹਨ... ਸ਼ਾਸਤ੍ਰੀ ਸੰਗੀਤ ਦੀਆਂ ਮਹਿਫ਼ਿਲਾਂ ਲਗਦੀਆਂ ਰਹਿੰਦੀਆਂ ਹਨ।

ਇਹ ਦੱਸਦਿਆਂ ਕਿ ਸਤਿਗੁਰੂ ਨੇ ਪੱਥਰ ਦੀ ਪਖਾਵਜ ਤੇ ਵਜਾਉਣਾ ਸਿਖਿਆ ਸੀ, ਤੇ ਇਕ ਦਿਨ ਪਰਦੇਸੋਂ ਗਵਾਲੀਅਰ ਉਨ੍ਹਾਂ ਨੂੰ ਸਤਿਗੁਰਾਂ ਦਾ ਫ਼ੋਨ ਆਇਆ ਕਿ ਫ਼ਲਾਂ ਘਰਾਣੇ ਕੋਲ ਪੱਥਰ



Sri Satguru Jagjit Singh Ji Elibrary NamdhariElibrary@gmail.com

ਦੀ ਪਖਾਵਜ ਕੋਈ ਲੱਭ ਜਾਏਗੀ, ਲੱਭ ਕੇ ਲੈ ਆਉਣੀ, ਸੂਬਾ ਸਰਬਜੀਤ ਸਿੰਘ ਚਾਹ ਕੇ ਵੀ ਅੱਥਰੂ ਨਾ ਰੋਕ ਸਕੇ। ਸਾਡੇ ਪੁੱਛਣ ਤੇ ਉਨ੍ਹਾਂ ਕਿਹਾ, "ਉਸ ਦਿਨ ਮੈਂ ਬੜਾ ਉਦਾਸ ਸੀ। ਬਸ ਬਹਾਨੇ ਨਾਲ ਹੀ ਪੁਜ ਜਾਂਦੇ ਹਨ!" ਉਨ੍ਹਾਂ ਦੇ ਪਿਆਰ ਅਤੇ ਭਗਤੀ ਨੇ ਸਾਨੂੰ ਹੈਰਾਨ ਕੀਤਾ। ਅਸੀਂ ਬਾਹਰ ਆਏ ਤਾਂ ਇਕ ਗਰੀਬੜੀ ਮਾਈ ਚਿੱਟੇ ਕਪੜਿਆਂ ਵਾਲੀ ਨੇ ਅਣਭੋਲ ਸਾਨੂੰ ਪੁਛਿਆ, "ਸੱਚੇ ਪਾਤਸ਼ਾਹ ਅੰਦਰ ਹੀ ਹਨ?"

ਬਾਹਰ ਸੱਚੇ ਪਾਤਸ਼ਾਹ ਕੁਝ ਲੋਕਾਂ ਨੂੰ ਮਿਲ ਰਹੇ ਸਨ। ਅਸੀਂ ਵੀ ਖਲੋ ਗਏ। ਭਰ ਸਰਦੀ ਤੋਂ ਬਾਦ ਹੁਣ ਵੇਖ ਰਹੀ ਸੀ ਉਨ੍ਹਾਂ ਨੂੰ। ਉਹ ਬੜੇ ਸਿੱਧੇ ਖਲੋਤੇ ਫੁਰਤੀਲੇ ਬਜ਼ੁਰਗ ਹਨ। ਇਕ ਮਾਈ ਇਕ ਨੌਜਵਾਨ ਲਿਆਈ ਸੀ ਜਿਸਦੇ ਸਾਰੇ ਸਰੀਰ ਤੇ ਕਾਲੋਂ ਜਿਹੀ ਸੀ। ਸ਼ਾਇਦ ਇਲਾਜ ਤੇ ਆਸ਼ੀਰਵਾਦ ਲੱਭਦੀ ਸੀ। ਸਾਡੀ ਵਾਰੀ ਆਈ ਤਾਂ ਉਨ੍ਹਾਂ ਸੂਬਾ ਜੀ ਨੂੰ ਇਸ਼ਾਰੇ ਨਾਲ ਪੁਛਿਆ ਕਿ ਪਰਸ਼ਾਦਾ ਛਕਾ ਦਿੱਤਾ ਹੈ?

ਉਥੋਂ ਬਾਹਰ ਆਏ ਇਕ ਨੌਜਵਾਨ ਵੱਲ ਉਂਗਲੀ ਕਰ ਸੂਬਾ ਜੀ ਨੇ ਕਿਹਾ ਕਿ ਇਹ ਕੰਪਿਊਟਰ ਤੇ ਬੈਠਦਾ ਹੈ। ਇਹ ਸ਼ਹੀਦਾਂ ਦੇ ਪਰਿਵਾਰ ਵਿਚੋਂ ਹੈ। ਅਸੀਂ "ਰਾਮ ਸਰੋਵਰ" ਵੇਖਿਆ ਜੋ ਨਵੀਂ ਹੀ ਕਲਾ ਨਾਲ ਬਣਿਆ ਹੈ। ਸੁਣਿਆ ਕਿ ਖੁਦਾਈ ਵੇਲੇ ਇਸ ਥਾਂ ਤੋਂ ਹਵਨ ਕੁੰਡ ਨਿਕਲਿਆ ਸੀ। ਘਿਉ ਦੇ ਭਿੱਜੇ ਕੋਲੇ ਆਦਿ। ਇਸ ਮਗਰੋਂ "ਹਰੀ ਮੰਦਰ" ਵੇਖਿਆ ਜਿਥੇ ਰੋਜ਼ ਸਾਝਰੇ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਹੈ। ਸ਼ਹਿਨਾਈ ਅਤੇ ਦਿਲਰੁਬਾ ਨਾਲ। "ਵੇਖਣ ਵਾਲਾ ਨਜ਼ਾਰਾ ਹੁੰਦਾ ਹੈ। ਇਕੋ ਸਤਿਗੁਰੂ ਜਾਗਦਾ ਜਗ ਸੁੱਤਾ ਪਿਆ..."

ਇਸ ਤੋਂ ਬਾਅਦ ਅਸੀਂ ਬਜ਼ੁਰਗ ਲੇਖਕਾਂ ਲਈ ਬਣੇ ਸੁਹਣੇ ਕਮਰਿਆਂ ਵਲ ਗਏ ਜੋ ਕੁਟੀਆਂ ਜਿਹੇ ਲਗਦੇ ਹਨ। ਇਥੇ ਸੁਰਜੀਤ ਖੁਰਸ਼ੀਦੀ ਵੀ ਰਹਿੰਦੇ ਹਨ ਅਤੇ ਪਹਿਲੇ ਪੰਥ ਰਤਨ ਮਾਸਟਰ ਨਿਹਾਲ ਸਿੰਘ ਵੀ। ਸੇਵਾਦਾਰ ਮੌਜੂਦ ਰਹਿੰਦਾ ਹੈ। ਅਧਿਐਨ ਅਤੇ ਆਰਾਮ ਲਈ ਵਧੀਆ ਮਹੌਲ ਹੈ। ਖੁਸ਼ਨੁਮਾ ਰੰਗ ਰੋਗਨ ਹੈ। ਮਾਸਟਰ ਨਿਹਾਲ ਸਿੰਘ ਬਹੁਤ ਹੀ ਬਹੁਰ ਸੁਲਝੀ ਸ਼ਖਸੀਅਤ ਦੇ ਅਤੇ ਅਧਿਐਨ ਦੇ ਮਾਲਿਕ ਲੱਗੇ। ਉਨ੍ਹਾਂ ਪ੍ਰੀਤਲੜੀ ਦੇ ਆਦਰ ਵਿਚ ਖਲੋ ਕੇ ਸਾਡਾ ਸੁਆਗਤ ਕੀਤਾ ਅਤੇ ਕਿਹਾ ਕਿ ਗੁਰਬਖਸ਼ ਸਿੰਘ ਕਰਕੇ ਮੇਰਾ ਮਨ ਚੜ੍ਹਦੀ ਕਲਾ ਵਿਚ ਚਲਾ ਗਿਆ ਸੀ। ਮਾਸਟਰ ਜੀ ਰੇਡਿਓ ਤੇ ਵੀ ਬੋਲਦੇ ਰਹਿੰਦੇ ਹਨ। ਬਾਹਰ ਨਿਕਲੇ ਤਾਂ ਖੁਰਸ਼ੀਦੀ ਜੀ ਮਿਲ ਪਏ, ਟੀਕਾ ਲਵਾ ਕੇ ਆ ਰਹੇ, ਜੋਸ਼ ਨਾਲ ਮਿਲੇ। ਉਨ੍ਹਾਂ ਆਪਣੇ ਅੰਦਾਜ਼ ਵਿਚ ਇਹ ਵੀ ਦੱਸਿਆ ਕਿ ਉਨ੍ਹਾਂ ਦਾ ਅਜੇ ਮਰਨ ਦਾ ਕੋਈ ਇਰਾਦਾ ਨਹੀਂ ਹੈ ਤੇ ਇਥੇ ਰਹਿ ਕੇ ਵੀ ਉਹ ਗੁਰਬਖਸ਼ ਸਿੰਘ ਦੀ ਸੋਚ ਦੇ ਮੁਦਈ ਹਨ ਕਿ ਇਸ ਜਹਾਨ ਤੋਂ ਅਗਾਂਹ ਜਾਂ ਪਿਛਾਂਹ ਕੁਝ ਨਹੀਂ ਹੈ। ਮੈਂ ਜ਼ਿਕਰ ਕੀਤਾ ਕਿ ਪਿਛੇ ਜਿਹੇ ਕਿਸੇ ਰਸਾਲੇ ਵਿਚ ਉਨ੍ਹਾਂ ਬਾਰੇ ਪੜ੍ਹਿਆ ਸੀ ਤਾਂ ਪੁੱਛਣ ਲੱਗੇ ਕਿ ਕੀ ਲਿਖਿਆ ਸੀ? ਮੈਂ ਹੂੰ-ਹਾਂਅ ਕੀਤੀ ਤਾਂ ਕਹਿਣ ਲੱਗੇ--ਲਿਖਿਆ ਹੋਣੈ ਕਿਸੇ ਕਮਲੇ ਲੇਖਕ ਨੇ!

ਅਸੀਂ ਸਤਿਗੁਰੂ ਰਾਮ ਸਿੰਘ ਦਾ ਤਪ ਅਸਥਾਨ ਵੇਖਿਆ, ਉਨ੍ਹਾਂ ਦਾ ਜਨਮ ਅਸਥਾਨ ਵੇਖਿਆ। ਜਨਮ ਸੰਬੰਧੀ ਸਾਖੀ ਵੀ ਸੁਣੀ ਕਿ ਮਾਤਾ ਦੇ ਤਾਂ ਬਾਲ ਵਰਗੀ ਚੀਜ਼ ਨਹੀਂ ਸੀ ਜਨਮੀ ਪਰ ਕਪੜੇ ਪਾਈ ਬਾਲ ਨਾਲ ਮੰਜੇ 'ਤੇ ਪਿਆ ਲੱਭਾ। ਸਾਨੂੰ ਦੱਸਿਆ ਗਿਆ ਕਿ ਉਹ ਯੋਨੀ ਰਸਤੇ ਨਹੀਂ ਸੀ ਜਨਮੇ। ਇਹ ਜਨਮ ਅਸਥਾਨ ਕਿਸੇ ਮਹੰਤ ਦੇ ਹੱਥ ਵਿਚ ਹੁੰਦਾ ਸੀ। ਲੰਮਾ ਮੁਕੱਦਮਾ ਲੜ ਕੇ ਜਿੱਤ ਲਿਆ ਗਿਆ ਹੈ। ਫੇਰ ਵੀ ਮਹੰਤ ਛਡਣਾ ਨਹੀਂ ਸੀ ਚਾਹੁੰਦਾ ਤੇ ਬੇਨਤੀ ਕਰਨ ਆ ਗਿਆ। ਉਸ ਨੂੰ "ਜਦ ਤੱਕ ਜੀਅ ਕਰੇ" ਰਹਿਣ ਦਿੱਤਾ ਗਿਆ। ਜਦੋਂ ਉਹ ਆਪ ਖੁਸ਼ੀ ਨਾਲ ਛੱਡ ਕੇ ਗਿਆ ਤਾਂ ਫੁਹੜਿਆਂ ਸੰਗ ਤੋਰਿਆ ਗਿਆ।

ਇਸ ਤੋਂ ਬਾਦ ਅਸੀਂ ਬਿਰਧ ਘਰ ਦੇਖਣ ਗਏ, ਪਹਿਲਾਂ ਬੀਬੀਆਂ ਵਾਲਾ ਪਾਸਾ ਤੇ ਫੇਰ ਮਰਦਾਂ ਵਾਲਾ। ਮਰਦਾਂ ਵਾਲਾ ਤਾਂ ਨਵਾਂ ਬਣਾ ਲਿਆ ਗਿਆ ਹੈ। ਇਥੇ ਸਤਿਗੁਰੂ ਹਰ ਰੋਜ਼ ਸਵੇਰੇ ਦਰਸ਼ਨ ਦੇਂਦੇ ਹਨ ਤੇ ਹਾਲ ਚਾਲ ਪੁਛਦੇ ਹਨ। ਪ੍ਰਬੰਧ ਦੇਖਦੇ ਹਨ। ਇਕ ਸੰਤ ਗੁਰਦੇਵ ਸਿੰਘ ਦੀ ਦੇਖ ਰੇਖ ਵਿਚ ਸੇਵਾ ਹੁੰਦੀ ਹੈ। ਉਹ ਕਹਿੰਦੇ ਹਨ ਬਜ਼ੁਰਗ ਆਪ ਹੀ ਬੜੀ ਹਿੰਮਤ ਕਰਦੇ ਹਨ। ਭਾਵੇਂ ਰਿੜ੍ਹ ਕੇ ਗੁਸਲਖਾਨੇ ਜਾਣ। ਪਰ ਮੰਜੇ 'ਤੇ ਹੀ ਪਏ ਰਹਿਣ ਵਾਲੇ ਬਜ਼ੁਰਗ ਵੀ ਹਨ। ਇਕ ਬੀਬੀ ਫੁੱਟ ਫੁੱਟ ਕੇ ਰੋ ਪਈ ਕਿ ਬੱਚਿਆਂ ਨੇ ਮੈਨੂੰ ਸੜਕ ਤੇ ਕੱਢ ਦਿਤਾ ਸੀ। ਉਸ ਦੁਆਲੇ ਝੱਟ ਦਿਲਾਸਾ ਦੇਣ ਵਾਲੇ ਜੁੜ ਗਏ ਤੇ ਕਹਿਣ ਲੱਗੇ, "ਸਤਿਗੁਰੂ ਨੇ ਤਾਂ ਨਹੀਂ ਨਾ ਧੱਕਾ ਦਿੱਤਾ? ਹੌਸਲਾ ਕਰ!" ਸਤਿਗੁਰੂ ਇਨ੍ਹਾਂ ਨੂੰ ਹੱਸ ਕੇ "ਬੁਢਿਆਂ ਦੀ ਫ਼ੌਜ" ਕਹਿੰਦੇ ਹਨ।

ਲੁਧਿਆਣੇ ਦੇ ਹਸਪਤਾਲਾਂ ਵਿਚ ਮਸ਼ਹੂਰ ਹੈ ਕਿ ਜੇ ਕਿਸੇ ਕੋਲ ਇਲਾਜ ਜੋਗੇ ਪੈਸੇ ਨਹੀਂ ਹਨ ਤਾਂ ਉਸ ਨੂੰ ਡਾਕਟਰ ਭੈਣੀ ਸਾਹਿਬ ਦੇ ਰਾਹ ਪਾ ਦਿੰਦੇ ਹਨ। ਲੱਖਾਂ ਹੀ ਰੁਪਏ ਇਸ ਕੰਮ 'ਤੇ ਲੱਗਦੇ ਹਨ।

ਇਸ ਤੋਂ ਬਾਅਦ ਅਸੀਂ ਗਊਸ਼ਾਲਾ ਗਏ। ਇਥੇ ਵੀ ਸਤਿਗੁਰੂ ਰੋਜ਼ ਦਰਸ਼ਨ ਦੇਂਦੇ ਹਨ। ਗਾਵਾਂ ਨੂੰ ਨਾਂ ਨਾਲ ਬੁਲਾਉਂਦੇ ਹਨ ਤਾਂ ਆ ਜਾਂਦੀਆਂ ਹਨ। ਸਰਸੁਤੀ, ਗੋਮਤੀ ਆਦਿ ਨਾਂ ਹਨ। ਸਾਹੀਵਾਲ ਦੀ ਨਸਲ। ਆਪ ਸੇਵਾ ਕਰਦੇ ਹਨ, ਕਦੇ ਗੁੜ ਛਕਾਉਣਗੇ, ਕਦੇ ਤੂੜੀ ਦੀ ਸੇਵਾ ਕਰਦੇ ਹਨ।

ਲੰਗਰ ਵਿਚ ਵੀ ਕਦੇ ਵਰਤਾਉਣ, ਕਦੇ ਭਾਂਡੇ ਮਾਂਜਣ ਕਦੇ ਦਾਲਾ ਚੁਗਣ ਦੀ ਸੇਵਾ ਕਰਦੇ ਹਨ। (ਰਸੋਈ ਦੇ ਕੁਝ ਲਾਂਗਰੀ ਉਂਝ ਸੰਗੀਤ ਸਿੱਖ ਰਹੇ ਹਨ ਭੈਣੀ ਸਾਹਿਬ)।

"ਦੇਸ਼ ਧਰਮ ਗਊ ਗਰੀਬ ਦੇ ਰਾਖੇ ਹੁੰਦੇ ਹਨ ਸਤਿਗੁਰੂ—।"

ਫਿਰਦਿਆਂ ਤੁਰਦਿਆਂ ਵਿਸ਼ਵ ਨਾਮਧਾਰੀ ਇਸਤ੍ਰੀ ਵਿਦਿਅਕ ਜੱਥੇ ਦੀ ਸਰਪ੍ਰਸਤ ਲੀਡਰ ਬੀਬੀ ਮਿਲੀ। ਅਗਲੇ ਦਿਨ ਬਸੰਤ ਪੰਚਮੀ ਕਾਰਨ ਇਹ ਸਭ ਲੋਕ ਆਏ ਹੋਏ ਹਨ। ਉਨ੍ਹਾਂ ਆਪਣੇ ਜਥੇ ਵਲੋਂ ਔਰਤਾਂ, ਕੁੜੀਆਂ ਨੂੰ ਦਿਤੀ ਜਾਂਦੀ ਧਰਮ ਸਿੱਖਿਆ, ਗ੍ਰਹਿਸਥ ਸਿਖਿਆ ਆਦਿ ਬਾਰੇ ਦੱਸਿਆ। ਸੁਆਲਾਂ ਸ਼ੰਕਾਵਾਂ ਦੇ ਜੁਆਬ ਸਤਿਗੁਰੂ ਪੂਰਾ ਸਮਾਂ ਲਾ ਕੇ ਦਿੰਦੇ ਹਨ। ਇਹ ਬੀਬੀ ਕੈਂਪ ਆਦਿ ਲਵਾਉਂਦੇ ਹਨ 'ਤੇ ਦੌਰੇ 'ਤੇ ਰਹਿੰਦੇ ਹਨ। ਮਿਨੀ ਕੈਂਪ ਵੀ ਹੁੰਦੇ ਹਨ ਤੇ ਸਾਲਾਨਾ ਕੈਂਪ ਵੀ। ਇਸੇ ਤਰ੍ਹਾਂ ਨੌਜਵਾਨ ਮੁੰਡਿਆਂ ਲਈ ਵੀ ਵਿਦਿਅਕ ਜੱਥੇ ਹਨ। ਪਾਠ ਕਰਨ ਤੇ ਨਾਮ ਸਿਮਰਨ ਆਦਿ ਦੇ ਮੁਕਾਬਲੇ ਹੁੰਦੇ ਹਨ।

ਰਾਈਆਂ (ਜਨਮ ਸਥਾਨ ਸਤਿਗੁਰੂ ਰਾਮ ਸਿੰਘ) ਵੀ ਅਖੰਡ ਪਾਠ ਚਲਦਾ ਹੈ।



Sri Satguru Jagjit Singh Ji Elibrary NamdhariElibrary@gmail.com

ਇਥੇ ਆਦਿ ਗ੍ਰੰਥ (ਗੁਰੂ ਗ੍ਰੰਥ) ਦੇ ਨਾਲ ਦਸਮ ਗ੍ਰੰਥ ਵੀ ਪਿਆ ਹੁੰਦਾ ਹੈ। ਜਪੁਜੀ ਸਾਹਿਬ ਵੀ। ਧੂਪ, ਜੋਤ, ਕੁੰਭ ਸਣੇ ਪਾਠ।

ਅਸੀਂ ਨਾਮਧਾਰੀ ਸਪੋਰਟਸ ਅਕੈਡਮੀ ਦੇਖੀ ਜਿਥੇ ਇਕੋ ਜਿਹੇ ਮੁੰਡਿਆਂ (10-12) ਸਾਲ ਦੀ ਟੀਮ ਤਿਆਰ ਕੀਤੀ ਜਾ ਰਹੀ ਹੈ। ਸਤਿਗੁਰੂ ਨੇ ਇਸ ਉਮਰ ਦੇ ਮੁੰਡੇ ਮੰਗੇ, "ਲੋਕਾਂ ਢੇਰ ਲਾ ਦਿੱਤੇ।" ਇਹ ਬੱਚੇ ਆਦਰਸ਼ ਮਹੌਲ ਵਿਚ ਖੇਡ ਸਿਖ ਰਹੇ ਹਨ ਤੇ ਪੜ੍ਹ ਰਹੇ ਹਨ। ਸਿਹਤਮੰਦ, ਮਰਯਾਦਾ ਵਿਚ ਰਹਿਣ ਵਾਲੇ ਬੱਚੇ ਵੇਖ ਕੇ ਮਨ ਖੁਸ਼ ਹੋ ਜਾਂਦਾ ਹੈ।

ਰਹਿਰਾਸ ਦਾ ਸਮਾਂ ਹੋ ਗਿਆ ਸੀ। ਸਤਿਗੁਰੂ ਧੁੱਪ ਵਿਚ ਬੈਠੇ ਸਨ। ਝਾਲਰਦਾਰ ਛਤਰੀ ਥੱਲੇ। ਸਾਮ੍ਹਣੇ ਹਜ਼ੂਰੀ ਰਾਗੀ ਅਤੇ ਵਜੰਤਰੀ ਸਨ। ਬੜਾ ਸੁਹਣਾ ਸਮਾ ਬੱਝਾ ਹੋਇਆ ਸੀ। ਇਕ ਪਾਸੇ ਚਉਰ ਵਾਲਾ ਦੂਜੇ ਪਾਸੇ ਸਿਤਾਰ ਵਾਲਾ। ਲੋਕ ਪੈਸੇ ਨਾਲ ਮੱਥਾ ਟੇਕਦੇ ਸਨ ਜੋ ਉਹ ਦੇਖਦੇ ਨਹੀਂ ਸਨ। ਆਨੰਦ ਭਰਿਆ ਮਾਹੌਲ ਸੀ। ਸ਼ਬਦ ਸੀ "ਅੰਧਿਆਰੇ ਦੀਪਕ ਕਹੀਏ।" ਅਚਾਨਕ ਸਤਿਗੁਰੂ ਵੀ ਗਾਉਣ ਲੱਗ ਪੈਂਦੇ ਤੇ ਹਜ਼ੂਰੀ ਰਾਗੀ ਚੁਪ ਕਰ ਜਾਂਦੇ। ਉਹ ਖਿੜੇ ਆਪਣੇ ਖਾਸ ਹੁਨਰ ਦਾ ਜਲੌਅ ਦਿਖਾਂਦੇ। ਮੁੜ ਰਾਗੀ ਇਸੇ ਨੂੰ ਦੁਹਰਾਉਂਦੇ। ਤਬਲੇ ਵਾਲੇ ਨੂੰ ਸਮੇਂ ਸਿਰ ਤੇ ਸਮੇਂ ਪੁੱਜਣ ਲਈ ਹੱਸ ਕੇ ਵੰਗਾਰਦੇ। ਮਸਤੀ ਛਾ ਰਹੀ ਸੀ। ਇਕ ਬਜ਼ੁਰਗ ਔਰਤ ਮੇਰੇ ਲਾਗੇ ਬੈਠੀ ਪੁੱਛਣ ਲੱਗੀ—"ਸ਼ਬਦ ਲਿਖ ਰਹੇ ਹੋ?" ਮੈਂ ਕਿਹਾ "ਨਹੀਂ ਜੀ, ਅਖਬਾਰ ਵਿਚ ਕੰਮ ਕਰਦੀ ਹਾਂ। ਤੁਸੀਂ ਕਦੋਂ ਤੋਂ ਏਥੇ ਹੋ? "ਕੀ ਕਰਨਾ ਯਾਦ ਕਰਕੇ?" ਉਸ ਕਿਹਾ, "ਭਜਨ ਬੰਦਗੀ ਕਰੀਦੀ ਹੈ।" ਮਿੱਠੀ ਬਹਾਰ ਵਿਚ ਸਭ ਇਕ ਮਿੱਠੀ ਸ਼ਖਸੀਅਤ ਦੁਆਲੇ ਬੈਠੇ ਸਨ ਤੇ ਰੁੱਤ ਦਾ ਰਾਗ ਗੌਂਵਿਆ ਜਾ ਰਿਹਾ ਸੀ। ਕਦੇ ਉਹ ਕੋਈ ਮਿੱਠਾ ਮਜਾਕ ਕਰਦੇ ਤਾਂ ਆਸ ਪਾਸ ਦੇ ਨਿਹਾਲ ਹੋ ਹੱਸ ਪੈਂਦੇ। ਮੁੜ, ਕਾਸ਼ੀ ਤੋਂ ਆਏ ਕੁਝ ਪੰਡਿਤਾਂ ਨੂੰ ਤੇ ਸਾਨੂੰ ਉਹ ਖਲੋਤਿਆਂ ਹੀ ਮਿਲੇ। ਕਾਸ਼ੀ ਵਾਰਾਨਸੀ ਵਿਚ ਪੀਠ ਬਣੀ ਹੈ ਸਤਿਗੁਰੂ ਰਾਮ ਸਿੰਘ ਦੀ। "ਚੇਅਰ" ਸਤਿਗੁਰੂ ਨੇ ਮੇਰੇ ਵੱਲ ਵੇਖ ਕੇ ਇਕਸਾਰਤਾ ਨਾਲ ਕਿਹਾ। ਫੇਰ ਅਸੀਂ ਉਨ੍ਹਾਂ ਨੂੰ ਬੈਡਮਿੰਟਨ ਖੇਡਦਿਆਂ ਵੇਖਿਆ। ਨੀਲੋਂ ਨਹਿਰ ਤੇ ਤਰਨ ਦੀ ਗੱਲ ਸੁਣੀ। ਇਸ ਤੋਂ ਛੇਤੀ ਬਾਅਦ ਅਸੀਂ ਵਾਪਿਸ ਆ ਗਏ।

ਸਤਿਗੁਰੂ ਦੀ ਸ਼ਖਸੀਅਤ ਬਾਰੇ ਜੋ ਸੁਣਿਆ ਤੇ ਦੇਖਿਆ ਉਸ ਤੋਂ ਜੋ ਬਿੰਬ ਬਣਿਆ ਉਹ ਦੋ ਤਿੰਨ ਦਿਨ ਸਾਮ੍ਹਣੇ ਆਉਂਦਾ ਰਿਹਾ। ਇਕ ਦਿਨ ਲਫ਼ਜ਼ ਸੁੱਝੇ ਉਨ੍ਹਾਂ ਬਾਰੇ ਜੋ ਲਿਖ ਰਹੀ ਹਾਂ:

ਕੀ ਤੁਸੀਂ ਕਦੇ ਮੁਕੰਮਲ ਧੂਪ ਨੂੰ ਸਰੀਰ ਧਾਰਦਿਆਂ ਵੇਖਿਆ ਹੈ? 'ਕੁਝ ਨਹੀਂ" ਨੂੰ? ਸ਼ਾਂਤ ਚਿੱਤਤਾ ਨੂੰ? ਆਤਮਾ ਨੂੰ? ਮਨੁੱਖ ਦੇ ਅਚੇਤ ਦਾ ਮੂੰਹ ਦੇਖਣਾ ਚਾਹੁੰਦੇ ਹੋ? ਇਕ ਸੁਚੇਤ ਤੇ ਸੁਲਝੇ ਇਨਸਾਨ ਦਾ? ਸ੍ਵੈ ਕਾਬੂ ਵਾਲੇ? ਕੀ ਤੁਸੀਂ ਸੁਰ ਤੇ ਸੁਰ-ਮਾਲ ਦਾ ਇਨਸਾਨੀ ਰੂਪ ਵੇਖਣਾ ਚਾਹੁੰਦੇ ਹੋ? ਚੋਜ ਤੇ ਵਿਨੋਦ ਦਾ? ਤਾਂ ਉਹ ਸਤਿਗੁਰੂ ਜਗਜੀਤ ਸਿੰਘ ਵਰਗਾ ਹੀ ਹੋ ਸਕਦਾ ਹੈ। ਜੋ ਇਕ ਜਿੰਮੇਵਾਰ ਗੱਦੀ ਤੇ ਬਹਿ "ਗੰਭੀਰਤਾ ਵਿਚ ਚਲੇ ਗਏ" ਸਨ।

**ਮੁਲਾਕਾਤ:**
**ਸਾਬਕਾ ਮੁੱਖ ਮੰਤ੍ਰੀ ਮਰਹੂਮ ਬੇਅੰਤ ਸਿੰਘ ਨਾਲ**

*— ਨਾਮਧਾਰੀ ਪੰਥ ਨਾਲ ਸਾਂਝ ਮੇਰੀ ਜਨਮ ਤੋਂ ਹੀ ਹੈ। ਸ੍ਰੀ ਭੈਣੀ ਸਾਹਿਬ ਜੋੜ ਮੇਲਿਆਂ ਤੇ ਅਤੇ ਉਂਝ ਵੀ ਮੈਂ ਸਤਿਗੁਰੂ ਜੀ ਦੇ ਦਰਸ਼ਨ ਕਰਨ ਬਹੁਤ ਦੇਰ ਤੋਂ ਆਉਂਦਾ ਜਾਂਦਾ ਰਿਹਾ ਹਾਂ। ਸਤਿਗੁਰੂ ਸਹਿਬਾਨ ਹਮੇਸ਼ਾ ਹੀ ਮੇਰੇ ਪ੍ਰੇਰਨਾ ਸਰੋਤ ਰਹੇ ਹਨ ਤੇ ਪਥ ਪ੍ਰਦਰਸ਼ਕ ਵੀ। ਉਨ੍ਹਾਂ ਦੇ ਉੱਚੇ ਸੁੱਚੇ ਜੀਵਨ ਨੇ ਸਦਾ ਮੈਨੂੰ ਅਗਾਂਹ ਵਧਣ ਲਈ ਉਤਸ਼ਾਹਤ ਕੀਤਾ ਹੈ।*

*— ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਕੁਝ ਕਹਿਣਾ ਮੇਰੇ ਵਿਤੋਂ ਬਾਹਰ ਦੀ ਗੱਲ ਹੈ। ਉਹ ਤਾਂ ਸਾਗਰ ਹਨ। ਸਤਿਗੁਰੂ ਜੀ ਦੇ ਕੀਤੇ ਕੰਮਾਂ ਨੂੰ ਵੇਖਦਿਆਂ ਹੈਰਾਨ ਹੋਈਦਾ ਹੈ ਕਿ ਕਿਵੇਂ ਉਹ ਵੱਡੀਆਂ ਵੱਡੀਆਂ ਸਮੱਸਿਆਵਾਂ ਬਹੁਤ ਸੌਖ ਨਾਲ ਹੱਲ ਕਰ ਲੈਂਦੇ ਹਨ। ਮੈਂ ਹੀ ਨਹੀਂ ਸਾਰੇ ਲੀਡਰ ਸਹਿਬਾਨ ਵੀ ਹਮੇਸ਼ਾਂ ਸਤਿਗੁਰੂ ਜੀ ਤੋਂ ਰਹਿਨੁਮਾਈ ਲੈਂਦੇ ਰਹੇ ਹਨ। ਕਿਵੇਂ ਉਹ ਇੱਕੋ ਵਕਤ ਕਈ ਵਿਖਮ ਮੁਹਾਜਾਂ ਤੇ ਕੰਮ ਕਰਦੇ ਹਨ, ਵੇਖ ਕੇ ਸਾਡਾ ਉਤਸ਼ਾਹ ਵਧਦਾ ਹੈ।*

*— ਇਹੋ ਜਿਹੇ ਸ਼ਹੀਦ ਜੋ ਨੱਠ ਨੱਠ ਕੇ ਤੋਪਾਂ ਅੱਗੇ ਉਡੇ ਹੋਣ, ਜਿਨ੍ਹਾਂ ਆਪ ਅਦਾਲਤ ਵਿਚ ਹਾਜ਼ਰ ਹੋ ਇਕਬਾਲੀਆਂ ਬਿਆਨ ਦਿੱਤੇ ਹੋਣ। ਜੋ ਆਪ ਗਲਾਂ ਵਿਚ ਰੱਸੇ ਪਾ ਸ਼ਹੀਦ ਹੋਏ ਹੋਣ, ਉਨ੍ਹਾਂ ਦਾ ਸਾਨੀ ਕੌਣ ਹੋ ਸਕਦਾ ਹੈ? ਇਤਿਹਾਸ ਵਿੱਚ ਉਨ੍ਹਾਂ ਦਾ ਸਥਾਨ ਬਹੁਤ ਉਚਾ ਅਤੇ ਸੁੱਚਾ ਹੈ। ਸ਼ਹੀਦ ਕਿਸੇ ਵੀ ਕੌਮ ਦਾ ਸਰਮਾਇਆ ਹੁੰਦੇ ਹਨ। ਉਨ੍ਹਾਂ ਦੀਆਂ ਯਾਦਗਾਰਾਂ ਆਉਣ ਵਾਲੀਆਂ ਨਸਲਾਂ ਲਈ ਮਾਣ ਦੀ ਗੱਲ ਹੁੰਦੀ ਹੈ। ਨਾਮਧਾਰੀ ਸ਼ਹੀਦਾਂ ਨੇ ਦੇਸ਼ ਦੀ ਸੁਤੰਤਰਤਾ ਲਈ ਕੁਰਬਾਨੀਆਂ ਦਿੱਤੀਆਂ ਸਨ। ਮੈਂ ਜਦੋਂ ਵੀ ਮਲੇਰ ਕੋਟਲੇ ਥਾਣੀ ਲੰਘਦਾ ਸਾਂ, ਨਾਮਧਾਰੀ ਸ਼ਹੀਦਾਂ ਨੂੰ ਯਾਦ ਕਰ ਲੈਂਦਾ ਸੀ। ਸ਼ਹੀਦਾਂ ਦੀਆਂ ਯਾਦਗਾਰਾਂ ਬਨਾਉਣੀਆਂ, ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੀ ਹੈ।*

*— ਨਾਮਧਾਰੀ ਹੀ ਤਾਂ ਹਨ ਜਿਨ੍ਹਾਂ ਨੇ ਸ਼ੁੱਧ ਸਿੱਖੀ ਮਰਯਾਦਾ ਅਤੇ ਸਰੂਪ ਸੰਭਾਲ ਕੇ ਰੱਖੇ ਹੋਏ ਹਨ। ਇਨ੍ਹਾਂ ਕੋਲ ਕਹਿਣੀ ਵੀ ਹੈ ਤੇ ਕਰਨੀ ਵੀ। ਇਨ੍ਹਾਂ ਸਾਰੇ ਗੁਰੂਆਂ ਦਾ ਵਿਰਸਾ ਸੰਭਾਲ ਕੇ ਰੱਖਿਆ ਹੋਇਆ ਹੈ। ਅੱਜ ਦੇ ਸਮੇਂ ਵਿੱਚ ਨਾਮਧਾਰੀ ਹੀ ਹਨ ਜੋ ਸ਼ਾਕਾਹਾਰੀ ਤਾਂ ਹਨ ਹੀ, ਨਾਲ ਨਾਲ ਸਾਦਗੀ ਵੀ ਇਨ੍ਹਾਂ ਕੋਲ ਹੀ ਹੈ।*

*— ਨਾਮਧਾਰੀ ਸੰਪਰਦਾ ਨੇ ਆਜ਼ਾਦੀ ਤੋਂ ਪਹਿਲਾਂ ਆਜ਼ਾਦੀ ਸੰਘਰਸ਼ਾਂ ਵਿਚ ਪੂਰੀ ਤਨਦੇਹੀ ਨਾਲ ਯੋਗਦਾਨ ਪਾਇਆ ਅਤੇ ਨਾਲ ਹੀ ਅੰਗ੍ਰੇਜ਼ ਹਾਕਮਾਂ ਨਾਲ ਪੂਰਨ ਨਾ-ਮਿਲਵਰਤਨ ਅਤੇ ਬਾਈਕਾਟ ਰੱਖਿਆ। ਜਿਸ ਕਾਰਨ ਇਹ ਵਿੱਦਿਆ ਅਤੇ ਹੋਰ ਸਰਕਾਰੀ ਸਹੂਲਤਾਂ ਤੋਂ ਵਿਰਵੇ ਰਹੇ। ਪਰ ਫਿਰ ਵੀ ਇਨ੍ਹਾਂ ਆਪਣੇ ਉੱਦਮ ਨਾਲ ਸਮਾਜ ਵਿੱਚ ਆਪਣਾ ਯੋਗ ਸਥਾਨ ਬਣਾ ਲਿਆ ਹੈ।*

*(ਪੁਸਤਕ "ਬੇਅੰਤ ਪਾਤਸ਼ਾਹ " ਵਿਚੋਂ)*



Sri Satguru Jagjit Singh Ji Elibrary NamdhariElibrary@gmail.com



(ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇਸ਼ ਨਿਕਾਲੇ ਸਮੇਂ ਕਲਕੱਤੇ ਬੰਦਰਗਾਹ ਤੋਂ ਮਾਰਚ 1872 ਨੂੰ ਬਰਮਾ ਜਾਂਦੇ ਹੋਏ)



(ਨਾਮਧਾਰੀ ਸਿੱਖ ਅੰਮ੍ਰਿਤਸਰ ਵਿਚ 15 ਸਤੰਬਰ, 1871 ਨੂੰ ਫਾਂਸੀ ਦੇ ਰੇਸ਼ਮੀ ਰਸਿਆਂ ਨੂੰ ਆਪਣੇ ਗਲਾਂ ਵਿਚ ਪਾਉਂਦੇ ਹੋਏ ।।







NAMDHARI SEEDS



THE SEEDS FOR A BETTER FUTURE

NAMDHARI SEEDS P. LTD.
BIDADI 562 109, BANGALORE, INDIA.
PHONE : BIDADI 08117 - 82242
BANGALORE - 91-80-2210987 FAX : 91 - 80 2276880



Ingh Ji El